INTERNATIONAL MAGAZINE

RNI No. 61816/95

Postal Regd. No. CHD/0081/2018-20


Date of Publishing : 23/12/2017
Page No. From 1 to 68
Date of Posting 31/12/2017
Last Date of Every Month
Posted by MBU

30/-

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਜਨਵਰੀ 2018



## ਟੂਟੀ ਗਾਢਨਹਾਰ ਗੋੁਪਾਲ॥...

ਖਿਦਰਾਣੇ ਦੀ ਢਾਬ (ਸ੍ਰੀ ਮੁਕਤਸਰ ਸਾਹਿਬ) ਵਿਖੇ, ਬਖਸ਼ਿੰਦ ਸਤਿਗੁਰੂ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਬੇਦਾਵਾ ਫਾੜ ਕੇ ਭਾਈ ਮਹਾਂ ਸਿੰਘ ਨੂੰ ਆਖਰੀ ਸਮੇਂ, ਆਪਣੀ ਪਿਆਰੀ ਗੋਦ ਦਾ ਨਿੱਘ ਦੇ ਕੇ ਟੂਟੀ ਗੰਢਦੇ ਹੋਏ।

# ਆਤਮ ਮਾਰਗ

ਸਾਲ-ਤੇਈਵਾਂ, ਮਹੀਨਾ-ਜਨਵਰੀ, 2018

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ**
ਸੰਤ ਬਾਬਾ ਲਖਬੀਰ ਸਿੰਘ ਜੀ

ਐਡੀਟਰ-ਇਨ-ਚੀਫ
ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ
ਭਾਈ (ਡਾ.) ਸੁਖਵਿੰਦਰ ਸਿੰਘ

ਚੀਫ ਐਡੀਟਰ
ਡਾ. ਜਗਜੀਤ ਸਿੰਘ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਰੀਕ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379,

Email :atammarg1@yahoo.co.in

Postal Address for any Enquiry, Money Order, Cheque and drafts :

'ATAM MARG' MAGAZINE
Gurdwara Ishar Parkash, Ratwara Sahib (New Chandigarh) P.o. Mullanpur Garibdas, Teh. Kharar, Distt. S.A.S Nagar (MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 300/- | 3000/- | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


Please visit us on internet at :-
For Atam Marg Email : atammarg1@yahoo.co.in,
Website & Live video -
www.ratwarasahib.in
www.ratwarasahib.org } (Every sunday)

Email :sratwarasahib.in@gmail.com

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਬਾਬਾ ਸਤਨਾਮ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪਨੂੰ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ ਮੈਗਜ਼ੀਨ (ਪੰਜਾਬੀ ਅਤੇ ਹਿੰਦੀ) 9417214391, 84378-12900, 9417214379,
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (CBSE) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ : 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (P.B.) 95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ : 92176-93845
6. ਇੰਟਰਨੈਸ਼ਨਲ ਡੀਵਾਇਨ ਸਕੂਲ ਆਫ ਨਰਸਿੰਗ 94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ 94172-14382
8. ਅਕਾਲ ਬਿਰਧ ਆਸ਼ਰਮ : 98157-28220

## ਵਿਸ਼ੇਸ਼ ਜਾਣਕਾਰੀ ਲਈ

| | | |
|---|---|---|
| ਸ੍ਰੀ ਮਾਨ ਜੀ | - | 98551-32009 |
| ਸ੍ਰੀ ਅਖੰਡਪਾਠ ਸਾਹਿਬ ਸੇਵਾ | - | 94647-12900 |
| ਆਡੀਓ-ਵੀਡੀਓ ਲਾਇਬ੍ਰੇਰੀ | - | 98728-14385 |
| | | 98555-28517 |
| ਕੇਬਲ ਟੀ.ਵੀ ਨੈਟਵਰਕ | - | 94172-14385 |

**ਹੋਰ ਸੰਪਰਕ ਨੰਬਰ**

98889-10777, 96461-01996, 9417214381

## ਤੱਤਕਰਾ


| | | |
|---|---|---|
| 1. | ਸੰਪਾਦਕੀ | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | ਬਾਰਹਮਾਹਾ | 7 |
| | *ਡਾ. ਜਗਜੀਤ ਸਿੰਘ* | |
| 3. | ਬਾਬਾਣੀਆਂ ਕਹਾਣੀਆਂ | 11 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | ਸ੍ਰੀ ਗੁਰੂ ਨਾਨਕ ਦੇਵ ਜੀ | 13 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | ਧਰਮ ਹੇਤ ਸਾਕਾ ਜਿਨ ਕੀਆ | 17 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 6. | ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ॥ | 25 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 7. | ਇੰਗਲੈਂਡ ਸੰਗਤ ਟੀ.ਵੀ. 'ਤੇ ਇੰਟਰਵਿਊ | 44 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 8. | ਟੂਟੀ ਗਾਢਨਹਾਰ ਗੋਪਾਲ...... | 48 |
| | *ਡਾ. ਜਗਜੀਤ ਸਿੰਘ* | |
| 9. | ਗੁਰੂ ਗੋਬਿੰਦ ਸਿੰਘ ਰਚਿਤ - ਜ਼ਫਰਨਾਮਾ | 50 |
| | *ਸ. ਨਿਰੰਜਨ ਸਿੰਘ ਨੂਰ* | |
| 10. | ਗੁਰੂ ਨਾਨਕ ਆਗਮਨ | 52 |
| | *ਡਾ. ਭਾਈ ਵੀਰ ਸਿੰਘ ਜੀ* | |
| 11. | ਗੁਰਬਾਣੀ ਅਰਥ-ਭੰਡਾਰ | 55 |
| | *ਸੰਤ ਹਰੀ ਸਿੰਘ ਜੀ, ਰੰਧਾਵੇ ਵਾਲੇ* | |
| 12. | ਨੌਂ ਰਤਨ - ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ | 57 |
| | *ਗਿਆਨੀ ਮੇਹਰ ਸਿੰਘ* | |
| 13. | ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ | 61 |
| | *ਡਾ. ਸਵਾਮੀ ਰਾਮ ਜੀ* | |
| 14. | ਵਿਸ਼ੇਸ਼ ਜਾਣਕਾਰੀ :- ਅਸਥਾਨ 'ਤੇ ਪ੍ਰੋਗਰਾਮ, ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਆਤਮ ਮਾਰਗ ਮੈਂਬਰਸ਼ਿਪ ਫਾਰਮ, ਹਸਪਤਾਲ ਅਤੇ ਪੁਸਤਕ ਸੂਚੀ | 63 |

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*

*ਟੂਟੀ ਗਾਢਨਹਾਰ ਗੁੋਪਾਲ ॥*
*ਸਰਬ ਜੀਆ ਆਪੇ ਪ੍ਰਤਿਪਾਲ ॥ ਅੰਗ- ੨੮੨*

*ਅੰਗੀਕਾਰੁ ਕੀਓ ਪ੍ਰਭਿ ਅਪੁਨੈ ਭਗਤਨ ਕੀ ਰਾਖੀ ਪਾਤਿ ॥*
*ਨਾਨਕ ਚਰਨ ਗਹੇ ਪ੍ਰਭ ਅਪਨੇ ਸੁਖੁ ਪਾਇਓ ਦਿਨ ਰਾਤਿ ॥*
*ਅੰਗ- ੬੮੧*

*ਅਪਨੇ ਦਾਸ ਕਾ ਹਲਤੁ ਪਲਤੁ ਸਵਾਰੈ ॥*
*ਪਤਿਤ ਪਾਵਨ ਪ੍ਰਭ ਬਿਰਦੁ ਤਮ੍ਹਾਰੈ ॥ ਅੰਗ- ੮੬੬*

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ ॥ ਅੰਗ- ੫੪੪*

ਇਲਾਹੀ ਬਾਣੀ ਦੀਆਂ ਉਪਰੋਕਤ ਤੁਕਾਂ ਤੋਂ ਸਮਰੱਥ ਸਤਿਗੁਰੂ ਦੀ ਵਡਿਆਈ ਅਤੇ ਉਸ ਦੇ ਬਖਸ਼ਣਹਾਰ ਸੁਭਾਅ ਦੀ ਝਲਕ ਪ੍ਰਤੱਖ ਨਜ਼ਰ ਆ ਰਹੀ ਹੈ। ਸਿੱਖ ਦੇ ਔਗੁਣਾਂ ਨੂੰ ਨਾ ਚਿਤਾਰ ਕੇ ਆਪਣਾ ਬਿਰਦ ਪਾਲਦੇ ਹੋਏ ਉਸ ਦਾ ਹਲਤ ਪਲਤ ਸੰਵਾਰ ਦੇਣ ਵਾਲੇ ਹਨ ਕੇਵਲ ਤੇ ਕੇਵਲ ਸਮਰੱਥ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ।

ਕੁਦਰਤ ਵਲੋਂ ਸਿਰਜਿਆ ਹਰ ਸਮਾਂ ਇਤਿਹਾਸ ਦੀ ਬੁੱਕਲ ਵਿਚ ਨਵਾਂ ਸੁਨੇਹਾ ਸਾਂਭ ਕੇ ਰੱਖਦਾ ਹੈ। ਸਦੀ ਤੇ ਦਹਾਕਿਆਂ ਦੀ ਵੰਡ ਸਾਲਾਂ ਰਾਹੀਂ ਕੀਤੀ ਜਾਂਦੀ ਹੈ। ਸਾਲਾਂ ਦੀ ਵੰਡ ਮਹੀਨਿਆਂ, ਮਹੀਨਿਆਂ ਦੀ ਹਫਤਿਆਂ, ਹਫਤਿਆਂ ਦੀ ਦਿਨਾਂ, ਦਿਨਾਂ ਦੀ ਘੰਟਿਆਂ ਤੇ ਘੰਟਿਆਂ ਦੀ ਮਿੰਟਾਂ-ਸਕਿੰਟਾਂ ਰਾਹੀਂ ਕੀਤੀ ਜਾਂਦੀ ਹੈ। ਇਨ੍ਹਾਂ ਤੋਂ ਵੀ ਸਮੇਂ ਦੀ ਛੋਟੀ ਇਕਾਈ ਪਲ, ਚਸੁਏ ਤੇ ਵਿਸੁਏ ਮੰਨੇ ਗਏ ਹਨ। ਬਹੁਤ ਸਾਰਾ ਲੰਘ ਚੁਕੇ ਸਮੇਂ ਨੇ ਆਪਣੀ ਬੁੱਕਲ ਵਿਚ ਸਮੋਇਆ ਹੋਇਆ ਹੈ। ਇਸ ਦੇ ਹਵਾਲੇ ਨਾਲ ਜਦੋਂ ਸ਼ਾਨਾਂ ਮੱਤੇ ਸਿੱਖ ਇਤਿਹਾਸ ਨੂੰ ਗਹੁ ਨਾਲ ਵੇਖਿਆ ਜਾਵੇ ਤਾਂ ਬਹੁਤ ਸਾਰੇ ਮਾਨਵਤਾ ਨੂੰ ਸੇਧ ਬਖਸ਼ਣ ਵਾਲੇ ਤੱਤਾਂ ਦੀ ਰੂਪਮਾਨਤਾ ਝਲਕਾਰੇ ਮਾਰਦੀ ਹੈ। ਭਾਰਤੀ ਮੌਸਮ ਵਿਗਿਆਨੀਆਂ ਅਨੁਸਾਰ ਦੋ-ਦੋ ਮਹੀਨੇ ਦੀਆਂ ਛੇ ਰੁੱਤਾਂ ਸਾਲ ਦੀਆਂ ਮੰਨੀਆਂ ਗਈਆਂ ਹਨ। ਅੰਗਰੇਜ਼ੀ ਮਹੀਨਿਆਂ ਦੇ ਹਿਸਾਬ ਨਾਲ ਦੇਖੀਏ ਕਿ ਇਨ੍ਹਾਂ ਅਨੁਸਾਰ ਸਾਲ ਦਾ ਆਰੰਭ ਜਨਵਰੀ ਤੋਂ ਹੁੰਦਾ ਹੈ। ਸ਼ਾਨਾਂ ਮੱਤੇ ਇਤਿਹਾਸ ਦੇ ਗੌਰਵਮਈ ਵਿਰਸੇ ਦਾ ਸੁਨੇਹਾ ਦੇਣ ਆ ਰਿਹਾ ਹੈ ਆਉਣ ਵਾਲਾ ਮਹੀਨਾ ਹੈ ਜਨਵਰੀ। ਜਨਵਰੀ ਤੇ ਫਰਵਰੀ ਠੰਡ, ਕੋਰੇ ਦੀ ਰੁੱਤ ਮੰਨੀ ਗਈ ਹੈ। ਗਹੁ ਨਾਲ ਸਿੱਖ ਇਤਿਹਾਸ ਵਲ ਨਜ਼ਰ ਮਾਰੀਏ ਕਿ ਜਨਵਰੀ ਦੇ ਮਹੀਨੇ ਮਾਘੀ ਵਾਲੇ ਦਿਨ ਕਲਗੀਧਰ ਪਾਤਸ਼ਾਹ ਨੇ ਆਪਣੇ ਪਿਆਰ ਦਾ ਨਿੱਘ ਦੇ ਕੇ ਟੁੱਟੀ ਗੰਢੀ। ਜਿਵੇਂ ਇਸ ਸਮੇਂ ਨੂੰ ਪਤਝੜ ਦਾ ਸਮਾਂ ਵੀ ਕਿਹਾ ਜਾਂਦਾ ਹੈ। ਸਮੁੱਚੀ ਬਨਸਪਤੀ ਠੰਢ/ਕੋਰੇ ਦੀ ਲਪੇਟ ਵਿਚ ਆ ਕੇ ਸੁੰਘੜ ਚੁਕੀ ਹੁੰਦੀ ਹੈ। ਬਨਸਪਤੀ ਵਿਚ ਪੌਦਿਆਂ/ਦਰਖਤਾਂ ਦੇ ਪੱਤੇ ਕੁਮਲਾ/ਸੁੱਕ ਕੇ ਆਪਣੇ ਮੂਲ ਤੋਂ ਟੁੱਟ ਜਾਂਦੇ ਹਨ। ਇਸੇ ਤਰ੍ਹਾਂ ਸਤਿਗੁਰੂ ਸੱਚੇ ਪਾਤਸ਼ਾਹ ਨੇ ਟੁੱਟੀ ਗੰਢ ਕੇ ਟੁੱਟਿਆਂ ਹੋਇਆਂ 'ਚ ਆਪਣੇ ਪਿਆਰ ਰਾਹੀਂ ਨਵੀਆਂ ਕਰੂੰਬਲਾਂ ਦੀ ਬਖਸ਼ਿਸ਼ ਕੀਤੀ। ਭਾਵ ਠੰਢੀ ਕੋਰੇ ਦੀ ਰੁੱਤ ਵਿਚ ਸਤਿਗੁਰੂ ਨੇ ਆਪਣੇ ਪਿਆਰ ਦਾ ਨਿੱਘ ਬਖਸ਼ ਕੇ 40 ਮੁਕਤਿਆਂ ਦੇ ਹਲਤ ਪਲਤ ਵਿਚ ਕਰੂੰਬਲਾਂ ਰੂਪੀ ਨਵੀਂ ਸਵੇਰ ਦੀ ਸ਼ੁਰੂਆਤ ਲਿਆਂਦੀ ਅਤੇ ਉਨ੍ਹਾਂ ਨੂੰ ਮੁਕਤੀ ਬਖਸ਼ੀ। ਇਸ ਰੁੱਤ ਤੋਂ ਬਾਅਦ ਮਾਰਚ ਤੇ ਅਪ੍ਰੈਲ ਮਹੀਨੇ ਆਉਂਦੇ ਹਨ। ਜਿਵੇਂ ਪਤਝੜ ਤੋਂ ਬਾਅਦ ਬਸੰਤ ਰੁੱਤ ਆਉਂਦੀ ਹੈ, ਕੌਮ ਦੇ ਅੰਦਰ ਵੀ ਬਸੰਤ ਰੁੱਤ ਵਾਂਗੂੰ ਨਵਾਂ ਚਾਅ, ਨਵੀਂ ਰੂਹ, ਨਵਾਂ ਜਲਾਲ, ਨਵਾਂ ਰੂਪ ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ ਮਹੱਲਾ ਬਖਸ਼ਿਆ। ਖਾਲਸੇ ਦਾ ਸਾਜਨਾ ਦਿਵਸ ਵੀ ਇਸੇ ਰੁੱਤ ਵਿਚ ਪ੍ਰਤੱਖ ਹੋਇਆ। ਮਈ ਤੇ ਜੂਨ ਮਹੀਨੇ ਅਤੀ ਤਪਸ਼ ਤੇ ਗਰਮੀ ਵਾਲੇ ਮੰਨੇ ਗਏ ਹਨ। ਸਾਰੀ ਬਨਸਪਤੀ, ਜੀਵ ਜੰਤੂ ਮਨੁੱਖ ਇਤਿਆਦਿਕ ਗਰਮੀ ਨਾਲ ਤ੍ਰਾਹ-ਤ੍ਰਾਹ ਕਰ ਰਹੇ ਹੁੰਦੇ ਹਨ। ਠੰਡੀ ਹਵਾ ਦੀ ਅਤੀ ਲੋੜ ਭਾਸਦੀ ਹੈ। ਕਿਸੇ ਸਮੇਂ ਭਾਰਤ ਦੇ ਰਾਜਨੀਤਿਕ ਵਾਤਾਵਰਣ ਵਿਚ ਵੀ ਤਪਸ਼ ਸੀ। ਭਾਰਤ ਦੇ ਰਾਜਭਾਗ ਦੇ ਤਖਤ ਤੇ ਬੈਠਾ ਜਹਾਂਗੀਰ ਤਪ ਰਿਹਾ ਸੀ, ਚੰਦੂ ਤਪ ਰਿਹਾ ਸੀ, ਬਾਦਸ਼ਾਹ ਦੇ ਅਹਿਲਕਾਰ, ਵਜ਼ੀਰ, ਸ਼ੇਖ ਅਹਿਮੰਦ ਸਰਹੰਦੀ, ਮੁਰਤਜਾ ਖਾਨ ਅਤੇ ਬਾਦਸ਼ਾਹ ਦੇ ਚੌਗਿਰਦੇ ਵਿਚ ਸਾਰੇ ਤਪ ਰਹੇ ਸੀ ਅੱਗ ਨਾਲੋਂ ਵੀ ਸੁਰਖ ਤੱਤੀ ਲੋਹ ਵੀ ਤਪ ਰਹੀ ਸੀ ਪਰ ਤੱਤੀ ਲੋਹ ਤੇ ਸੁਭਾਇਮਾਨ ਪੰਜਵੇਂ ਸਤਿਗੁਰੂ ਗੁਰੂ ਅਰਜਨ ਦੇਵ ਮਹਾਰਾਜ ਜੀ ਸੀਤਲਤਾ ਦੀ ਮੂਰਤ ਸਨ। ਜੁਲਾਈ-ਅਗਸਤ ਵਰਖਾ ਰੁੱਤ ਮੰਨੀ ਗਈ ਹੈ। ਬਨਸਪਤੀ ਨੂੰ ਵਰਖਾ ਰਾਹੀਂ ਨਵਾਂ ਜੀਵਨ ਮਿਲਦਾ ਹੈ। ਹਰਿਆਲੀ ਹੀ ਹਰਿਆਲੀ ਨਜ਼ਰ ਆਉਂਦੀ ਹੈ। ਸਿੱਖ ਇਤਿਹਾਸ ਅੰਦਰ ਇਨ੍ਹਾਂ ਮਹੀਨਿਆਂ ਵਿਚ ਮਾਨਵਤਾ ਤੇ ਰੂਹਾਨੀਅਤ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੰਚਮ ਪਾਤਸ਼ਾਹ ਜੀ ਨੇ ਇਲਾਹੀ ਬਾਣੀ ਦੇ ਪਹਿਲੇ ਪ੍ਰਕਾਸ਼ ਆਦਿ ਗ੍ਰੰਥ ਦੇ ਰੂਪ ਵਿਚ ਕਰਵਾਏ। ਤਪਦੀ ਲੋਕਾਈ ਨੂੰ ਅੰਮ੍ਰਿਤਮਈ ਬਾਣੀ ਦੀ ਵਰਖਾ ਨਾਲ ਸਰਸ਼ਾਰ ਕੀਤਾ, ਹਰਿਆ ਭਰਿਆ ਕੀਤਾ। ਸਤੰਬਰ-ਅਕਤੂਬਰ ਹੁਮਸ ਦਾ ਸਮਾਂ ਮੰਨਿਆ ਗਿਆ। ਇਸ ਸਮੇਂ ਚੌਥੇ ਪਾਤਸ਼ਾਹ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦੇ ਪ੍ਰਕਾਸ਼ ਹੋਏ। ਇਨ੍ਹਾਂ ਮਹੀਨਿਆਂ ਵਿਚ ਦੂਜੇ, ਚੌਥੇ ਤੇ ਪੰਜਵੇਂ ਪਾਤਸ਼ਾਹ ਨੂੰ ਗੁਰਗੱਦੀ ਬਖਸ਼ਿਸ਼ ਵੀ ਹੁੰਦੀ ਹੈ। ਮਾਨਵਤਾ ਵਿਚ ਪਾਈ ਅਗਿਆਨਤਾ ਦੀ ਹੁੰਮਸ ਨੂੰ ਗੁਰੂ

ਸਾਹਿਬਾਨ ਨੇ ਦੂਰ ਕਰਕੇ ਗਿਆਨ ਦੇ ਪ੍ਰਕਾਸ਼ ਦੁਆਰਾ ਸੀਤਲਤਾ ਬਖਸ਼ੀ। ਨਵੰਬਰ ਦਸੰਬਰ ਮਹੀਨੇ ਮੌਸਮ ਦੀ ਤਬਦੀਲੀ ਉਪਰੰਤ ਠੰਢ ਦੀ ਸ਼ੁਰੂਆਤ ਦੇ ਮਹੀਨੇ ਹਨ। ਇਸ ਸਮੇਂ ਦੌਰਾਨ ਨੌਵੇਂ ਪਾਤਸ਼ਾਹ ਤਿਲਕ ਜੰਞੂ ਦੀ ਰਾਖੀ ਕਰਕੇ ਸਮੂੰਹ ਮਾਨਵਤਾ ਦੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨ ਦਾ ਸੁਨੇਹਾ ਆਪਣੀ ਸ਼ਹੀਦੀ ਦੇ ਕੇ ਕੀਤਾ। ਭਾਰਤ ਵਰਸ਼ ਦੇ ਰਾਜਨੀਤਿਕ ਤਾਣੇ-ਬਾਣੇ ਵਿਚ ਮੌਸਮ ਵਾਂਗੂੰ ਬਦਲਾਅ ਆਇਆ। 'ਧਰਮ ਹੇਤਿ ਸਾਕਾ ਜਿਨਿ ਕੀਆ, ਸੀਸ ਦੀਆ ਪਰ ਸਿਰਰੁ ਨ ਦੀਆ' ਦੇ ਸਿਧਾਂਤ ਦੀ ਪੂਰਤੀ ਹੋਈ। ਸਮੁੱਚੀ ਸ੍ਰਿਸ਼ਟੀ ਨੂੰ ਧਰਮ ਦੀ ਚਾਦਰ ਨਾਲ ਢਕਿਆ। ਬਦਲਦੇ ਰਾਜਨੀਤਿਕ ਮੌਸਮ ਦੀ ਮਾਰ/ਜ਼ੁਲਮ, ਅਤਿਆਚਾਰ ਤੋਂ ਧੰਨ ਗੁਰੂ ਤੇਗ ਬਹਾਦਰ ਜੀ ਨੇ ਸ਼ਹੀਦੀ ਦੇ ਕੇ ਹਿੰਦ ਨੂੰ ਬਚਾਇਆ। ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਦਲਦੇ ਰਾਜਨੀਤਿਕ ਮੌਸਮ ਵਿਚ ਨਵੀਂ ਤਬਦੀਲੀ ਲਿਆਂਦੀ। ਜਗਤ ਮਾਤਾ, ਮਾਤਾ ਗੁਜਰ ਕੌਰ ਜੀ, ਚਾਰੇ ਸਾਹਿਬਜ਼ਾਦੇ ਅਤੇ ਅਨੇਕਾਂ ਪਿਆਰੇ ਗੁਰਸਿੱਖ, ਅਨਿਆ, ਜ਼ੁਲਮ, ਸੋਸ਼ਣ ਦੇ ਵਿਰੁੱਧ ਸ਼ਹੀਦ ਕਰਵਾਏ। ਪਰਿਵਾਰ ਦੇ ਵਿਛੋੜੇ ਪਏ। ਸਤਿਗੁਰੂ ਨੇ ਆਪਣਾ ਸਭ ਕੁਝ ਵਾਰ ਕੇ, ਅਨੇਕਾਂ ਹਾਲਤਾਂ ਨਾਲ ਜੂਝਦੇ ਹੋਏ, ਚੜ੍ਹਦੀ ਕਲਾ ਵਿਚ ਰਹਿ ਕੇ ਧਾਰਮਿਕ ਵਾਤਾਵਰਣ ਵਿਚ ਨਵੀਂ ਤਬਦੀਲੀ ਲਿਆਂਦੀ। 'ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤਿ, ਪੁਰਜਾ-ਪੁਰਜਾ ਕਟ ਮਰੈ ਕਬਹੂ ਨ ਛਾਡੈ ਖੇਤਿ' ਦਾ ਸੁਨੇਹਾ ਦੇ ਕੇ ਅਣਖ, ਆਬਰੂ, ਸਵੈ ਮਾਣ, ਸੱਚੇ ਧਰਮੀ ਹੋਣ ਦਾ ਸੁਨੇਹਾ ਲੋਕਾਈ ਨੂੰ ਦਿਤਾ।

ਉਪਰੋਕਤ ਵਿਚਾਰ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਬਦਲਦੇ ਮੌਸਮ ਵਿਚ ਸਤਿਗੁਰਾਂ ਨੇ ਨਵੇਂ ਸੁਨੇਹੇ ਬਖਸ਼ ਕੇ ਨਵੇਂ ਦਸਹਿਦੇ ਮਾਨਵਤਾ ਲਈ ਕਾਇਮ ਕੀਤੇ। ਇਨ੍ਹਾਂ ਬਖਸ਼ੇ ਸਿਧਾਂਤਾਂ ਅਤੇ ਸਤਿਗੁਰਾਂ ਦੇ ਮਾਨਵਤਾ ਲਈ ਕੀਤੇ ਉਪਕਾਰਾਂ ਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ।

ਵਿਸ਼ੇਸ਼ ਤੌਰ ਤੇ ਸਿੱਖ ਇਤਿਹਾਸ ਅੰਦਰ ਜਨਵਰੀ ਦਾ ਮਹੀਨਾ ਮਾਘੀ ਵਾਲਾ ਮਹੀਨਾ ਹੈ। ਖਿਦਰਾਣੇ ਦੀ ਢਾਬ ਅੰਦਰ ਜ਼ੁਲਮ ਤੇ ਜ਼ਾਲਮ ਦੇ ਵਿਰੁੱਧ ਜੂਝਦੇ ਹੋਏ 40 ਸਿੰਘਾਂ ਨੇ ਸਹੀਦੀਆਂ ਪ੍ਰਾਪਤ ਕੀਤੀਆਂ। ਬਖਸ਼ਣਹਾਰ ਤੇ "ਟੂਟੀ ਗਾਢਨਹਾਰ ਗੋਪਾਲ" ਸਤਿਗੁਰੂ ਨੇ ਉਨ੍ਹਾਂ ਸਿੰਘਾਂ ਤੇ ਬੇਅੰਤ ਬਖਸਿਸ਼ਾਂ ਕੀਤੀਆਂ। ਆਪ ਜੀ ਨੇ ਪਿਆਰੇ ਸਿੰਘਾਂ ਦੇ ਸੀਸ ਆਪਣੀ ਗੋਦ ਵਿਚ ਰਖਦੇ ਹੋਏ ਅਸੀਸਾਂ ਦਿਤੀਆਂ ਕਿ ਇਹ ਮੇਰਾ ਪੰਜ ਹਜ਼ਾਰੀ ਹੈ, ਇਹ ਮੇਰਾ ਦਸ ਹਜ਼ਾਰੀ ਹੈ। ਜਿਤਨੇ ਕਦਮ ਕਿਸੇ ਸਿੰਘ ਨੇ ਮੋਰਚੇ ਤੋਂ ਅਗਾਂਹ ਵਧ ਕੇ ਜੰਗ ਕੀਤੀ ਤੇ ਸ਼ਹੀਦੀ ਪ੍ਰਾਪਤ ਕੀਤੀ ਉਤਨਾ ਹੀ ਸਤਿਗੁਰੂ ਉਸ ਨੂੰ ਮਨਸਬ ਬਖਸ਼ਦੇ। 39 ਸਿੰਘਾਂ ਨੂੰ ਬਖਸ਼ਿਸ਼ਾਂ ਵੰਡਣ ਉਪਰੰਤ 40ਵੇਂ ਸਿੰਘ ਭਾਈ ਮਹਾਂ ਸਿੰਘ ਤੇ ਬਖਸ਼ਿਸ਼ ਕੀਤੀ। ਭਾਈ ਮਹਾਂ ਸਿੰਘ ਨੂੰ ਬਚਨ ਕੀਤਾ ਕਿ ਮੁਕਤਿ, ਭੁਗਤਿ, ਜੁਗਤਿ ਸਭ ਕੁਝ ਤੇਰੇ ਲਈ ਹਾਜ਼ਰ ਹੈ। ਮੰਗ ਜੋ ਮੰਗਣਾ। ਭਾਈ ਮਹਾਂ ਸਿੰਘ ਨੇ ਪਿਆਰ, ਵੈਰਾਗ ਵਿਚ ਭਿੱਜੇ ਨੇਤਰਾਂ ਨਾਲ ਦਰਸ਼ਨ ਕਰਦੇ ਹੋਏ ਫੁਰਮਾਇਆ ਕਿ ਤੇਰੇ ਦਰਸ਼ਨਾਂ ਵਿਚੋਂ ਸਭ ਕੁਝ ਪ੍ਰਾਪਤ ਹੋ ਗਿਆ। ਹੋਰ ਕੋਈ ਲੋੜ ਨਹੀਂ। ਸੱਚੇ ਪਾਤਸ਼ਾਹ 'ਟੁੱਟੀ ਗੰਢ ਲਓ।' ਮਹਾਰਾਜ ਜੀ ਨੇ ਆਪਣੀ ਪਵਿੱਤਰ ਗੋਦ ਵਿਚ ਭਾਈ ਮਹਾਂ ਸਿੰਘ ਦਾ ਸੀਸ ਰਖਦੇ ਹੋਏ ਬੇਦਾਵਾ ਫਾੜ ਕੇ ਉਸ ਲਈ ਮੁਕਤੀ ਦਾ ਦਰਵਾਜ਼ਾ ਖੋਲ੍ਹਿਆ ਤੇ ਟੁੱਟੀ ਗੰਢ ਲਈ। 40 ਸਿੰਘਾਂ ਨੂੰ 40 ਮੁਕਤਿਆਂ ਦੀ ਬਖਸ਼ਿਸ਼ ਕਰਕੇ ਸੱਚੇ ਪਾਤਸ਼ਾਹ ਨੇ ਅਗਲੇ ਪੜਾਅ ਲਈ ਚਾਲੇ ਪਾਏ।

ਸਤਿਗੁਰੂ ਸੱਚੇ ਪਾਤਸ਼ਾਹ ਨੇ ਇਲਾਹੀ ਬਾਣੀ ਦੇ ਪਵਿੱਤਰ ਸਿਧਾਂਤ 'ਟੂਟੀ ਗਾਢਨਹਾਰ ਗੋਪਾਲ ਸਰਬ ਜੀਆ ਆਪੇ ਪ੍ਰਤਿਪਾਲ' ਦੀ ਪੂਰਨਤਾ ਕੀਤੀ। ਸਰਣਿ ਆਏ ਦੀ ਲਾਜਪੱਤ ਰਖਣੀ ਆਪ ਜੀ ਦਾ ਬਿਰਦ ਹੈ। ਇਸ ਬਿਰਦ ਦੀ ਪਾਲਣਾ ਸਤਿਗੁਰੂ ਸੱਚੇ ਪਾਤਸ਼ਾਹ ਨੇ ਖਿਦਰਾਣੇ ਦੀ ਢਾਬ ਤੇ ਕੀਤਾ। ਇਸ ਬਖਸ਼ਿਸ਼ ਪ੍ਰਾਪਤ ਪਵਿੱਤਰ ਧਰਤੀ ਨੂੰ ਅੱਜ ਸ੍ਰੀ ਮੁਕਤਸਰ ਸਾਹਿਬ ਦੇ ਨਾਮ ਨਾਲ ਸਤਿਕਾਰਿਆ ਜਾਂਦਾ ਹੈ। ਆਪਾਂ ਵੀ ਅਰਦਾਸ ਵਿਚ ਜੁੜੀਏ। ਸੱਚੇ ਪਾਤਸ਼ਾਹ ਆਪਣੇ ਬਿਰਦ ਬਾਣੇ ਦੀ ਲਾਜਪਤ ਰੱਖਦੇ ਹੋਏ ਸਾਨੂੰ ਵੀ ਜੋੜ ਲਓ, ਸਾਡੀ ਵੀ ਟੁੱਟੀ ਗੰਢ ਲਓ। ਬਖਸ਼ੋ ਆਪਣਾ ਪਿਆਰ, ਬਖਸ਼ੋ ਗੁਰਬਾਣੀ ਦੀ ਪ੍ਰੀਤ, ਬਖਸ਼ੋ ਰੱਬ ਦੇ ਪਿਆਰਿਆਂ ਦੇ ਮਿਲਾਪ, ਧਰਮ ਦੀ ਕਿਰਤ ਨਾਮ ਜਪਣ ਤੇ ਵੰਡ ਛਕਣ ਦਾ ਵਿਹਾਰਿਕ ਜੀਵਨ ਬਖਸ਼ੋ। ਸੱਚੇ ਪਾਤਸ਼ਾਹ ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ ਬਖਸ਼ੋ। ਕੌਮ ਵਿਚ ਇਕਸੁਰਤਾ ਬਖਸ਼ੋ, ਪ੍ਰਸਪਰ ਪਿਆਰ, ਇਤਫਾਕ ਬਖਸ਼ੋ। ਕੌਮ ਨੂੰ ਏਕਤਾ ਤੇ ਪ੍ਰਸਪਰ ਮਿਲ ਕੇ ਜੁੜ ਬੈਠਣ ਦਾ ਸੁਭਾਗ ਬਖਸ਼ੋ। ਇਸ ਤੋਂ ਇਲਾਵਾ ਆਪ ਜੀ ਅੰਤਰਜਾਮੀ ਸਤਿਗੁਰੂ ਜਾਣੀ ਜਾਣ ਹੋ ਆਪਣੇ ਖਾਲਸੇ ਨੂੰ ਚੜ੍ਹਦੀ ਕਲਾ ਵਾਲਾ ਜੀਵਨ ਬਖਸ਼ੋ। ਸਵਾਰ ਦਿਉ ਹਲਤ ਤੇ ਪਲਤ। ਆਪਣੇ ਲੜ ਲਾ ਕੇ ਆਪਣੇ ਬਿਰਦ ਬਾਣੇ ਦੀ ਲਾਜ ਰੱਖੋ।

ਗੁਰੂ ਕ੍ਰਿਪਾ ਕਰੇ ਸਾਰਿਆਂ ਨੂੰ ਅੰਗਰੇਜ਼ੀ ਕੈਲੰਡਰ ਅਨੁਸਾਰ ਸਾਲ 2018 ਦੀ ਆਮਦ ਦੀ ਲੱਖ-ਲੱਖ ਵਧਾਈ ਹੋਵੇ। 2018 ਸਾਲ ਆਪ ਜੀ ਸਭਨਾਂ ਪਾਠਕ ਜਨਾਂ ਅਤੇ ਸੰਗਤਾਂ ਨੂੰ ਗੁਰੂ ਪਿਆਰ, ਰੱਬੀ ਪਿਆਰ, ਸੁੱਖਾਂ ਭਰਿਆ, ਬਤੀਤ ਹੋਵੇ। ਹਲਤ ਤੇ ਪਲਤ ਦੀ ਰਾਖੀ ਸਤਿਗੁਰੂ ਆਪਣੇ ਪਿਆਰਿਆਂ ਦੀ ਕਰਨ।

***'ਅਪਨੇ ਦਾਸ ਕਾ ਹਲਤੁ ਪਲਤੁ ਸਵਾਰੈ ॥ ਪਤਿਤ ਪਾਵਨ ਪ੍ਰਭ ਬਿਰਦੁ ਤੁਮ੍ਾਰੈ ॥'*** ਇਹੀ ਅਰਦਾਸ ਆਪ ਜੀ ਲਈ ਅਦਾਰਾ 'ਆਤਮ ਮਾਰਗ' ਤੇ ਰਤਵਾੜਾ ਸਾਹਿਬ ਟਰੱਸਟ ਦੇ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਵਲੋਂ ਆਪ ਜੀ ਸਭਨਾਂ ਲਈ ਹੈ। ਸਤਿਗੁਰੂ ਸਭਨਾਂ ਪ੍ਰੇਮੀਆਂ ਨੂੰ ਸੇਵਾ ਤੇ ਸਿਮਰਨ ਦੀ ਦਾਤ ਬਖਸ਼ਣ ਅਤੇ ਨਾਮ-ਸਿਮਰਨ-ਸੇਵਾ ਸਦਕਾ ਸਰਬ ਸੁੱਖ।

# ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ

## (ਮਾਘ ਮਹੀਨੇ ਦੀ ਸੰਗਰਾਂਦ ਜਨਵਰੀ 14, 2018 ਦਿਨ ਐਤਵਾਰ)

ਰਾਗ ਤੁਖਾਰੀ ਵਿਚ ਪ੍ਰਾਪਤ ਗੁਰੂ ਨਾਨਕ ਦੇਵ ਜੀ ਦੇ ਬਾਰਹਮਾਹਾ ਵਿਚੋਂ ਅਤੇ ਰਾਗ ਮਾਝ ਵਿਚ ਉਚਾਰਨ ਕੀਤੇ ਗੁਰੂ ਅਰਜਨ ਦੇਵ ਜੀ ਦੇ ਬਾਰਹਮਾਹਾ ਵਿਚੋਂ ਮਾਘਿ ਮਹੀਨੇ ਦਾ ਪਾਠ ਤੇ ਉਸ ਦੀ ਸਰਲ ਵਿਆਖਿਆ।

ਰਾਗੁ ਤੁਖਾਰੀ ਮਹਲਾ ੧

ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥
ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ ॥
ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ ॥
ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ ॥
ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ ॥
ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ॥

ਅੰਗ - ੧੧੦੯

ਪਦ ਅਰਥ - ਮਾਘ=ਮਾਘ ਨਖ੍ਹਤ੍ਰ ਵਾਲੀ ਪੂਰਨਮਾਸ਼ੀ ਦਾ ਮਹੀਨਾ। ਮਾਘਿ-ਮਾਘ ਮਹੀਨੇ ਵਿਚ। ਮਜਨੁ-ਚੁੱਭੀ। ਦਾਨੁ-ਨਾਮ ਦਾ ਦਾਨ। ਜਨਮ ਕਰਮ ਮਲੁ-ਕਈ ਜਨਮਾਂ ਦੇ ਕੀਤੇ ਕਰਮਾਂ ਤੋਂ ਪੈਦਾ ਹੋਈ ਵਿਕਾਰਾਂ ਦੀ ਮੈਲ। ਗੁਮਾਨੁ-ਅਹੰਕਾਰ। ਕਾਮਿ-ਕਾਮ ਵਿਚ। ਕਰੋਧਿ=ਕ੍ਰੋਧ ਵਿਚ। ਮੋਹੀਐ-ਠਗੇ ਜਾਈਦਾ ਹੈ। ਸੁਆਨੁ-ਕੁੱਤਾ। ਮਾਰਗਿ-ਰਸਤੇ ਉਤੇ। ਉਸਤਤਿ-ਸੋਭਾ। ਅਠਸਠਿ-ਅਠਾਹਠਿ। ਪਰਵਾਨਿ=ਮੰਨਿਆ-ਪ੍ਰਮੰਨਿਆ (ਧਾਰਮਿਕ ਕੰਮ) ਕਰਿ-ਕਰਕੇ। ਸੁਜਾਨੁ-ਸਿਆਣਾ। ਕਾਂਢੀਅਹਿ-ਆਖੇ ਜਾਂਦੇ ਹਨ।

ਪੋਹ ਦੇ ਮਹੀਨੇ ਠੰਢ, ਪਾਲਾ, ਕੱਕਰ ਖੂਬ ਪੈਂਦਾ ਹੈ, ਅਤਿ ਦੀ ਸਰਦੀ ਹੁੰਦੀ ਹੈ ਅਤੇ ਮਨੁੱਖ ਦੀ ਕਾਫੀ ਸ਼ਕਤੀ ਪਾਲੇ ਤੋਂ ਬਚਣ ਵਿਚ ਖਰਚ ਹੋ ਜਾਂਦੀ ਹੈ। ਪਰ ਜਿਹੜੇ ਪ੍ਰਾਣੀ ਨਾਮ ਦੀ ਨਿੱਘ ਮਾਣਦੇ ਹਨ, ਜਿਨ੍ਹਾਂ ਦੇ ਹਿਰਦੇ ਵਿਚ ਗੁਰੂ ਪਿਆਰ ਤੇ ਮਿਲਾਪ ਦੀ ਲਗਨ ਹੁੰਦੀ ਹੈ, ਉਨ੍ਹਾਂ ਦੇ ਮਾਰਗ ਵਿਚ ਮੀਂਹ, ਝੱਖੜ, ਪਾਲਾ ਕੋਈ ਰੁਕਾਵਟ ਨਹੀਂ ਬਣਦੇ। ਫੁਰਮਾਨ ਹੈ -

*ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥ ੧੩ ॥*
*ਸਮੁੰਦੁ ਸਾਗਰੁ ਹੋਵੈ ਬਹੁ ਖਾਰਾ*
*ਗੁਰਸਿਖੁ ਲੰਘਿ ਗੁਰ ਪਹਿ ਜਾਈ ॥ ੧੪ ॥*
*ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ*
*ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥* ਅੰਗ - ੭੫੭

ਮਾਘਿ ਦਾ ਮਹੀਨਾ ਤੀਰਥਾਂ ਦੇ ਇਸ਼ਨਾਨ ਲਈ ਬੜਾ ਸ਼ੁਭ ਤੇ ਪਵਿੱਤਰ ਮੰਨਿਆ ਜਾਂਦਾ ਹੈ। ਲੋਕ ਪ੍ਰਯਾਗ ਆਦਿ ਤੀਰਥਾਂ ਤੇ ਵਿਸ਼ੇਸ਼ ਤੌਰ ਤੇ ਇਸ਼ਨਾਨ ਕਰਨ ਲਈ ਜਾਂਦੇ ਹਨ। ਗੁਰੂ ਮਹਾਰਾਜ ਨੇ ਬਾਹਰੀ ਰਸਮਾਂ ਰਿਵਾਜਾਂ ਅਤੇ ਕਰਮਕਾਂਡੀ ਰੀਤਾਂ ਦੀ ਥਾਂ ਅੰਦਰਲੀ ਮਨ ਦੀ ਸ਼ੁੱਧਤਾ ਤੇ ਵਧੇਰੇ ਬਲ ਦਿਤਾ ਹੈ। ਸਾਰੀਆਂ ਧਾਰਮਿਕ ਕਿਰਿਆਵਾਂ ਪ੍ਰਮੇਸ਼ਵਰ ਦੀ ਖੁਸ਼ੀ ਲੈਣ ਲਈ ਕੀਤੀਆਂ ਜਾਂਦੀਆਂ ਹਨ। ਗੁਰੂ ਜੀ ਜਪੁ ਬਾਣੀ ਵਿਚ ਫੁਰਮਾਨ ਕਰਦੇ ਹਨ -

*ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥*
*ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥*

ਅੰਗ - ੨

ਅਰਥਾਤ ਮੈਂ ਤੀਰਥ ਉਤੇ ਜਾ ਕੇ ਤਦ ਇਸ਼ਨਾਨ ਕਰਾਂ ਜੇ ਇਉਂ ਕਰਨ ਨਾਲ ਉਸ ਪ੍ਰਮਾਤਮਾ ਨੂੰ ਖੁਸ਼ ਕਰ ਸਕਾਂ। ਪਰ ਜੇ ਇਸ ਤਰ੍ਹਾਂ ਪ੍ਰਮਾਤਮਾ ਖੁਸ਼ ਨਹੀਂ ਹੁੰਦਾ ਤਾਂ ਮੈਂ ਤੀਰਥਾਂ ਉਤੇ ਇਸ਼ਨਾਨ ਕਰਕੇ ਕੀ ਖੱਟਾਂਗਾ? ਅਕਾਲ ਪੁਰਖ ਦੀ ਪੈਦਾ ਕੀਤੀ ਹੋਈ ਜਿਤਨੀ ਭੀ ਦੁਨੀਆਂ ਮੈਂ ਵੇਖਦਾ ਹਾਂ, ਇਸ ਵਿਚ ਪ੍ਰਮਾਤਮਾ ਦੀ ਕ੍ਰਿਪਾ ਤੋਂ ਬਿਨਾਂ ਕਿਸੇ ਨੂੰ ਕੁਝ ਨਹੀਂ ਮਿਲਦਾ, ਕੋਈ ਕੁਝ ਨਹੀਂ ਲੈ ਸਕਦਾ। ਜਪੁਜੀ ਦੀ ਪਉੜੀ 21 ਵਿਚ ਆਪ ਜੀ ਸਮਝਾਉਂਦੇ ਹਨ -

*ਤੀਰਥੁ ਤਪੁ ਦਇਆ ਦਤੁ ਦਾਨੁ ॥*
*ਜੇ ਕੋ ਪਾਵੈ ਤਿਲ ਕਾ ਮਾਨੁ ॥*
*ਸੁਣਿਆ ਮੰਨਿਆ ਮਨਿ ਕੀਤਾ ਭਾਉ ॥*
*ਅੰਤਰਗਤਿ ਤੀਰਥਿ ਮਲਿ ਨਾਉ ॥* ਅੰਗ - ੪

ਅਰਥਾਤ ਤੀਰਥ ਯਾਤਰਾ ਤੇ ਇਸ਼ਨਾਨ, ਤਪਾਂ ਦੀ ਸਾਧਨਾ, ਜੀਆਂ ਤੇ ਦਇਆ ਕਰਨੀ, ਦਿਤਾ ਹੋਇਆ ਦਾਨ, ਇਨ੍ਹਾਂ ਕਰਮਾਂ ਦੇ ਵੱਟੇ ਜੇ ਕਿਸੇ ਮਨੁੱਖ ਨੂੰ ਕੋਈ ਵਡਿਆਈ ਮਿਲ ਭੀ ਜਾਏ, ਤਾਂ ਰਤਾ-ਮਾਤਰ ਹੀ ਮਿਲਦੀ ਹੈ ਪਰ ਜਿਸ ਮਨੁੱਖ ਨੇ ਅਕਾਲ ਪੁਰਖ ਦੇ ਨਾਮ ਵਿਚ ਸੁਰਤ ਜੋੜੀ ਹੈ, ਜਿਸ ਦਾ ਮਨ ਨਾਮ ਵਿਚ ਪਤੀਜ ਗਿਆ ਹੈ ਅਤੇ ਜਿਸ ਨੇ ਆਪਣੇ ਮਨ ਵਿਚ ਅਕਾਲ ਪੁਰਖ ਦਾ ਪਿਆਰ ਜਮਾਇਆ ਹੋਇਆ ਹੈ, ਉਸ ਮਨੁੱਖ ਨੇ ਮਾਨੋ ਆਪਣੇ ਅੰਦਰਲੇ ਤੀਰਥ ਵਿਚ ਮਲ-ਮਲ ਕੇ ਇਸ਼ਨਾਨ ਕਰ ਲਿਆ ਹੈ ਅਤੇ ਆਪਣੇ ਅੰਦਰ ਵਸ ਰਹੇ ਅਕਾਲ ਪੁਰਖ ਵਿਚ ਜੁੜ ਕੇ ਚੰਗੀ ਤਰ੍ਹਾਂ ਆਪਣੇ ਮਨ ਦੀ ਮੈਲ ਲਾਹ ਲਈ ਹੈ।

ਏਸੇ ਦ੍ਰਿਸ਼ਟੀ ਤੋਂ ਗੁਰੂ ਮਹਾਰਾਜ ਮਾਘਿ ਮਹੀਨੇ ਦੇ ਆਰੰਭ ਵਿਚ ਫੁਰਮਾਨ ਕਰਦੇ ਹਨ -

*ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ॥*
*ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ॥*

ਅੰਗ - ੧੧੦੯

ਅਰਥਾਤ ਮਾਘ ਦੇ ਮਹੀਨੇ ਵਿਚ ਜਿਸ ਜੀਵ ਨੇ ਆਪਣੇ ਹਿਰਦੇ ਰੂਪੀ ਤੀਰਥ ਨੂੰ ਪਛਾਣ ਲਿਆ ਹੈ ਅਤੇ ਨਾਮ ਦੇ ਪਵਿੱਤਰ ਅੰਮ੍ਰਿਤ-ਸਰੋਵਰ ਵਿਚ ਇਸ਼ਨਾਨ ਕੀਤਾ ਹੈ, ਉਸ ਦੀ ਜਿੰਦ ਪੂਰਨ ਤੌਰ ਤੇ ਪਵਿੱਤਰ ਹੋ

ਜਾਂਦੀ ਹੈ। ਅਸਲ ਤੀਰਥ ਇਸ਼ਨਾਨ ਪ੍ਰਮਾਤਮਾ ਦੇ ਗੁਣਾਂ ਨੂੰ ਹਿਰਦੇ ਵਿਚ ਵਸਾਉਣਾ ਅਤੇ ਉਸ ਦੇ ਚਰਨਾਂ ਵਿਚ ਲੀਨ ਹੋਣਾ ਹੈ ਜਿਸ ਨਾਲ ਪੂਰਨ ਟਿਕਾਉ ਦੀ ਸਹਿਜ ਅਵਸਥਾ ਪ੍ਰਾਪਤ ਹੋ ਕੇ ਸੱਜਣ-ਪ੍ਰਭੂ ਦਾ ਮਿਲਾਪ ਬਖਸ਼ਿਸ਼ ਹੁੰਦਾ ਹੈ।

ਮਾਘ ਦੇ ਮਹੀਨੇ ਵਿਚ ਬਹੁਤ ਭਾਰਤਵਾਸੀ ਗੰਗਾ, ਜਮਨਾ, ਸਰਸਵਤੀ ਅਤੇ ਜਿੱਥੇ ਇਨ੍ਹਾਂ ਨਦੀਆਂ ਦਾ ਮਿਲਾਪ ਹੁੰਦਾ ਹੈ, ਤ੍ਰਿਬੈਣੀ ਵਿਖੇ ਇਸ਼ਨਾਨ ਕਰਨ ਨੂੰ ਵੱਡਾ ਪੁੰਨ ਮੰਨਦੇ ਹਨ ਪਰ ਗੁਰੂ ਜੀ ਉਪਦੇਸ਼ ਕਰਦੇ ਹਨ ਕਿ ਹੇ ਸੋਹਣੇ ਪ੍ਰੀਤਮ ਪ੍ਰਭੂ! ਜੇ ਤੇਰੇ ਗੁਣ ਮੈਂ ਆਪਣੇ ਹਿਰਦੇ ਵਿਚ ਵਸਾ ਕੇ ਤੇਰੀ ਸਿਫਤਿ-ਸਾਲਾਹ ਸੁਣ ਕੇ, ਨਾਮ ਜਪ ਕੇ ਤੈਨੂੰ ਚੰਗਾ ਲੱਗਣ ਲਗ ਪਵਾਂ ਤਾਂ ਮਾਨੋ ਮੈਂ ਅਨੇਕ ਤੀਰਥਾਂ ਤੇ ਇਸ਼ਨਾਨ ਕਰ ਲਿਆ ***(ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ)*** ਪਿਆਰੇ ਪ੍ਰਭੂ ਦੇ ਚਰਨਾਂ ਵਿਚ ਲੀਨਤਾ ਦੀ ਅਵਸਥਾ ਹੀ ਗੰਗਾ ਜਮਨਾ ਸਰਸਵਤੀ ਤਿੰਨਾਂ ਨਦੀਆਂ ਦੇ ਮਿਲਾਪ ਦੀ ਥਾਂ ਅਰਥਾਤ ਤ੍ਰਿਬੈਣੀ ਹੈ, ਉਥੇ ਹੀ ਮੈਂ ਸੱਤੇ ਸਮੁੰਦਰ ਸਮਾਏ ਮੰਨਦਾ ਹਾਂ ***(ਗੰਗਾ ਜਮੁਨਾ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ)*** ਨਾਮ-ਜਾਪ-ਸਿਮਰਨ ਰਾਹੀਂ, ਪ੍ਰਭੂ ਗੁਣ-ਗਾਇਨ ਰਾਹੀਂ ਜਿਹੜਾ ਮਨੁੱਖ ਪ੍ਰਭੂ ਪਿਆਰ ਪਾ ਲੈਂਦਾ ਹੈ, ਹਰੇਕ ਜੁਗ ਵਿਚ ਵਿਆਪਕ ਇਕ ਪ੍ਰਮੇਸ਼ਰ ਨੂੰ ਜਾਣ ਲੈਂਦਾ ਹੈ, ਮਾਨੋ ਉਸ ਨੇ ਸਭ ਤੀਰਥਾਂ ਦੇ ਇਸ਼ਨਾਨ ਅਤੇ ਸਾਰੇ ਪੁੰਨ ਕਰਮ ਦਾਨ ਤੇ ਪੂਜਾ ਆਦਿ ਕਰ ਲਏ ***(ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ)*** ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਮਹਾਤਮ ਵੀ ਐਸੇ ਗੁਰੂ ਪਿਆਰੇ ਨੇ ਮਾਨੋ ਪ੍ਰਾਪਤ ਕਰ ਲਿਆ। ***(ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ)*** ਅਸਲ ਤੀਰਥ ਇਸ਼ਨਾਨ ਨਾਮ-ਸਰੋਵਰ ਦਾ ਇਸ਼ਨਾਨ ਹੈ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ -

*ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥*
*ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥ ਅੰਗ - ੬੮੭*

ਅਰਥਾਤ ਮੈਂ ਭੀ ਤੀਰਥ ਉਤੇ ਇਸ਼ਨਾਨ ਕਰਨ ਜਾਂਦਾ ਹਾਂ ਪਰ ਮੇਰੇ ਵਾਸਤੇ ਪ੍ਰਮਾਤਮਾ ਦਾ ਨਾਮ ਹੀ ਵੱਡਾ ਤੀਰਥ ਹੈ। ਗੁਰੂ ਦੇ ਸ਼ਬਦ ਨੂੰ ਵਿਚਾਰ-ਮੰਡਲ ਵਿਚ ਟਿਕਾਣਾ ਮੇਰੇ ਵਾਸਤੇ ਮਹਾਨ ਤੀਰਥ ਹੈ ਕਿਉਂਕਿ ਇਸ ਦੀ ਬਰਕਤ ਨਾਲ ਮੇਰੇ ਅੰਦਰ ਪ੍ਰਮਾਤਮਾ ਨਾਲ ਡੂੰਘੀ ਸਾਂਝ ਬਣਦੀ ਹੈ।ਸਤਿਗੁਰੂ ਦਾ ਬਖਸ਼ਿਆ ਇਹ ਗਿਆਨ ਮੇਰੇ ਵਾਸਤੇ ਸਦਾ ਕਾਇਮ ਰਹਿਣ ਵਾਲਾ ਤਰੀਥ ਅਸਥਾਨ ਹੈ, ਮੇਰੇ ਵਾਸਤੇ ਦਸ ਪਵਿੱਤਰ ਦਿਹਾੜੇ (ਮੱਸਿਆ, ਸੰਗਰਾਂਦ, ਪੂਰਨਮਾਸ਼ੀ, ਚਾਨਣਾ, ਐਤਵਾਰ, ਸੂਰਜ ਗ੍ਰਹਿਣ, ਚੰਦ ਗ੍ਰਹਿਣ, ਦੋ ਅਸ਼ਟਮੀਆਂ, ਦੋ ਚੌਦੇਂ) ਹਨ, ਦਸਾਹਰਾ ਹੈ, ਦਸ ਪਾਪ ਹਰਨ ਕਰਨ ਵਾਲਾ ਦਿਨ ਹੈ, ਗੰਗਾ ਦਾ ਜਨਮ ਦਿਨ ਹੈ। ਮੈਂ ਤਾਂ ਪ੍ਰਭੂ ਦਾ ਨਾਮ ਹੀ ਮੰਗਦਾ ਹਾਂ ਤੇ ਅਰਦਾਸ ਕਰਦਾ ਹਾਂ, ਹੇ ਧਰਤੀ ਦੇ ਆਸਰੇ ਪ੍ਰਭੂ! ਮੈਨੂੰ ਆਪਣਾ ਨਾਮ ਦੇਹ। ਸਾਰਾ ਜਗਤ ਵਿਕਾਰਾਂ ਵਿਚ ਰੋਗੀ ਹੋਇਆ ਪਿਆ ਹੈ, ਪ੍ਰਮਾਤਮਾ ਦਾ ਨਾਮ ਹੀ ਇਨ੍ਹਾਂ ਰੋਗਾਂ ਦਾ ਇਲਾਜ ਹੈ। ਸੱਚੇ ਨਾਮ ਤੋਂ ਬਿਨਾਂ ਮਨ ਨੂੰ ਵਿਕਾਰਾਂ ਦੀ ਮੈਲ ਲਗ ਜਾਂਦੀ ਹੈ। ਗੁਰੂ ਦਾ ਪਵਿੱਤਰ ਸ਼ਬਦ ਮਨੁੱਖ ਨੂੰ ਸਦਾ ਆਤਮਕ ਚਾਨਣ ਦਿੰਦਾ ਹੈ, ਇਹੀ ਸਦਾ ਰਹਿਣ ਵਾਲਾ ਤੀਰਥ ਹੈ, ਇਹੀ ਤੀਰਥ ਇਸ਼ਨਾਨ ਹੈ।

************

ਰਾਗੁ ਮਾਝ ਬਾਰਹਮਾਹਾ ਮਹਲਾ ੫

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥

ਅੰਗ - ੧੩੫

ਮਾਘਿ ਦੇ ਮਹੀਨੇ ਦਾ ਪਹਿਲਾ ਦਿਨ ਅਰਥਾਤ ਮਾਘ ਨਖ੍ਹਤ੍ਰ ਵਾਲੀ ਪੂਰਨਮਾਸ਼ੀ ਵਾਲੇ ਮਹੀਨੇ ਦਾ ਪਹਿਲਾ ਦਿਨ ਹਿੰਦੂ ਸਾਸ਼ਤਰਾਂ ਅਨੁਸਾਰ ਬੜਾ ਪਵਿੱਤਰ ਦਿਹਾੜਾ ਮੰਨਿਆ ਗਿਆ ਹੈ। ਮਾਘੀ ਦੇ ਦਿਨ ਹਿੰਦੂ ਸੱਜਣ ਪ੍ਰਯਾਗ ਤੀਰਥ ਤੇ ਇਸ਼ਨਾਨ ਕਰਨਾ ਬਹੁਤ ਪੁੰਨ ਸਮਝਦੇ ਹਨ ਪਰ ਗੁਰੂ ਮਹਾਰਾਜ ਬਾਹਰੀ ਸਾਰੀਆਂ ਕ੍ਰਿਆਵਾਂ ਨੂੰ ਫੋਕਟ ਕਰਮ ਮੰਨਦੇ ਹਨ ਕਿਉਂਕਿ ਜਿੰਨਾ ਵੀ ਕੋਈ ਵਧੇਰੇ ਤੀਰਥਾਂ ਤੇ ਘੁੰਮਦਾ ਹੈ, ਓਨਾਂ ਵਧੇਰੇ ਉਹ ਹਉਮੈ-ਵਾਦੀ ਹੋ ਕੇ ਲੋਕਾਂ ਨੂੰ ਆਪਣੀ ਤੀਰਥ ਯਾਤਰਾ ਬਾਰੇ ਦਸਦਾ ਫਿਰਦਾ ਹੈ। ਗੁਰੂ ਮਹਾਰਾਜ ਦਾ ਫੁਰਮਾਨ ਹੈ -

*ਬਹੁ ਤੀਰਥ ਭਵਿਆ ਤੇਤੋ ਲਵਿਆ॥ ਅੰਗ - ੪੬੭*

ਜਿਤਨਾ ਭੀ ਕੋਈ ਬਹੁਤੇ ਤੀਰਥਾਂ ਦੀ ਯਾਤਰਾ ਕਰਦਾ ਹੈ ਉਤਨਾ ਹੀ ਥਾਂ-ਥਾਂ ਦਸਦਾ ਫਿਰਦਾ ਹੈ (ਕਾਂ ਵਾਂਗ ਲਉਂ-ਲਉਂ ਕਰਦਾ ਹੈ) ਕਿ ਮੈਂ ਫਲਾਣੇ-ਫਲਾਣੇ ਤੀਰਥਾਂ ਦੀ ਯਾਤਰਾ ਕਰ ਕੇ ਆਇਆ ਹਾਂ। ਸੋ ਤੀਰਥ ਯਾਤਰਾ ਭੀ ਲਾਭਕਾਰੀ ਹੋਣ ਦੀ ਥਾਂ ਅਹੰਕਾਰ ਦਾ ਹੀ ਕਾਰਨ ਬਣਦੀ ਹੈ। ਇਸੇ ਪ੍ਰਸੰਗ ਵਿਚ ਮਾਘਿ ਦੇ ਮਹੀਨੇ ਰਾਹੀਂ ਗੁਰੂ ਜੀ ਉਪਦੇਸ਼ ਕਰਦੇ ਹਨ ਕਿ ਹੇ ਪ੍ਰਾਣੀ! ਤੂੰ ਇਸ ਮਹੀਨੇ ਵਿਚ ਤੀਰਥਾਂ ਦੇ ਇਸ਼ਨਾਨ ਕਰਨ ਦੀ ਥਾਂ ਗੁਰਮੁਖਾਂ, ਗੁਰੂ ਪਿਆਰੇ ਸਾਧੂ ਜਨਾਂ ਦੀ ਸੰਗਤ ਕਰ, ਤੇਰੇ ਲਈ ਏਹੀ ਤੀਰਥਾਂ ਦਾ ਇਸ਼ਨਾਨ ਹੈ, ਮਨ ਵਿਚ ਨਿਮਰਤਾ ਲਿਆ, ਇਉਂ ਉਨ੍ਹਾਂ ਦੀ ਚਰਨ ਧੂੜ ਦਾ ਇਸ਼ਨਾਨ ਕਰ। ***(ਮਾਘਿ ਮਜਨੁ ਸੰਗਿ ਸਾਧੂਆਂ ਧੂੜੀ ਕਰਿ ਇਸਨਾਨੁ)*** ਉਨ੍ਹਾਂ ਗੁਰੂ ਪਿਆਰਿਆਂ ਦੀ ਸੰਗਤ ਵਿਚ ਪ੍ਰਭੂ ਦਾ ਨਾਮ ਜਪ, ਪ੍ਰਮਾਤਮਾ ਦੀ ਸਿਫਤਿ ਸਾਲਾਹ ਸੁਣ। ਨਾਮ ਅਭਿਆਸੀਆਂ, ਗੁਰਮੁਖਾਂ, ਗੁਰਸਿੱਖਾਂ, ਸੰਤਾਂ, ਮਹਾਂਪੁਰਸ਼ਾਂ ਦੀ ਸੰਗਤ ਵਿਚ ਨਾਮ-ਸਿਮਰਨ-ਅਭਿਆਸ ਦੇ

ਇਸ਼ਨਾਨ ਕਰਨ ਦੀ ਬਹੁਤ ਮਾਨਤਾ ਤੇ ਮਹਾਨਤਾ ਹੈ। ਐਸੀ ਸੰਗਤ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। ***ਸੰਤ ਕਾ ਸੰਗ ਵਡਭਾਗੀ ਪਾਈਐ॥ ਸੰਤ ਕੀ ਸੇਵਾ ਨਾਮ ਧਿਆਈਐ॥*** ਸਾਧੂ ਸੰਤਾਂ, ਨਾਮ-ਅਭਿਆਸੀ ਗੁਰਮੁਖਾਂ ਦੀ ਸੰਗਤ ਵਿਚ ਘੋਰ ਪਾਪਾਂ ਦਾ ਨਾਸ਼ ਹੁੰਦਾ ਹੈ।

*ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥*
*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥*
*ਅੰਗ - ੮੦੯*

ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ -

*ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨਕੀ ਪੂਰੇ।*
*ਨਾਨਕ ਦਾਸੁ ਇਹੈ ਸੁਖੁ ਮਾਂਗੈ*
*ਮੋ ਕਉ ਕਰਿ ਸੰਤਨ ਕੀ ਧੂਰੈ॥* *ਅੰਗ- ੧੩*

ਆਪ ਜਪੁ ਅਤੇ ਹੋਰ ਸਭਨਾਂ ਨੂੰ ਇਹ ਨਾਮ ਦੀ ਦਾਤ ਵੰਡ ***(ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ)*** ਗੁਰੂ ਰਾਮਦਾਸ ਜੀ ਗੁਰਸਿੱਖ ਦੀ ਪਰਿਭਾਸ਼ਾ ਹੀ ਇਹੋ ਦਸਦੇ ਹਨ ਕਿ ਗੁਰਸਿੱਖ ਅੰਮ੍ਰਿਤ ਵੇਲੇ ਉਠ ਕੇ ਨਾਮ ਧਿਆਉਂਦਾ ਹੈ। ਅਰਥਾਤ ਨਾਮ ਨੂੰ ਜਪਣਾ ਅਤੇ ਸੁਣਨਾ। ਨਾਮ ਰਸਨਾ ਨਾਲ ਜਪਣਾ ਹੈ ਅਤੇ ਰਸਨਾ ਨਾਲ ਉਚਾਰੇ, ਜਪੇ, ਗੁਰਮੰਤਰ ਵਾਹਿਗੁਰੂ-ਵਾਹਿਗੁਰੂ ਨੂੰ ਕੰਨਾਂ ਨਾਲ ਸੁਣਨਾ ਹੈ। ਇੰਜ ਧਿਆਨ ਜੁੜਦਾ ਹੈ। ਗੁਰਬਾਣੀ ਨੂੰ ਵੀ ਧਿਆਨ ਨਾਲ ਪੜ੍ਹਨਾ, ਕੰਨਾਂ ਨਾਲ ਸੁਣਨਾ ਅਤੇ ਜੀਵਨ ਵਿਚ ਧਾਰਨ ਕਰਨਾ ਹੀ ਨਾਮ ਜਪਣਾ ਹੈ। ਗੁਰਬਾਣੀ ਦਾ ਸਪੱਸ਼ਟ ਉਪਦੇਸ਼ ਹੈ ਆਪ ਨਾਮ ਜਪਣਾ ਹੈ ਅਤੇ ਦੂਜਿਆਂ ਨੂੰ ਨਾਮ ਜਪਣ ਲਈ ਪ੍ਰੇਰਤ ਕਰਨਾ ਹੈ। ਗੁਰਮੁਖ ਆਪ ਨਾਮ ਜਪਦਾ ਹੈ ਅਤੇ ਦੂਜਿਆਂ ਨੂੰ ਨਾਮ ਜਪਣ ਲਈ ਪ੍ਰੇਰਤ ਕਰਦਾ ਹੈ। ਐਸੇ ਗੁਰਸਿੱਖ ਦੀ ਗੁਰੂ ਮਹਾਰਾਜ ਚਰਨ ਧੂੜ ਬਾਂਛਦੇ ਹਨ ਅਰਥਾਤ ਬਹੁਤ ਸਤਿਕਾਰ ਦਿੰਦੇ ਹਨ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
......................................
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥* *ਅੰਗ - ੩੦੫*

ਇਸ ਤਰ੍ਹਾਂ ਨਾਮ-ਜਪ-ਸਿਮਰਨ ਰਾਹੀਂ ਕਈ ਜਨਮਾਂ ਦੇ ਕੀਤੇ ਕਰਮਾਂ ਤੋਂ ਪੈਦਾ ਹੋਈ ਵਿਕਾਰਾਂ ਦੀ ਮੈਲ ਤੇਰੇ ਮਨ ਤੋਂ ਉਤਰ ਜਾਵੇਗੀ ਅਤੇ ਮਨ ਵਿਚੋਂ ਅਹੰਕਾਰ ਦੂਰ ਹੋ ਜਾਏਗਾ। ***(ਜਨਮ ਕਰਮ ਮਲੁ ਉਤਰੇ ਮਨ ਤੇ ਜਾਇ ਗੁਮਾਨੁ)*** ਜਪੁਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਪਾਣੀ ਦੇ ਇਸ਼ਨਾਨ ਨਾਲ ਸਰੀਰ ਦੀ ਮੈਲ ਉਤਰਦੀ ਹੈ, ਕਪੜਿਆਂ ਦੀ ਮੈਲ ਸਾਬਣ ਲਾਇਆਂ ਲਥਦੀ ਹੈ ਪਰ ਜੇ ਮਨੁੱਖ ਦੀ ਮਨ ਬੁੱਧੀ ਪਾਪਾਂ ਨਾਲ ਮਲੀਨ ਹੋ ਜਾਵੇ ਤਾਂ ਉਹ ਪਾਪਾਂ ਦੀ ਮੈਲ ਅਕਾਲ ਪੁਰਖ ਦੇ ਨਾਮ-ਪਿਆਰ ਨਾਲ ਧੋਤੀ ਜਾਂਦੀ ਹੈ -

*ਭਰੀਐ ਹਥੁ ਪੈਰੁ ਤਨੁ ਦੇਹ ॥*
*ਪਾਣੀ ਧੋਤੈ ਉਤਰਸੁ ਖੇਹ ॥*
*ਮੂਤ ਪਲੀਤੀ ਕਪੜੁ ਹੋਇ ॥*
*ਦੇ ਸਾਬੂਣੁ ਲਈਐ ਓਹੁ ਧੋਇ ॥*
*ਭਰੀਐ ਮਤਿ ਪਾਪਾ ਕੈ ਸੰਗਿ ॥*
*ਓਹੁ ਧੋਪੈ ਨਾਵੈ ਕੈ ਰੰਗਿ ॥*
*ਪੁੰਨੀ ਪਾਪੀ ਆਖਣੁ ਨਾਹਿ ॥*
*ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥* *ਅੰਗ - ੪*

ਜਦੋਂ ਅਭਿਆਸੀ, ਜਗਿਆਸੂ, ਗੁਰੂ ਪਿਆਰਾ ਸਾਧਕ ਸੰਤ-ਸਾਧੂ, ਨਾਮ-ਅਭਿਆਸੀ ਦੀ ਸੰਗਤ ਵਿਚ ਨਾਮ-ਸਿਮਰਨ ਵਿਚ ਲਿਵ ਜੋੜਦਾ ਹੈ ਤਾਂ ਉਸ ਦੀ ਕਈ ਜਨਮਾਂ ਤੋਂ ਮਨ ਉਪਰ ਇਕੱਠੀ ਹੋਈ ਕਰਮਾਂ ਦੀ ਮੈਲ ਧੁਲ ਜਾਂਦੀ ਹੈ, ਨਾਮ ਅੰਦਰ ਵਸ ਜਾਣ ਤੇ ਮਨ ਵਿਚ ਅਹੰਕਾਰ-ਹਉਮੈ ਵੀ ਨਾਸ਼ ਹੋ ਜਾਂਦਾ ਹੈ ਕਿਉਂਕਿ ਜਿਥੇ ਹਉਮੈ ਹੈ, ਓਥੇ ਨਾਮ ਨਹੀਂ ਹੁੰਦਾ। ਹਉਮੈ ਤੇ ਨਾਮ ਦੋਵੇਂ ਇਕ ਥਾਂ ਨਹੀਂ ਵਸਦੇ, ਐਸਾ ਬਾਣੀ ਦਾ ਵਿਧਾਨ ਹੈ -

*ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥*
*ਅੰਗ - ੫੬੦*

ਨਾਮ-ਅਭਿਆਸੀ ਕਾਮ, ਕ੍ਰੋਧ ਦੀ ਮਾਰ ਤੋਂ ਵੀ ਬਚਿਆ ਰਹਿੰਦਾ ਹੈ, ਲੋਭ-ਕੁੱਤਾ ਵੀ ਉਸ ਦਾ ਕੁਝ ਨਹੀਂ ਵਿਗਾੜ ਸਕਦਾ, ਆਸ਼ਾ-ਤ੍ਰਿਸ਼ਨਾ ਦੇ ਰੋਗ - ਉਸ ਤੋਂ ਦੂਰ ਰਹਿੰਦੇ ਹਨ, ਐਸੀ ਗੁਰੂ ਜੀ ਦੀ ਬਖਸ਼ਿਸ਼ ਹੁੰਦੀ ਹੈ, ਨਾਮ-ਅਭਿਆਸੀ ਉਪਰ -

*ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥*
*ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥*
*ਅੰਗ - ੫੮*

*ਗੁਰਮੁਖਿ ਹਰਿ ਜੀਉ ਸਦਾ ਧਿਆਵਹੁ*
*ਜਬ ਲਗੁ ਜੀਅ ਪਰਾਨ ॥*
*ਗੁਰ ਸਬਦੀ ਮਨੁ ਨਿਰਮਲੁ ਹੋਆ ਚੂਕਾ ਮਨਿ ਅਭਿਮਾਨੁ ॥*
*ਅੰਗ - ੧੩੩੪*

*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥*
*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥*
*ਅੰਗ- ੧੩੬*

ਤੀਰਥਾਂ ਦੇ ਇਸ਼ਨਾਨ ਨਾਲ ਸਰੀਰ ਭਾਵੇਂ ਧੋਤਾ ਜਾਵੇ ਪਰ ਮਨ ਦੇ ਵਿਕਾਰ ਨਹੀਂ ਧੋਤੇ ਜਾਂਦੇ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਜਿਵੇਂ ਕਿਵੇਂ ਕਾਇਮ ਰਹਿੰਦੇ ਹਨ ਪਰ ਨਾਮ ਸਿਮਰਨ ਦੀ ਬਰਕਤ ਨਾਲ ਕਾਮ, ਕ੍ਰੋਧ ਵਿਚ ਨਹੀਂ ਫਸੀਦਾ, ਲੋਭ ਕੁੱਤਾ (ਲੋਭੁ ਸੁਆਨੁ) ਵੀ ਭੌਂਕਣੋਂ ਹਟ ਜਾਂਦਾ ਹੈ ਅਰਥਾਤ ਲੋਭ ਦੇ ਅਸਰ ਹੇਠ ਮਨੁੱਖ ਕੁੱਤੇ ਵਾਂਗ ਦਰ-ਦਰ ਤੇ ਭਟਕਦਾ ਹੈ, ਇਹ ਭਟਕਣਾ ਵੀ ਨਾਮ ਸਿਮਰਨ ਨਾਲ ਮੁੱਕ ਜਾਂਦੀ ਹੈ। ***(ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ)*** ਪ੍ਰਭੂ ਦੀ ਸ਼ਰਨ ਵਿਚ ਜਾਣ ਨਾਲ, ਨਾਮ ਸਿਮਰਨ ਦੇ ਅਭਿਆਸ ਰਾਹੀਂ ਸਾਰੇ ਵਿਸ਼ੇ-ਵਿਕਾਰ ਨਿਯੰਤਰਣ ਵਿਚ ਆ ਜਾਂਦੇ ਹਨ। ਫੁਰਮਾਨ ਹੈ -

*ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥*
*ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ ॥*

*ਅੰਗ - ੨੬੯*

ਨਾਮ-ਸਿਮਰਨ ਦੇ ਸੱਚੇ ਮਾਰਗ ਤੇ ਤੁਰਿਆਂ ਜਗਤ ਭੀ ਸੋਭਾ ਕਰਦਾ ਹੈ। ***(ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ)*** ਨਾਮ-ਸਿਮਰਨ ਵਾਲੇ ਪ੍ਰਾਣੀ ਨੂੰ ਧਾਰਮਿਕ ਕਰਮ ਕਾਂਡਾਂ ਤੇ ਰਸਮੀ ਕ੍ਰਿਆਵਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ। ਅਠਾਹਠ ਤੀਰਥਾਂ ਦੇ ਇਸ਼ਨਾਨ ਸਾਰੇ ਪੁੰਨ ਕਰਮ, ਜੀਵਾਂ ਉਤੇ ਦਇਆ ਕਰਨੀ, ਜੋ ਉਚੀ ਧਾਰਮਿਕ ਕਿਰਿਆ ਮੰਨੀ ਜਾਂਦੀ ਹੈ, ਇਹ ਸਭ ਕੁਝ ਨਾਮ-ਸਿਮਰਨ ਦੇ ਵਿਚ ਹੀ ਆ ਜਾਂਦਾ ਹੈ। ***(ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ)*** ਨਾਮ-ਸਿਮਰਨ ਵੀ ਉਸ ਦੀ ਦਾਤ ਹੈ। ਜਿਸ ਉਪਰ ਉਸ ਦੀ ਕ੍ਰਿਪਾ ਹੁੰਦੀ ਹੈ, ਉਸਨੂੰ ਹੀ ਇਹ ਬਖਸ਼ਿਸ਼ ਪ੍ਰਾਪਤ ਹੁੰਦੀ ਹੈ।

*ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥*

*ਅੰਗ - ੮੩*

*ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥*

*ਅੰਗ- ੯੪੭*

ਮਾਇਆ ਦਾ, ਮੋਹ ਦਾ ਸੰਸਾਰੀ ਮਾਰਗ, ਝੂਠ, ਪਾਖੰਡ, ਫਰੇਬ ਦਾ ਮਾਰਗ ਹੈ। ਧਨ ਜੋੜਨ ਦੀ ਲਾਲਸਾ, ਪਦਵੀਆਂ ਪ੍ਰਾਪਤ ਕਰਨ ਦੀ ਹਿਰਸ, ਜਰ ਜੋਰੂ ਜ਼ਮੀਨ ਦੀਆਂ ਲੜਾਈਆਂ ਝਗੜੇ, ਮਨੁੱਖ ਦੀ ਸਾਰੀ ਆਯੂ ਇਸ ਝੂਠ ਦੀ ਦੁਨੀਆਂ ਵਿਚ ਬਰਬਾਦ ਹੋ ਜਾਂਦੀ ਹੈ। ਸਤਿਗੁਰੂ ਤੋਂ ਸੱਚੇ, ਸੱਚ ਦੇ ਮਾਰਗ, ਪਰਮਾਤਮ ਦੇ ਨਾਮ-ਮਾਰਗ, ਦੀ ਸੋਝੀ ਹੁੰਦੀ ਹੈ, ਜਿਸ ਤੇ ਚਲਦਿਆਂ ਆਪਣੇ ਨਿੱਜ-ਸਰੂਪ, ਪਰਮਾਤਮ-ਸਰੂਪ ਦੀ ਪਛਾਣ ਹੁੰਦੀ ਹੈ, ਪਰਮੇਸ਼ਰ ਦੀ ਬਖਸ਼ਿਸ਼ ਤੇ ਮਿਲਾਪ ਪ੍ਰਾਪਤ ਹੁੰਦਾ ਹੈ ਤੇ ਲੋਕ-ਪਰਲੋਕ ਵਿਚ ਸੱਚੀ ਵਡਿਆਈ ਪ੍ਰਾਪਤ ਹੁੰਦੀ ਹੈ। ਸੰਸਾਰਕ ਸ਼ੋਭਾ, ਝੂਠੀ, ਮਤਲਬੀ ਤੇ ਲਾਲਚ ਭਰੀ ਹੁੰਦੀ ਹੈ, ਮਤਲਬ ਪੂਰਾ ਨਾ ਹੋਣ ਤੇ ਦੋਸਤੀ ਦੁਸ਼ਮਨੀ ਵਿਚ ਬਦਲ ਜਾਂਦੀ ਹੈ। ਸੱਚਾ ਪਿਆਰ, ਪ੍ਰਭੂ ਪਿਆਰ, ਸਦਾ ਦਾ ਸਦੀਵ ਕਾਲ ਲੋਕ ਪ੍ਰਲੋਕ ਵਿਚ ਨਿਭਦਾ ਹੈ। ਸੱਚੀ ਕਮਾਈ ਵਿਚ, ਨੇਕ ਕਿਰਤ ਵਿਚ ਬਰਕਤ ਹੈ, ਵੰਡ ਛਕਣ ਵਿਚ ਪ੍ਰਭੂ-ਪਿਆਰ। ਇਹ ਸੱਚੀ ਕਿਰਿਆ ਹੈ। ਬਾਕੀ ਦੇ ਕਰਮ ਕਾਂਡ, ਅਠਾਹਠ ਤੀਰਥਾਂ ਦੇ ਇਸ਼ਨਾਨ, ਪਾਪਾਂ ਦੀ ਕਮਾਈ ਕਰਕੇ ਕੀਤੇ ਅਨੇਕ ਦਾਨ ਇਤਿਆਦਿ ਕਰਨ ਨਾਲ ਮਨ ਨਿਰਮਲ ਨਹੀਂ ਹੁੰਦਾ। ਨੇਕ ਕਿਰਤ, ਸਤਿ-ਪੁਰਸ਼ਾਂ ਦੀ ਸੰਗਤ ਵਿਚ ਜਪਿਆ ਨਾਮ ਅਤੇ ਹੋਰਨਾਂ ਨੂੰ ਨਾਮ ਨਾਲ ਲਿਵ ਜੋੜਨ ਦੀ ਪ੍ਰੇਰਨਾ ਕਰਨੀ ਹੀ ਸੱਚੀ ਦਇਆ ਹੈ ਜੋ ਪ੍ਰਭੂ ਦੇ ਦਰਬਾਰ ਵਿਚ ਪਰਵਾਨ ਹੁੰਦੀ ਹੈ।

*ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥*
*ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥*

*ਅੰਗ - ੧੩੬*

ਪ੍ਰਮਾਤਮਾ ਕ੍ਰਿਪਾ ਕਰਕੇ ਜਿਸ ਮਨੁੱਖ ਨੂੰ ਸਿਮਰਨ ਦੀ ਦਾਤ ਦਿੰਦਾ ਹੈ, ਉਹ ਮਨੁੱਖ ਹੀ ਅਸਲ ਅਰਥਾਂ ਵਿਚ ਸਿਆਣਾ ਕਿਹਾ ਜਾ ਸਕਦਾ ਹੈ ਕਿਉਂਕਿ ਉਸ ਨੇ ਜੀਵਨ ਦੇ ਸਹੀ ਲਕਸ਼ ਅਤੇ ਸਹੀ ਰਸਤੇ ਦੀ ਪਛਾਣ ਕਰ ਲਈ ਹੁੰਦੀ ਹੈ ***(ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ)*** ਗੁਰੂ ਜੀ ਐਸੇ ਗੁਰੂ ਪਿਆਰੇ, ਗੁਰਸਿੱਖਾਂ, ਗੁਰਮੁਖਾਂ ਹਰੀ ਜਨਾਂ ਤੋਂ ਸਦਕੇ ਜਾਂਦੇ ਹਨ ਜਿਨ੍ਹਾਂ ਨੂੰ ਨਾਮ ਸਿਮਰਨ ਰਾਹੀਂ ਪਿਆਰੇ ਪ੍ਰਭੂ ਦਾ ਮਿਲਾਪ ਪ੍ਰਾਪਤ ਹੋ ਜਾਂਦਾ ਹੈ ***(ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ)*** ਗੁਰੂ ਜੀ ਉਪਦੇਸ਼ ਕਰਦੇ ਕਹਿੰਦੇ ਹਨ ਕਿ ਮਾਘ ਮਹੀਨੇ ਵਿਚ ਸਿਰਫ ਉਹੀ ਬੰਦੇ ਸੁੱਚੇ ਆਖੇ ਜਾ ਸਕਦੇ ਹਨ ਜਿਨ੍ਹਾਂ ਉਤੇ ਪੂਰਾ ਸਤਿਗੁਰੂ ਦਇਆਵਾਨ ਹੋ ਕੇ ਸਿਮਰਨ ਦੀ ਦਾਤ ਬਖਸ਼ਿਸ਼ ਕਰਦਾ ਹੈ।

*ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ॥*

*ਅੰਗ - ੧੩੫*

ਕੇਵਲ ਦੁਨਿਆਵੀ ਗਿਆਨ ਹਾਸਲ ਕਰਨਾ ਅਸਲ ਸੱਚਾ ਗਿਆਨ ਨਹੀਂ। ਦੁਨਿਆਵੀ ਗਿਆਨ ਵਾਲਾ ਗਿਆਨੀ ਆਪਣੀ ਦਿਮਾਗੀ ਚਲਾਕੀਆਂ ਨਾਲ ਸੰਸਾਰ ਨੂੰ ਠੱਗਦਾ ਹੈ, ਕਾਰਾਂ, ਕੋਠੀਆਂ, ਜ਼ਮੀਨਾਂ ਜਾਇਦਾਦਾਂ ਦਾ ਮਾਲਕ ਬਣ ਕੇ ਸ਼ਹੁਰਤ ਹਾਸਲ ਕਰਦਾ ਹੈ ਅਤੇ ਆਪਣੇ ਆਪ ਨੂੰ ਇਕ ਕਾਮਯਾਬ ਇਨਸਾਨ ਮੰਨਦਾ ਹੈ।

ਬਾਹਰੋਂ ਝੂਠੀ ਸ਼ੋਭਾ ਸੁਣ ਕੇ ਉਹ ਮਾਇਆ ਵਿਚ ਮਸਤ ਰਹਿੰਦਾ ਹੈ ਪਰ ਗੁਰੂ ਜੀ ਉਸ ਦੀ ਸਚਾਈ ਪ੍ਰਗਟ ਕਰਦੇ ਦਸਦੇ ਹਨ -

*ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥*

*ਅੰਗ - ੪੧੭*

ਗੁਰੂ ਜੀ ਅਨੁਸਾਰ ਅਸਲ ਤੇ ਸੱਚਾ ਗਿਆਨ ਗੁਰੂ ਕਿਰਪਾ ਰਾਹੀਂ ਪ੍ਰਾਪਤ ਹੁੰਦਾ ਹੈ, ਜਿਸ ਨਾਲ ਆਪਣੇ ਅਸਲ ਸਰੂਪ ਦੀ ਪਛਾਣ ਹੁੰਦੀ ਹੈ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*

*ਅੰਗ - ੪੪੧*

ਅਸਲ ਗਿਆਨਵਾਨ ਓਹੀ ਹੈ ਜਿਸਨੂੰ ਪਰਮਾਤਮਾ ਦਇਆ ਕਰਕੇ ਸੱਚੇ ਨਾਮ ਦੀ ਬਖਸ਼ਿਸ਼ ਕਰਦਾ ਹੈ। ਸਾਧ-ਸੰਗਤ ਵਿਚ ਨਾਮ-ਅਭਿਆਸ ਰਾਹੀਂ ਕੀਤੀ ਘਾਲਣਾ ਨੂੰ ਗੁਰੂ ਮਿਹਰ ਦਾ ਫਲ ਲਗਦਾ ਹੈ ਤੇ ਪ੍ਰਭੂ ਮਿਲਾਪ ਪ੍ਰਾਪਤ ਹੁੰਦਾ ਹੈ। ਐਸੇ ਗੁਰਮੁਖ ਨਾਮ-ਅਭਿਆਸੀਆਂ ਤੋਂ ਗੁਰੂ ਜੀ ਕੁਰਬਾਨ ਜਾਂਦੇ ਹਨ। ਮਾਘ ਦੇ ਮਹੀਨੇ ਵਿਚ ਅਸਲ ਸੱਚੇ ਤੇ ਸੁੱਚੇ, ਸੁਘੜ ਸਿਆਣੇ ਤੇ ਸੁਜਾਨ ਪੁਰਸ਼ ਓਹੀ ਹਨ ਜਿਹੜੇ ਗੁਰੂ ਕਿਰਪਾ ਦੇ ਪਾਤਰ ਬਣਦੇ ਹਨ ਅਤੇ ਪ੍ਰਭੂ ਨਾਮ ਵਿਚ ਲਿਵ ਜੋੜੀ ਰਖਦੇ ਹਨ।

*ਮੁੱਖ ਸੰਪਾਦਕ*
*ਡਾ. ਜਗਜੀਤ ਸਿੰਘ*

# ਬਾਬਾਣੀਆਂ ਕਹਾਣੀਆਂ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-25)*

ਰਾੜੇ ਸਾਹਿਬ ਵਾਲੇ ਮਹਾਂਪੁਰਸ਼ਾਂ ਦਾ ਜੀਵਨ ਬਹੁਤ ਹੀ ਗੁਪਤ ਵਰਤੋਂ ਵਿਚ ਲੰਘਿਆ ਹੈ। ਉਨ੍ਹਾਂ ਦੀ ਤਪ ਤਪਸਿਆ ਦਾ ਫਲ ਦੇਖਣਾ ਹੋਵੇ ਤਾਂ ਅੱਜ ਦੇਖੋ ਉਨ੍ਹਾਂ ਦੇ ਪਾਸ ਰਹਿਣ ਵਾਲੇ ਪ੍ਰੇਮੀ ਉਨ੍ਹਾਂ ਦੀ ਦਿਤੀ ਹੋਈ ਆਤਮ ਸੂਝ ਨੂੰ ਸੰਸਾਰ ਵਿਚ ਵੰਡ ਰਹੇ ਹਨ, ਜਿਨ੍ਹਾਂ ਵਿਚ ਜਰਗ ਵਾਲੇ ਮਹਾਂਪੁਰਸ਼ ਬਾਬਾ ਭੁਪਿੰਦਰ ਸਿੰਘ ਜੀ, ਸੰਤ ਬਾਬਾ ਮਹਿੰਦਰ ਸਿੰਘ ਜੀ ਜਥੇਦਾਰ, ਸੰਤ ਤੀਰਥ ਸਿੰਘ ਜੀ ਸ਼ਾਮ ਚੁਰਾਸੀ, ਸੰਤ ਬਾਬਾ ਬਲਵੰਤ ਸਿੰਘ ਜੀ ਰਾੜਾ ਸਾਹਿਬ, (ਲੰਗਰ ਦੇ ਸ੍ਰੀ ਮਾਨ); ਸੰਤ ਬਾਬਾ ਤੇਜਾ ਸਿੰਘ ਜੀ ਭੌਰੇ ਵਾਲੇ, ਸੰਤ ਸੁਖਦੇਵ ਸਿੰਘ ਜੀ ਅਲੋਰਾਂ ਵਾਲੇ, ਸੰਤ ਸਾਧੂ ਸਿੰਘ ਜੀ ਸੰਗਰੂਰ ਵਾਲੇ ਅਤੇ ਹੋਰ ਅਨੇਕ ਮਹਾਤਮਾਵਾਂ ਦਾ ਜ਼ਿਕਰ ਆਉਂਦਾ ਹੈ। ਮੈਨੂੰ ਕਿਸੇ ਨੇ ਦੱਸਿਆ ਕਿ ਸੰਤ ਭੁਪਿੰਦਰ ਸਿੰਘ ਜੀ ਅਮਰੀਕਾ ਗਏ, ਕਿਸੇ ਗੁਰਦੁਆਰੇ ਵਿਚ ਉਨ੍ਹਾਂ ਦਾ ਕੀਰਤਨ ਚਲ ਰਿਹਾ ਸੀ ਅਤੇ ਉਨ੍ਹਾਂ ਨੇ ਨਾ ਤਾਂ ਆਪਣੇ ਵਾਜੇ ਉਪਰ ਕਿਸੇ ਨੂੰ ਪੈਸੇ ਰੱਖਣ ਦਿਤੇ ਅਤੇ ਨਾ ਹੀ ਗੁਰਦੁਆਰਾ ਸਾਹਿਬ ਤੋਂ ਕੋਈ ਸਿਰੋਪਾ ਲਿਆ। ਇਸ ਘਟਨਾ ਬਾਰੇ ਮੈਨੂੰ ਅਮਰੀਕਾ ਤੋਂ ਟੈਲੀਫੂਨ ਤੇ ਦਸਿਆ ਤੇ ਮੈਨੂੰ ਸੁਣ ਕੇ ਬਹੁਤ ਪ੍ਰਸੰਨਤਾ ਹੋਈ ਕਿ ਆਪ ਡਾਲਰਾਂ ਦੇ ਲੋਭ ਵਿਚ ਨਹੀਂ ਆਏ ਸਗੋਂ ਮਹਾਂਪੁਰਸ਼ਾਂ ਦੀ ਚਲਾਈ ਹੋਈ ਪਰੰਪਰਾ ਨੂੰ ਸਰਵੋਤਮ ਜਾਣਦੇ ਹੋਏ ਸਾਰੇ ਪੈਸੇ ਵਾਪਸ ਕਰ ਦਿਤੇ। ਅਜਿਹੇ ਮਹਾਂਪੁਰਸ਼ਾਂ ਨੂੰ ਕਿਸ ਤਰ੍ਹਾਂ ਨਿੰਦਿਆ ਜਾਵੇ ਅਤੇ ਇਨ੍ਹਾਂ ਨੂੰ ਵੀ ਇਸ ਰੱਸੇ ਵਿਚ ਲਪੇਟ ਲਿਆ ਜਿਸ ਵਿਚ ਕਈ ਭੇਖੀ ਬੁਰੀ ਤਰ੍ਹਾਂ ਫਸੇ ਪਏ ਹਨ?

ਜਥੇਦਾਰ ਮਹਿੰਦਰ ਸਿੰਘ ਜੀ ਦਾ ਜੀਵਨ ਇਕ ਆਦਰਸ਼ਕ ਜੀਵਨ ਹੈ, ਉਹ ਬਚਪਨ ਵਿਚ ਹੀ ਮਹਾਰਾਜ ਜੀ ਪਾਸ ਰਾੜਾ ਸਾਹਿਬ ਆ ਗਏ ਸਨ। ਜਦੋਂ ਮੈਂ ਸੰਤ ਮਹਾਰਾਜ ਦੀ ਸੇਵਾ ਵਿਚ ਪਹੁੰਚਿਆ ਸੀ ਉਨ੍ਹਾਂ ਨੂੰ ਆਇਆਂ ਅਜੇ ਥੋੜ੍ਹੇ ਦਿਨ ਹੀ ਹੋਏ ਸਨ। ਉਸ ਵੇਲੇ ਉਹ ਸਿੱਧੇ-ਸਾਦੇ ਸੁਭਾਅ ਦੇ ਜਗਿਆਸੂ ਸਨ ਪਰ ਉਨ੍ਹਾਂ ਵਿਚ ਐਸੀ ਦ੍ਰਿੜ੍ਹਤਾ ਪਾਈ ਗਈ ਕਿ ਸੰਤ ਮਹਾਰਾਜ ਜੀ ਦਾ ਇਕ-ਇਕ ਬਚਨ ਦ੍ਰਿੜ੍ਹਤਾ ਅਤੇ ਦਲੇਰੀ ਨਾਲ ਕਮਾਇਆ, ਉਨ੍ਹਾਂ ਦੀ ਬੰਦਗੀ ਇਕ ਰਸ ਚਲਦੀ ਰਹੀ। ਭਾਵੇਂ ਉਨ੍ਹਾਂ ਨੇ ਸਕੂਲੀ ਪੜ੍ਹਾਈ ਘਟ ਹੀ ਕੀਤੀ ਸੀ ਪਰ ਸੰਤ ਮਹਾਰਾਜ ਜੀ ਦਾ ਇਕ-ਇਕ ਬਚਨ ਉਨ੍ਹਾਂ ਦੀ ਯਾਦ ਵਿਚ ਸਮਾਅ ਗਿਆ, ਜਿਸ ਨੂੰ ਸੰਤ ਮਹਾਰਾਜ ਜੀ ਦੇ ਬ੍ਰਹਮਲੀਨ ਹੋਣ ਪਿਛੋਂ ਸੰਗਤਾਂ ਨੇ ਸੁਣ ਕੇ ਓਹੀ ਅਨੰਦ ਮਾਣਿਆ ਜੋ ਸੰਤ ਮਹਾਰਾਜ ਜੀ ਦੇ ਸਰੀਰਧਾਰੀ ਹੁੰਦਿਆਂ ਮਾਣਿਆ ਕਰਦੀਆਂ ਸਨ।

ਇਸੇ ਤਰ੍ਹਾਂ ਨਾਲ ਬਾਬੂ ਰਲਾ ਸਿੰਘ ਜੀ ਦਭਲਾਨ ਵਾਲਿਆਂ ਦਾ ਜੀਵਨ ਭਗਤੀ ਦਾ ਅਵਤਾਰ ਸੀ। ਉਹ ਸਾਰੀ ਜ਼ਿੰਦਗੀ ਆਪਣੇ ਪ੍ਰੀਤਮ ਦੇ ਪਿਆਰ ਵਿਚ ਖਿਚ ਭਰੇ ਜੀਵਨ ਵਿਚ ਸੁਆਸ ਲੈਂਦੇ ਰਹੇ ਅਤੇ ਭਗਤੀ ਦਾ ਨਮੂਨਾ ਸਾਡੇ ਵਰਗਿਆਂ ਨੂੰ ਦਿਤਾ। ਜਦੋਂ ਤੋਂ ਉਹ ਸੰਤ ਮਹਾਰਾਜ ਦੀ ਸੇਵਾ ਵਿਚ ਆਏ ਉਸ ਸਮੇਂ ਤੋਂ ਹੀ ਉਨ੍ਹਾਂ ਦਾ ਜੀਵਨ ਕਠਨ ਤਤਿਕਸ਼ਾ ਵਿਚ ਲੰਘਿਆ। ਸੰਤ ਮਹਾਰਾਜ ਜੀ ਦੇ ਭੋਰੇ ਦੇ ਮੁਖ ਦਰਵਾਜ਼ੇ ਦੇ ਸਾਮ੍ਹਣੇ ਇਕ ਬੋਰੀ ਵਿਛਾ ਕੇ ਪੈਂਦੇ ਰਹੇ ਅਤੇ ਸੇਵਾ ਤੋਂ ਕਦੇ ਵੀ ਗਫਲਤ ਨਾ ਕੀਤੀ। ਹਰ ਵਕਤ ਬੈਰਾਗ ਦੀ ਗਹਿਰੀ ਅਵਸਥਾ ਵਿਚ ਰਿਹਾ ਕਰਦੇ ਸਨ। ਉਨ੍ਹਾਂ ਦੇ ਸਾਰੇ ਸੁਆਸ ਭਜਨ ਰੂਪ ਬਣੇ ਹੋਏ ਸਨ ਕਿਉਂਕਿ ਉਹ ਪਿਆਰੇ ਤੋਂ ਬਿਨਾਂ ਇਕ ਛਿਨ ਮਾਤਰ ਵੀ ਜਿਉਂ ਨਹੀਂ ਸਕਦੇ ਸਨ। ਉਨ੍ਹਾਂ ਦੀ ਹਾਲਤ ਸੀ ਜਿਵੇਂ ਮੱਛੀ ਦੀ ਪਾਣੀ ਤੋਂ ਬਗੈਰ ਹੋਇਆ ਕਰਦੀ ਹੈ। ਉਨ੍ਹਾਂ ਨੇ ਆਪਣੇ ਪਾਸ ਆਪਣੇ ਨਿਜ ਦਾ ਕੁਝ ਵੀ ਨਾ ਰੱਖਿਆ। ਸਾਰੀ ਜਾਇਦਾਦ ਦਭਲਾਨ ਦੇ ਆਸ਼ਰਮ ਵਿਚ ਭੇਟ ਕਰ ਦਿਤੀ। ਸੰਤ ਮਹਾਰਾਜ ਜੀ ਦੇ ਸਰੀਰ ਛੱਡਣ ਪਿਛੋਂ ਆਪ ਜੀ ਨੇ ਦਭਲਾਨ ਵਿਚ ਡਟ ਕੇ ਉਚ ਆਦਰਸ਼ ਦੀ ਪੂਰਤੀ ਲਈ ਪਹਿਰਾ ਦਿਤਾ। ਮੇਰੇ ਨਾਲ ਤਾਂ ਜਦੋਂ ਵੀ ਉਨ੍ਹਾਂ ਦਾ ਮਿਲਾਪ ਹੁੰਦਾ ਸੀ ਉਹ ਬਿਰਹੇ ਦੀ ਸਾਖਸ਼ਾਤ ਮੂਰਤੀ ਹੀ ਨਜ਼ਰ ਆਇਆ ਕਰਦੇ ਸਨ। ਹੋਰ ਗੱਲਾਂ ਤਾਂ ਕੀ ਕਰਨੀਆਂ ਸਨ ਉਨ੍ਹਾਂ ਦੇ ਸਾਰੇ ਬਚਨ ਸੰਤ ਮਹਾਰਾਜ ਜੀ ਦੇ ਵਜੂਦ ਦੁਆਲੇ ਘੁੰਮਦੇ ਰਹਿੰਦੇ ਸਨ। ਉਨ੍ਹਾਂ ਨੇ ਵੱਡੀ ਉਮਰ ਭੋਗੀ, ਪਰ ਇਕ ਸੁਆਸ ਵਾਸਤੇ ਵੀ ਕਦੇ ਸੰਤ ਮਹਾਰਾਜ ਜੀ ਦੀ ਲਿਵ ਤੋਂ ਬਾਹਰ ਨਾ ਆਏ। ਉਨ੍ਹਾਂ ਦਾ ਜੀਵਨ ਸਚਮੁਚ ਹੀ ਇਸ ਮਹਾਂਵਾਕ ਦੇ ਅਨੁਕੂਲ ਢੁਕਦਾ ਸੀ -

***ਸਾਚੁ ਕਹੌਂ ਸੁਨ ਲੇਹੁ ਸਭੈ***
***ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ।***

ਇਸੇ ਤਰ੍ਹਾਂ ਨਾਲ ਬਹੁਤ ਸਾਰੇ ਪ੍ਰੇਮੀਆਂ ਦੇ ਜੀਵਨ ਲੰਘੇ ਹਨ ਜਿਹੜੇ ਮਹਾਂਪੁਰਸ਼ਾਂ ਦੀ ਛਤਰ ਛਾਇਆ ਅਤੇ ਸੰਗਤ ਪ੍ਰਾਪਤ ਕਰਕੇ ਲਿਵ ਦੀ ਅਵਸਥਾ ਵਿਚ ਸੰਸਾਰ ਵਿਚ ਵਿਚਰੇ। ਜਿਨ੍ਹਾਂ ਵਿਚ ਸੰਤ ਮਹਿੰਦਰ ਸਿੰਘ ਜੀ (ਪਟਵਾਰੀ), ਸੰਤ ਉਜਾਗਰ ਸਿੰਘ ਜੀ, ਭਾਈ ਸਾਹਿਬ ਸੰਤ ਗੁਰਬਚਨ ਸਿੰਘ ਜੀ ਦੇ ਨਾਮ ਵਰਣਨਯੋਗ ਹਨ ਅਤੇ ਅਜਕਲ੍ਹ ਸੰਤ ਨਿਧਾਨ ਸਿੰਘ ਜੀ, ਸੰਤ ਤ੍ਰਿਲੋਕ ਸਿੰਘ ਜੀ, ਸੰਤ ਜਸਵੰਤ ਸਿੰਘ ਜੀ ਉਨ੍ਹਾਂ ਅਸੂਲਾਂ ਉਪਰ ਹੀ ਆਪਣਾ ਜੀਵਨ ਗੁਰੂ ਸੇਵਾ ਵਿਚ ਲੰਘਾ ਰਹੇ ਹਨ। ਉਨ੍ਹਾਂ ਦੇ ਨਾਮ ਸਿਮਰਨ ਦੀਆਂ ਅਵਸਥਾਵਾਂ ਨੂੰ ਮੈਂ ਜਾਣਦਾ ਹਾਂ ਉਹ ਚੰਗੇ ਸੰਤਾਂ ਵਰਗੇ ਗੁਪਤ ਰੂਪ ਵਿਚ ਵਰਤ ਰਹੇ ਹਨ। ਸੰਤ ਰਣਜੋਧ ਸਿੰਘ ਜੀ ਪਟਿਆਲੇ ਨੇੜੇ ਢੈਂਠਲ ਵਿਚ ਸੇਵਾ ਕਰ ਰਹੇ ਹਨ। ਜਿਨ੍ਹਾਂ ਦਾ ਮੈਂ ਉਪਰ ਜ਼ਿਕਰ ਕੀਤਾ ਹੈ ਉਹ ਸਾਰੇ ਆਪਣਾ ਜੀਵਨ ਸਮਰਪਣ ਕਰਕੇ ਉਚੀਆਂ ਅਵਸਥਾਵਾਂ ਵਿਚ ਵਿਚਰ ਰਹੇ ਹਨ। ਉਨ੍ਹਾਂ ਵਿਚ ਰਾਗ ਦ੍ਵੈਸ਼ ਦੀ ਕੋਈ ਅੰਸ ਦਿਸਦੀ ਹੀ ਨਹੀਂ ਹੈ, ਨਾ ਹੀ ਉਨ੍ਹਾਂ ਨੂੰ ਕੋਈ ਅਭਿਮਾਨ ਹੈ। ਉਹ ਮਹਾਂਪੁਰਸ਼ਾਂ ਦੇ ਪਿਆਰ ਵਿਚ ਵਸਦੇ ਹਰ ਵਕਤ ਹਰੀ ਰਸ ਵਿਚ ਲਿਵਤਾਰ ਰਹਿੰਦੇ ਹਨ ਅਤੇ ਗੁਪਤ ਰਹਿ ਕੇ ਇਕ ਮਾਰਗ ਪ੍ਰਦਰਸ਼ਨ ਕਰ ਰਹੇ ਹਨ। ਇਹ ਸਭ ਸੰਤ

ਮਹਾਰਾਜ ਸੰਤ ਈਸ਼ਰ ਸਿੰਘ ਜੀ ਦੀ ਘਾਲ ਕਮਾਈ, ਤਪ ਤਪਸਿਆ ਅਤੇ ਕਰਨੀ ਕਮਾਈ ਦੇ ਫਲਸਰੂਪ ਹੈ। ਸੰਤ ਮਹਾਰਾਜ ਬਾਬਾ ਕਿਸ਼ਨ ਸਿੰਘ ਜੀ ਜਿਨ੍ਹਾਂ ਨੂੰ ਛੋਟੇ ਸੰਤ ਕਿਹਾ ਜਾਂਦਾ ਸੀ ਉਨ੍ਹਾਂ ਨੇ ਕਰਮਯੋਗ ਵਿਚ ਰਹਿ ਕੇ ਪ੍ਰਭੂ ਪ੍ਰਾਪਤੀ ਦਾ ਅਨੰਦ ਮਾਣਦਿਆਂ ਹੋਇਆਂ ਅਨੇਕਾਂ ਭੁੱਲੜ ਬੰਦਿਆਂ ਨੂੰ ਪ੍ਰਭੂ ਨਾਲ ਜੋੜਿਆ। ਉਨ੍ਹਾਂ ਦੇ ਬਚਨ ਅਮੋਘ ਬਾਣ ਹੋਇਆ ਕਰਦੇ ਸਨ। ਜਦੋਂ ਉਨ੍ਹਾਂ ਦਾ ਜ਼ਿਕਰ ਆਇਆ ਤਾਂ ਖੋਲ੍ਹ ਕੇ ਉਨ੍ਹਾਂ ਦੀ ਕਹਾਣੀ ਵੀ ਸੰਗਤ ਨਾਲ ਸਾਂਝੀ ਕੀਤੀ ਜਾਵੇਗੀ।

ਰਾੜਾ ਸਾਹਿਬ ਵਾਲੇ ਵੱਡੇ ਮਹਾਂਪੁਰਸ਼ਾਂ ਨੇ ਜੋ ਕਮਾਈ ਕੀਤੀ ਉਹ ਸਦਾ ਹੀ ਸੰਸਾਰ ਵਿਚ ਪ੍ਰਕਾਸ਼ ਕਰਦੀ ਰਹੇਗੀ। ਮੇਰੇ ਵਰਗੇ ਅਣਜਾਣ ਬੰਦੇ ਵੀ ਉਨ੍ਹਾਂ ਦੀ ਰਹਿਮਤ ਸਦਕੇ ਗ੍ਰਹਿਸਤ ਵਿਚ ਉਲਝੇ ਹੋਏ ਵੀ ਆਤਮ ਮਾਰਗ ਦੇ ਪ੍ਰਕਾਸ਼ ਵਿਚ ਚਲਣਯੋਗ ਬਣਾ ਦਿਤੇ।

ਇਸ ਲੇਖ ਵਿਚ ਪ੍ਰਮ ਸੰਤ, ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦਾ ਜ਼ਿਕਰ ਚਲ ਰਿਹਾ ਹੈ। ਆਪ ਨੇ ਜੋ ਘਾਲ ਕਮਾਈ 'ਆਦਿ ਸਚੁ ਜੁਗਾਦਿ ਸਚੁ' ਦੀ ਪ੍ਰਾਪਤੀ ਲਈ ਕੀਤੀ ਉਹ ਅਨੇਕਾਂ ਜਗਿਆਸੂਆਂ ਨੂੰ ਮਾਰਗ ਦਰਸ਼ਨ ਕਰਵਾਉਂਦੀ ਹੈ। ਮਹਾਂਪੁਰਸ਼ਾਂ (ਸੰਤ ਅਤਰ ਸਿੰਘ ਜੀ ਰੇਰੂ ਸਾਹਿਬ) ਦੀ ਹਜ਼ੂਰੀ ਵਿਚ ਉਨ੍ਹਾਂ ਦੀ ਇਹ ਹਾਲਤ ਸੀ ਕਿ ਸੌਣਾ ਅਤੇ ਪੇਟ ਭਰ ਕੇ ਛਕਣਾ ਭੁੱਲ ਹੀ ਗਏ ਸਨ। ਮਹਾਂਪੁਰਸ਼ਾਂ ਦੀ ਅਤਿ ਕਰੜੀ ਸੇਵਾ ਵਿਚ ਹਰ ਸਮੇਂ ਲੀਨ ਰਹਿਣਾ ਅਤੇ ਰਾਤ ਨੂੰ ਚੌਂਕੜਾ ਮਾਰ ਕੇ ਜੇ ਨੀਂਦ ਦਾ ਬਹੁਤ ਜ਼ੋਰ ਪਵੇ ਤਾਂ ਉਸੇ ਤਰ੍ਹਾਂ ਬਿਨਾਂ ਧਰਤੀ ਤੇ ਪਿੱਠ ਲਾਇਆਂ ਆਪਣੀ ਨੀਂਦ ਪੂਰੀ ਕਰ ਲੈਣੀ।

ਇਕ ਵਾਰੀ ਮਹਾਰਾਜ ਜੀ ਮੈਨੂੰ ਸਹਿਜ ਨਾਲ ਹੀ ਦਸਦੇ ਸਨ ਕਿ ਜੀਵਨ ਵਿਚ ਬਾਹਰਲੀਆਂ ਘਟਨਾਵਾਂ ਤਾਂ ਦਰਜ ਕੀਤੀਆਂ ਜਾ ਸਕਦੀਆਂ ਹਨ ਪਰ ਅੰਤਰ ਆਤਮੇ ਜੋ ਕਰੜਾ ਸੰਘਰਸ਼ ਕਲਜੁੱਗ ਨਾਲ ਕਰਨਾ ਪੈਂਦਾ ਹੈ, ਉਸ ਨੂੰ ਕੋਈ ਹੀ ਜਾਣਦਾ ਹੈ। ਇਸ ਮਾਰਗ ਵਿਚ ਆਲਸ ਬਹੁਤ ਵਿਘਨਕਾਰੀ ਹੋਇਆ ਕਰਦੀ ਹੈ।

ਇਕ ਕਥਾ ਤੁਸੀਂ ਸੁਣੀ ਹੋਵੇਗੀ ਕਿ ਗੁਰੂ ਨਾਨਕ ਦੇਵ ਜੀ, ਭਾਈ ਬਾਲਾ ਤੇ ਮਰਦਾਨਾ ਸਮੇਤ ਇਕ ਸੋਹਣਾ ਸਵੱਸਥ, ਸਾਫ-ਸੁਥਰਾ ਥਾਂ ਦੇਖ ਕੇ ਬਿਰਾਜਮਾਨ ਹਨ। ਇਕ ਵੱਡੇ ਵਿਕਰਾਲ ਕੱਦ ਵਾਲਾ ਪ੍ਰੇਮੀ, ਬਹੁਤ ਵੱਡਾ ਬੋਝਾ ਉਠਾਈਂ ਕੋਲੋਂ ਦੀ ਲੰਘ ਰਿਹਾ ਹੈ। ਭਾਈ ਮਰਦਾਨਾ ਜੀ ਨੇ ਅਨੁਮਾਨ ਲਾਇਆ ਕਿ ਕੌਣ ਹੋ ਸਕਦਾ ਹੈ। ਜਦੋਂ ਉਸ ਨੂੰ ਨਾ ਪਤਾ ਲੱਗਿਆ ਤਾਂ ਗੁਰੂ ਮਹਾਰਾਜ ਜੀ ਪਾਸ ਬੇਨਤੀ ਕੀਤੀ ਕਿ ਪਾਤਸ਼ਾਹ! ਇਹ ਕੌਣ ਹੈ? ਆਪ ਜੀ ਨੇ ਫੁਰਮਾਨ ਕੀਤਾ ਕਿ ਭਾਈ ਮਰਦਾਨਾ! ਇਹ ਕਲਜੁਗ ਹੈ।

ਸੱਚੇ ਪਾਤਸ਼ਾਹ! "ਇਹ ਕੀ ਚੁਕੀਂ ਜਾ ਰਿਹਾ ਹੈ?"

ਕਹਿਣ ਲੱਗੇ, "ਆਵਾਜ਼ ਦੇ ਕੇ ਪੁਛ ਲੈ ਅਤੇ ਆਪਣਾ ਸ਼ੰਕਾ ਦੂਰ ਕਰ ਲੈ।"

ਉਸ ਵੇਲੇ ਭਾਈ ਮਰਦਾਨਾ ਜੀ ਨੇ ਆਵਾਜ਼ ਦਿਤੀ, ਪ੍ਰੇਮੀਆਂ! ਜ਼ਰਾ ਦਰਸ਼ਨ ਦੇਣ ਦੀ ਕ੍ਰਿਪਾ ਕਰ ਮੈਂ ਕੁਝ ਆਪ ਤੋਂ ਪੁਛਣਾ ਚਾਹੁੰਦਾ ਹਾਂ। ਕਲਜੁਗ ਨੇ ਆ ਕੇ ਜੁੱਲੜ ਰੱਖ ਦਿਤਾ ਅਤੇ ਨਮਸਕਾਰ ਕਰਕੇ ਬੈਠ ਗਿਆ। ਆਪਣਾ ਪਰੀਚਾ ਦਿੰਦੇ ਹੋਏ ਭਾਈ ਮਰਦਾਨਾ ਨੂੰ ਕਿਹਾ ਕਿ ਮੈਂ ਇਸ ਜੁੱਗ ਦਾ ਰਾਜਾ ਹਾਂ। ਮੇਰੇ ਰਾਜ ਦਾ ਸਮਾਂ 4 ਲੱਖ 32 ਹਜ਼ਾਰ ਸਾਲ ਹੈ। ਮੇਰੇ ਤੋਂ ਪਹਿਲਾਂ ਮੇਰੇ ਤਿੰਨ ਭਾਈ ਰਾਜ ਕਰ ਚੁੱਕੇ ਹਨ। ਸਾਰਾ ਮਿਲਾ ਕੇ ਸਾਡੇ ਚਾਰਾਂ ਭਰਾਵਾਂ ਦਾ ਸਮਾਂ 43 ਲੱਖ 20 ਹਜ਼ਾਰ ਸਾਲ ਹੈ। ਅਸੀਂ ਵਾਰੀ-ਵਾਰੀ ਆਪਣੇ ਸਮੇਂ ਅਨੁਸਾਰ ਰਾਜ ਕਰਦੇ ਹਾਂ। ਸਮਾਂ ਆਉਣ ਤੇ, ਪਹਿਲਾ ਭਰਾ ਪਾਸੇ ਹਟ ਜਾਂਦਾ ਹੈ, ਦੂਸਰਾ ਤਖਤ ਤੇ ਬੈਠ ਕੇ ਰਾਜ ਕਰਦਾ ਹੈ। ਮੇਰੇ ਸਭ ਤੋਂ ਵੱਡੇ ਭਰਾ ਜਿਸ ਨੂੰ 'ਸਤਿਜੁਗ' ਕਹਿੰਦੇ ਹਨ ਉਸ ਦਾ ਰਾਜ ਸੰਸਾਰ ਉਪਰ 17 ਲੱਖ 32 ਹਜ਼ਾਰ ਸਾਲ ਰਿਹਾ। ਉਸ ਦੇ ਰਾਜ ਵਿਚ ਜੋ ਮਨੁੱਖ ਰਹਿੰਦੇ ਸਨ ਉਨ੍ਹਾਂ ਦਾ ਜੀਵਨ ਬਹੁਤ ਉਚਾ ਸੀ। ਉਹ ਸੱਚ ਬੋਲਦੇ ਸਨ, ਕੋਈ ਵੀ ਪੁਰਸ਼ ਨਿਗੁਰਾ ਨਹੀਂ ਸੀ ਹੋਇਆ ਕਰਦਾ, ਧਰਮ ਦੇ ਚਾਰੇ ਪੈਰ ਕਾਇਮ ਸਨ, ਉਸ ਵੇਲੇ ਸਾਰੇ ਹੀ ਸੱਚ ਬੋਲਦੇ ਸਨ, ਝੂਠ ਨਾਮ ਦੀ ਕੋਈ ਚੀਜ਼ ਹੁੰਦੀ ਹੀ ਨਹੀਂ ਸੀ। ਪ੍ਰਮੇਸ਼ਰ ਦੀ ਭਗਤੀ ਕਰਦੇ ਸਨ, ਆਪਣੇ ਗੁਰੂ ਦੀ ਸੇਵਾ ਕਰਕੇ ਆਪਣਾ ਜੀਵਨ ਸਫਲ ਕਰਦੇ ਸਨ। ਇੰਨਾਂ ਸਮਾਂ ਗੁਜ਼ਰ ਜਾਣ ਤੇ ਇਕ ਸ਼ਕਤੀ (ਪੈਰ) ਧਰਮ ਦੀ ਦੂਰ ਹੋ ਗਈ, ਸੰਸਾਰ ਵਿਚ ਦਿਖਾਵਾ ਵਧ ਗਿਆ ਅਤੇ ਪਾਖੰਡ ਨੇ ਜੀਵਨ ਵਿਚ ਪ੍ਰਵੇਸ਼ ਕਰ ਲਿਆ। ਸਤਿਜੁਗ ਵਿਚ ਸਾਰੇ ਜਾਣਦੇ ਸਨ ਕਿ ਵਾਹਿਗੁਰੂ ਜੀ ਹਾਜ਼ਰ ਨਾਜ਼ਰ, ਘਟ-ਘਟ ਵਿਚ ਵਿਆਪਕ ਹਨ, ਉਹ ਹਰ ਤੱਤ ਵਿਚ ਪੂਰੀ ਤਰ੍ਹਾਂ ਨਾਲ ਵਿਆਪਕ ਹਨ। ਉਹ ਆਪ ਹੀ ਇਕ ਤੋਂ ਅਨੇਕ ਰੂਪ ਹੋ ਕੇ ਸੰਸਾਰ ਵਿਚ ਆਪਣਾ ਖੇਲ੍ਹ ਕਰ ਰਹੇ ਹਨ। ਉਹ ਨਾਮ ਦੀ ਪ੍ਰਮ ਉਚੀ ਅਵਸਥਾ ਵਿਚ ਆਪਣਾ ਜੀਵਨ ਬਤੀਤ ਕਰਿਆ ਕਰਦੇ ਸਨ ਪਰ 'ਤ੍ਰੇਤੇ' ਵਿਚ ਵਾਹਿਗੁਰੂ ਜੀ ਵਲੋਂ ਭੁੱਲ ਪੈਣੀ ਸ਼ੁਰੂ ਹੋਈ ਅਤੇ ਉਸ ਨੂੰ ਦੂਰ ਜਾਣਿਆ ਗਿਆ। ਜੇਕਰ ਕੋਈ ਸਮਰੱਥ ਗੁਰੂ ਦੀ ਸੇਵਾ ਕਰਦਾ ਸੀ, ਉਸ ਨੂੰ ਇਸ ਗਿਆਨ ਦੀ ਸੋਝੀ ਹੋਇਆ ਕਰਦੀ ਸੀ ਅਤੇ ਨਾਮ ਦੀ ਅਵਸਥਾ ਪ੍ਰਾਪਤ ਕਰਕੇ ਸੁਖੀ ਹੋਇਆ ਕਰਦਾ ਸੀ। 12 ਲੱਖ 96 ਹਜ਼ਾਰ ਸਾਲ ਦਾ ਸਮਾਂ ਬੀਤਣ ਉਪਰੰਤ ਤੀਜੇ ਭਰਾ ਦੀ ਵਾਰੀ ਆਈ ਜਿਸ ਦਾ ਨਾਮ 'ਦੁਆਪਰ' ਹੈ ਇਸ ਜੁੱਗ ਦੇ ਅੰਦਰ ਮਾਨਸਿਕ ਅਵਸਥਾ ਹੋਰ ਨੀਵੀਂ ਪੱਧਰ ਤੇ ਆ ਗਈ ਅਤੇ ਮਨ ਵਿਚ ਦੁਬਿਧਾ ਪੈਦਾ ਹੋ ਗਈ। ਪ੍ਰਤੱਖ ਵਸਦੇ ਵਾਹਿਗੁਰੂ ਉਪਰ ਸ਼ੰਕਾ ਪੈਦਾ ਹੋ ਗਿਆ ਕਿ ਵਾਹਿਗੁਰੂ ਜੀ ਆਪ ਹੀ ਆਪ ਹਨ ਜਾਂ ਵਾਹਿਗੁਰੂ ਜੀ ਦੇ ਨਾਲ ਇਕ ਹੋਰ ਸ਼ਕਤੀ ਜਿਸ ਨੂੰ ਮੂਲ ਪ੍ਰਕ੍ਰਿਤੀ ਆਖਿਆ ਜਾਂਦਾ ਹੈ, ਉਸ ਦੀ ਵੀ ਹੋਂਦ ਕਾਇਮ ਹੈ? ਇਸ ਜੁੱਗ ਵਿਚ ਇਕ ਤੋਂ ਦੋ ਬਣ ਗਏ। ਦੋਨੋਂ ਹੀ ਅਨਾਦੀ ਚੇਤਨ ਤੱਤ ਆਪਣੀ-ਆਪਣੀ ਥਾਂ ਤੇ ਅਨਾਦੀ ਸਨ। ਮੂਲ ਪ੍ਰਕ੍ਰਿਤੀ ਆਪਣੀ ਥਾਂ ਤੇ ਅਨਾਦੀ ਸੀ। ਦੋਹਾਂ ਤੱਤਾਂ ਨੇ ਸੰਸਾਰ ਵਿਚ ਦ੍ਵੈਤ ਵਰਤਾਅ ਦਿਤੀ ਅਤੇ ਭੇਦ ਭਰਮ, ਸੰਗ ਭਰਮ, ਕਰਤਤ੍ਵ ਭਰਮ ਮਨ ਵਿਚ ਪੂਰੀ ਤਰ੍ਹਾਂ ਨਾਲ ਆਪਣਾ ਹਨ੍ਹੇਰਾ ਲੈ ਕੇ ਛਾ ਗਏ ਅਤੇ ਸ਼ੱਕ ਪੈ ਗਿਆ ਕਿ ਵਾਹਿਗੁਰੂ ਜੀ ਹੋਰ ਹਨ, ਮੂਲ ਪ੍ਰਕ੍ਰਿਤੀ ਹੋਰ ਹੈ; ਸੰਸਾਰ ਹੋਰ ਹੈ, ਪ੍ਰਭੂ ਹੋਰ ਹੈ। ਇਸ ਤੋਂ ਵੀ ਅੱਗੇ ਸੰਸਾਰ ਨੂੰ ਹਰੀ ਦਾ

*(ਬਾਕੀ ਪੰਨਾ 16 'ਤੇ)*

# ਸ੍ਰੀ ਗੁਰੂ ਨਾਨਕ ਦੇਵ ਜੀ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ -18)*

ਬਾਬਾ ਰਾਮ ਸਿੰਘ ਜੀ ਨਾਮਧਾਰੀ, ਇਕ ਵਾਰੀ ਦੀਵਾਨ ਵਿਚ ਕੀਰਤਨ ਕਰ ਰਹੇ ਨੇ। ਇੱਕ ਤਰਕਬਾਜ਼ ਨੇ ਉੱਠ ਕੇ ਤਰਕ ਕਰ ਦਿੱਤੀ ਕਿ ਤੁਸੀਂ ਵਾਹਿਗੁਰੂ ਨਹੀਂ ਕਦੇ ਵੀ ਕਹਿੰਦੇ, ਸਤਿਨਾਮੁ ਕਹਿੰਦੇ ਓਂ। ਕਹਿਣ ਲੱਗੇ, ਪ੍ਰੇਮੀਆਂ! ਇਹ ਜਿਹੜਾ ਤੂੰ ਮੰਤਰ ਕਹਿੰਦਾ ਹੈਂ ਇਹ ਗੋਪ ਮੰਤਰ ਹੈ, ਅੰਦਰ ਰੱਖਿਆ ਫਲ ਦਿੰਦਾ ਹੈ, ਬਾਹਰ ਰੱਖਿਆ ਨਹੀਂ ਦਿੰਦਾ। ਇਹਨੂੰ ਜਿੰਨਾਂ ਗੁਪਤ ਰੱਖ ਲਓ, ਓਨਾਂ ਹੀ ਫਲ ਹੈ ਇਹਦਾ। ਕਹਿੰਦੇ, ਸਾਨੂੰ ਕੀ ਪਤਾ ਤੁਹਾਡਾ ਖਿਆਲ ਹੈ ਇਹ। ਕਹਿੰਦੇ, ਚੰਗਾ! ਸਵੇਰੇ ਆ ਜਾਇਓ, ਇੱਕ ਰੱਸੀ ਲੈ ਆਇਓ, ਸਾਰੇ ਜਣੇ ਲੰਮੀ ਰੱਸੀ, ਵਾਣ ਦੀ। ਰੱਸੀ ਲੈ ਆਂਦੀ, ਬਾਬਾ ਜੀ ਖੜ੍ਹੇ ਨੇ, ਕੀਰਤਨ ਕਰਦੇ ਨੇ, ਲਓ ਕਹਿੰਦੇ ਪ੍ਰੇਮੀਓਂ ਹੁਣ ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਛੱਤੀ ਜੁਗ ਦਾ ਜਪਿਆ ਹੋਇਆ ਨਾਮ, ਉੱਚੀ ਬੋਲਣ ਲੱਗਿਆ ਹਾਂ ਹੋਸ਼ ਸੰਭਾਲੋ। ਰੱਸੀ ਫੜਾ ਦਿੱਤੀ ਸਾਰਿਆਂ ਨੂੰ। ਉਚੀ ਆਵਾਜ਼ 'ਚ ਪੂਰੇ ਗਲੇ ਦੇ ਨਾਲ 'ਵਾਹਿਗੁਰੂ' ਆਵਾਜ਼ ਬੋਲ ਦਿੱਤੀ। ਬੋਲਣ ਦੀ ਦੇਰ ਸੀ, ਸਾਰੀ ਸੰਗਤ ਸੁੰਨ ਮੁੰਨ ਹੋ ਗਈ। ਇੱਕ ਵੀ ਨਾ ਬੋਲੇ। ਚੁੱਪ ਕਰਕੇ ਸਮਾਧੀ ਲਗ ਗਈ। ਸੋ ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੇ ਜਿਸ ਵਕਤ ਜੈਕਾਰਾ ਦਿੱਤਾ, ਉਸੇ ਵੇਲੇ ਸੁੰਨ ਮੁੰਨ ਹੋ ਗਏ, ਭਾਈ ਗੁਰਦਾਸ ਜੀ ਲਿਖਦੇ ਨੇ ਕਿ -

*ਫਿਰਿ ਬਾਬਾ ਗਇਆ ਬਗਦਾਦ ਨੋ*
*ਬਾਹਰ ਜਾਇ ਕੀਆ ਅਸਥਾਨਾ।*
*ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।*
*ਭਾਈ ਗੁਰਦਾਸ ਜੀ, ਵਾਰ ੧/੩੫*

ਅੰਮ੍ਰਿਤ ਵੇਲੇ ਜਪੁਜੀ ਸਾਹਿਬ ਪੜ੍ਹਨ ਤੋਂ ਬਾਅਦ, ਨਮਾਜ਼ ਕਹਿ ਲਓ, ਪੂਜਾ ਕਹਿ ਲਓ; ਗੱਲ ਇੱਕੋ ਹੀ ਹੋਇਆ ਕਰਦੀ ਹੈ -

*ਦਿਤੀ ਬਾਂਗਿ ਨਿਵਾਜਿ ਕਰਿ*
*ਸੁੰਨਿ ਸਮਾਨਿ ਹੋਆ ਜਹਾਨਾ।*
*ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।*
*ਭਾਈ ਗੁਰਦਾਸ ਜੀ, ਵਾਰ ੧/੩੫*

ਹੈਰਾਨ ਹੋ ਗਿਆ।

*ਵੇਖੈ ਧਿਆਨੁ ਲਗਾਇ ਕਰਿ*
*ਇਕੁ ਫਕੀਰੁ ਵਡਾ ਮਸਤਾਨਾ।*
*ਭਾਈ ਗੁਰਦਾਸ ਜੀ, ਵਾਰ ੧/੩੫*

ਕਹਿਣ ਲੱਗਿਆ, ਇੱਕ ਫਕੀਰ ਆਇਆ ਹੈ ਤੇ ਜਿਹਦੀ ਗੱਲ ਕਰਦੇ ਨੇ, ਉਹ ਤਾਂ ਬਹੁਤ ਸ਼ਕਤੀ ਵਾਲਾ ਹੈ ਤੇ ਉਸ ਵੇਲੇ ਪੀਰ ਉਨ੍ਹਾਂ 'ਚ ਆ ਜਾਂਦਾ ਹੈ। ਆ ਕੇ ਕਹਿਣ ਲੱਗਿਆ, ਵੱਟੇ ਮਾਰੋ। ਸਾਰੇ ਫੇਰ ਵੱਟੇ ਮਾਰਨ ਤੁਰ ਜਾਂਦੇ ਨੇ। ਪੀਰ ਮੂਹਰੇ ਹੈ, ਬਾਕੀ ਸਭ ਪਿੱਛੇ ਨੇ। ਜਦੋਂ ਹੱਥ ਉਚੇ ਕਰਕੇ ਲੱਗੇ ਮਾਰਨ, ਗੁਰੂ ਮਹਾਰਾਜ ਨੇ ਉਪਰ ਨੂੰ ਦ੍ਰਿਸ਼ਟੀ ਕਰ ਦਿਤੀ, ਉਥੇ ਹੀ ਰੁਕ ਗਏ ਸਾਰੇ, ਨਾ ਕੋਈ ਵੱਟਾ ਮਾਰਦਾ ਹੈ, ਨਾ ਕੋਈ ਹਿਲਦਾ ਹੈ, ਨਾ ਕਿਸੇ ਦਾ ਪੈਰ ਪੁੱਟ ਹੁੰਦਾ ਹੈ। ਜਿਹਨੇ ਪੈਰ ਚੁੱਕਿਆ ਹੋਇਆ ਹੈ, ਚੁਕਿਆ ਹੀ ਖੜ੍ਹਾ ਹੈ। ਜਿਹਨੇ ਧਰਤੀ 'ਤੇ ਰੱਖ ਕੇ ਪਿਛਲਾ ਚੁੱਕ ਲਿਆ ਉਹਨੇ ਪਿਛਲਾ ਹੀ ਚੁੱਕਿਆ ਹੈ। ਜਿਹਨੇ ਵੱਟਾ ਘੁੰਮਾਉਣ ਵਾਸਤੇ ਬਾਂਹ ਘੁੰਮਾਈ ਹੈ, ਉਹਦੀ ਬਾਂਹ ਘੁੰਮ ਹੀ ਨਹੀਂ ਰਹੀ। ਜੜ੍ਹ ਬਣੇ ਖੜ੍ਹੇ ਨੇ। ਪੀਰ ਨੇ ਸਾਰਾ ਹੀ ਜ਼ੋਰ ਲਾ ਲਿਆ, ਨਾ ਆਪ ਹਿਲਦਾ ਹੈ, ਨਾ ਕੋਈ ਦੂਜਿਆਂ ਨੂੰ ਹਿਲਾਉਂਦਾ ਹੈ। ਉਸ ਵੇਲੇ ਅੰਦਰ ਹੀ ਅੰਦਰ ਹੰਕਾਰ ਢਲ ਗਿਆ ਤੇ ਅੰਦਰ ਹੀ ਅੰਦਰ ਅਰਦਾਸ ਕਰੀ ਕਿ ਪੀਰ ਜੀ, ਮੈਂ ਗੱਲ ਕਰਨੀ ਹੈ ਤੁਹਾਡੇ ਨਾਲ। ਮੰਨਿਆ ਨਹੀਂ ਹੈ, ਇਹ ਤਾਂ ਮੰਨ ਲਿਆ ਕਿ ਸ਼ਕਤੀ ਇਹਦੀ ਮੇਰੇ ਨਾਲੋਂ ਵੱਧ ਹੈ, ਪਰ ਮੈਂ ਚਰਚਾ 'ਚ ਹਰਾ ਦੇਣਾ ਹੈ ਇਹ। ਅੰਦਰ ਹੀ ਕਰੀ ਅਰਦਾਸ ਕਿ ਮੈਂ ਗੱਲ ਕਰਨੀ ਚਾਹੁੰਦਾ ਹਾਂ, ਗੁਰੂ ਨਾਨਕ ਪਾਤਸ਼ਾਹ ਨੇ ਮਿਹਰ ਕਰ ਦਿੱਤੀ, ਪੀਰ ਗੁਰੂ ਨਾਨਕ ਦੇਵ ਜੀ ਦੇ ਪਾਸ ਆ ਕੇ ਬਹਿ ਗਿਆ।

ਮਹਾਰਾਜ ਕਹਿਣ ਲੱਗੇ, ਕੀ ਗੱਲ ਪੀਰ ਜੀ, ਐਨਾ ਕ੍ਰੋਧ?

ਕਹਿੰਦਾ ਕ੍ਰੋਧ? ਤੁਸੀਂ ਤਾਂ ਸ਼ਰ੍ਹਾ ਦੀਆਂ ਧੱਜੀਆਂ ਉਡਾ ਦਿੱਤੀਆਂ।

ਕਹਿੰਦੇ, ਫੇਰ ਮਾਰੀਦਾ ਹੁੰਦਾ ਹੈ ਕਿ ਵਿਚਾਰ ਕਰੀਦੀ ਹੁੰਦੀ ਹੈ? ਸਿਆਣਾ ਬੰਦਾ ਵਿਚਾਰ ਕਰਦਾ ਹੈ, ਕਮਲਾ ਬੰਦਾ ਦੰਡ ਦਿੰਦਾ ਹੈ।

ਤੇ ਤੁਸੀਂ ਵਿਚਾਰ ਕਰੋ, ਵਿਚਾਰ ਵਾਲੀ ਗੱਲ 'ਤੇ ਕਿ ਤੁਹਾਨੂੰ ਕੀ ਇਤਰਾਜ਼ ਹੈ? ਨਾ ਕਿ ਪੱਥਰ ਚੁੱਕ ਲਓ।

ਕਹਿੰਦਾ, ਮਹਾਰਾਜ! ਇਨ੍ਹਾਂ 'ਤੇ ਕ੍ਰਿਪਾ ਕਰੋ, ਪੱਥਰ ਸੁੱਟ ਦਿੰਦੇ ਨੇ। ਮਹਾਰਾਜ ਨੇ ਦ੍ਰਿਸ਼ਟੀ ਕਰ ਦਿਤੀ, ਕਹਿੰਦਾ ਸੁੱਟ ਦਿਓ ਪੱਥਰ। ਆ ਜਾਓ, ਬਹਿ ਜਾਓ ਸਾਰੇ। ਸਾਰੇ ਘੇਰਾ ਘੱਤ ਕੇ ਬੈਠ ਗਏ। ਵਿਚਾਲੇ ਗੁਰੂ ਨਾਨਕ ਪਾਤਸ਼ਾਹ ਨੇ, ਸਾਮ੍ਹਣੇ ਪੀਰ ਬੈਠਾ ਹੈ। ਉਹਦਾ ਲੜਕਾ ਬੈਠਾ ਹੈ,

ਹੋਰ ਮੁਖੀ-ਮੁਖੀ ਚੇਲੇ ਬੈਠੇ ਨੇ। ਬਾਕੀ ਸ਼ਹਿਰ ਬੈਠਾ ਹੈ। ਪੂਰਨ ਸ਼ਾਂਤੀ ਹੋਈ-ਹੋਈ ਹੈ ਕਿ ਦੋਹਾਂ ਦੇ ਬਚਨ ਸੁਣੀਏ ਕਿ ਕੀ ਕਹਿੰਦੇ ਨੇ। ਉਸ ਵੇਲੇ ਮਹਾਰਾਜ ਕਹਿੰਦੇ ਕੀ ਇਤਰਾਜ਼ ਹੈ? ਕਹਿੰਦੇ, ਸਰੋਦ ਵਜਾਉਂਦੇ ਓਂ। ਤੁਸੀਂ ਸਾਜ ਵਜਾਉਂਦੇ ਓਂ। ਮਹਾਰਾਜ ਕਹਿੰਦੇ, ਇਹ ਕੋਈ ਮਾੜੀ ਗੱਲ ਹੈ, ਇਹ ਰੂਹ ਦੀ ਖੁਰਾਕ ਹੈ। ਇਹਦੀ ਜੇ ਦੁਰਵਰਤੋਂ ਕਰੀ ਜਾਵੇ ਤਾਂ ਇਹ ਮਾੜਾ ਹੈ। ਜੇ ਵਿਸ਼ੇ ਵਿਕਾਰ, ਇਸ਼ਕੀਏ ਮਜਾਜ਼ੀ ਗੀਤ ਇਹਦੇ ਨਾਲ ਗਾਏ ਜਾਣ ਤਾਂ ਇਹ ਬੁੱਧੀ ਨੂੰ ਵਿਚਿਲਤ ਕਰਦੀ ਹੈ। ਲੇਕਿਨ ਜੇ ਹਰੀ ਦਾ ਜਸ ਕਰਿਆ ਜਾਵੇ ਤਾਂ ਆਤਮਾ ਨੂੰ ਚੁੱਕ ਕੇ ਆਪਣੇ ਘਰ ਵਿਚ ਲੈ ਜਾਂਦੀ ਹੈ। ਕਹਿੰਦੇ, ਤੁਹਾਡੇ ਇਸਲਾਮ ਵਿਚ ਹੀ ਲਿਖਿਆ ਹੋਇਆ ਹੈ ਕਿ ਜਦੋਂ ਖੁਦਾ ਨੇ ਜੁੱਸਾ ਬਣਾਇਆ, ਇਹਦੇ 'ਚ ਰੂਹ ਪਾਈ, ਰੂਹ ਟਿਕੀ ਨਾ। ਬਾਹਰ ਨਿਕਲ ਗਈ, ਖੁਦਾ ਨੇ ਕਿਹਾ ਕਿ ਕੀ ਗੱਲ ਤੂੰ ਟਿਕਦੀ ਨਹੀਂ। ਕਹਿੰਦੀ ਉਥੇ ਤਾਂ, ਸੁੰਨ-ਮੁੰਨ ਪਿਆ ਹੈ, ਮੈਂ ਕੀ ਟਿਕਾਂ। ਕਹਿੰਦੇ ਜਾਹ, ਆਪਣੀ ਦਰਗਾਹ ਦੇ ਨਾਦ ਇਹਦੇ ਵਿਚ ਪਾ ਦਿੱਤੇ। ਅਨਹਦ ਨਾਦ ਪਾ ਦਿੱਤੇ, ਜਦੋਂ ਗਈ ਤਾਂ ਅਨਹਦ ਨਾਦਾਂ ਦੀ ਮਸਤੀ ਚੜ੍ਹ ਗਈ। ਲੇਕਿਨ ਫੇਰ ਬਾਹਰ ਆ ਗਈ। ਕਹਿੰਦੇ ਹੁਣ ਕਿਉਂ ਬਾਹਰ ਆ ਗਈ? ਕਹਿੰਦੀ, ਹਨ੍ਹੇਰ ਗੁਬਾਰ ਪਿਆ ਹੈ। ਕਹਿੰਦੇ ਚੰਗਾ ਮੈਂ ਦਰਗਾਹ ਦਾ ਚਾਨਣਾ ਵੀ ਇਹਦੇ 'ਚ ਪਾ ਦਿੰਦਾ ਹਾਂ। ਜਿਹੜਾ ਸਾਡੇ ਵਿਚ ਹੈ ਸਾਧਸੰਗਤ ਜੀ, ਓਹੀ ਦਰਗਾਹ ਵਿਚ ਹੈ। ਇੱਥੇ ਵੀ ਛੋਟੀ ਜਿਹੀ ਦਰਗਾਹ ਹੈ ਦਸਵੇਂ ਦੁਆਰ 'ਚ। ਕਹਿੰਦੇ ਓਸ ਵੇਲੇ ਤੋਂ ਰੂਹ ਉਸ ਰਾਗ ਨੂੰ ਸੁਣ ਕੇ ਆਹ ਸਰੀਰ 'ਚ ਰਹੀ ਹੈ, ਰਾਗ ਤਾਂ ਮਾੜਾ ਨਹੀਂ। ਇਹ ਥੱਲੇ ਉਤਰ ਆਈ, ਇਹਦੇ ਵਾਪਸ ਲਿਜਾਣ ਦਾ ਕੇਵਲ ਇੱਕੋ ਸਾਧਨ ਹੈ।

*ਕਲਜੁਗ ਮਹਿ ਕੀਰਤਨੁ ਪਰਧਾਨਾ ॥*
*ਗੁਰਮੁਖਿ ਜਪੀਐ ਲਾਇ ਧਿਆਨਾ ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥ ਅੰਗ - ੧੦੭੫*

ਪੀਰ ਮੰਨ ਗਿਆ ਤੇ ਦੂਸਰਾ ਕੀ ਇਤਰਾਜ਼ ਹੈ। ਕਹਿਣ ਲੱਗਿਆ, ਦੂਸਰਾ ਇਹ ਹੈ ਕਿ ਤੁਸੀਂ ਕੁਫਰ ਬੋਲਿਆ ਹੈ। ਝੂਠ ਬੋਲਿਆ ਹੈ -

*ਧਾਰਨਾ - ਸੱਤ ਪਤਾਲ ਤੇ ਆਕਾਸ਼ ਸਾਰੇ ਆਖਦੇ,*
*ਦੱਸ ਕਾਹਨੂੰ ਕੁਫਰ ਬੋਲਦੈਂ।*

ਕਹਿਣ ਲੱਗਿਆ, ਨਾਨਕ ਜੀ! ਸਾਰਾ ਸੰਸਾਰ ਹਿੰਦੂ ਧਰਮ ਚੌਦਾਂ, ਸੱਤ ਆਕਾਸ਼ ਤੇ ਸੱਤ ਪਾਤਾਲ; ਅਤਲ, ਬਿਤਲ, ਸਤਲ ਨਾਉਂ ਨੇ ਉਨ੍ਹਾਂ ਦੇ। ਭਵ, ਭੂਤ ਇਹ ਸਾਰੇ ਆਕਾਸ਼ਾਂ ਦੇ ਨਾਉਂ। ਅਸੀਂ ਵੀ ਸੱਤ ਕਹਿੰਦੇ ਹਾਂ ਉਹ ਵੀ ਸੱਤ ਕਹਿੰਦੇ ਨੇ। ਤੂੰ ਲੱਖਾਂ ਕਿਵੇਂ ਬੋਲਦਾ ਹੈਂ? ਝੂਠ ਬੋਲਦਾ ਹੈਂ ਤੂੰ ਇਹ ਗੱਲ। ਕੁਫਰ ਬੋਲਦਾ ਹੈਂ, ਗੁਮਰਾਹ ਕਰੇਂਗਾ ਸੁਣਨ ਵਾਲਿਆਂ ਨੂੰ। ਮਹਾਰਾਜ ਮੁਸਕਰਾ ਪਏ, ਕਹਿੰਦੇ ਪੀਰ ਜੀ! ਇਹ ਤਾਂ ਨਿਗ੍ਹਾ ਦੀ ਗੱਲ ਹੈ। ਜਿਹਦੀ ਨਿਗ੍ਹਾ 'ਚ ਸੱਤ ਆਉਂਦੇ ਨੇ ਉਹ ਸੱਤ ਕਹਿੰਦਾ ਹੈ। ਜਿਹਦੀ ਨਿਗ੍ਹਾ 'ਚ ਲੱਖਾਂ ਆਉਂਦੇ ਨੇ ਉਹ ਲੱਖਾਂ ਬੋਲਦਾ ਹੈ -

*ਧਾਰਨਾ - ਜਿਹਨੂੰ ਲੱਖਾਂ ਹੀ ਆਕਾਸ਼ ਨਜ਼ਰ ਆਏ*
*ਲੱਖਾਂ ਦੀ ਉਹ ਗੱਲ ਕਰਦਾ।*
*ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥*
*ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥*
*ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥*
*ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥*
*ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥ ਅੰਗ - ੫*

ਪੀਰ ਜੀ! ਲੱਖਾਂ ਦੀ ਕੀ ਗੱਲ ਕਰਦੇ ਓਂ। ਇਹ ਤਾਂ ਲੇਖੇ ਤੋਂ ਅੱਗੇ ਦੀਆਂ ਗੱਲਾਂ ਨੇ। ਇਹਦਾ ਲੇਖਾ ਨਹੀਂ ਹੋ ਸਕਦਾ। ਕੋਈ ਇਹਦਾ ਹਿਸਾਬ ਕਿਤਾਬ ਨਹੀਂ। ਬੇਅੰਤ ਜਿਹਨੂੰ ਕਹਿ ਦਿੱਤਾ ਉਹਦਾ ਅੰਤ ਕਿਵੇਂ ਲੈ ਲਓਂਗੇ ਤੁਸੀਂ। ਕਹਿੰਦੇ ਦੇਖੋ, ਤੁਹਾਡਾ ਪੈਗੰਬਰ ਜਿਸ ਵਕਤ ਇਹਨੂੰ ਬੁਲਾਇਆ। ਜਬਰਾਈਲ ਇਹਨੂੰ ਲੈਣ ਵਾਸਤੇ ਆਉਂਦਾ ਹੈ, ਜਦੋਂ ਦਰਗਾਹ ਨੂੰ ਜਾਂਦਾ ਹੈ ਤਾਂ ਰਸਤੇ ਦੇ ਵਿਚ ਇੱਕ ਊਠਾਂ ਦੀ ਕਤਾਰ ਆ ਗਈ। ਉਹਨੂੰ ਦੇਖ ਕੇ ਪੈਗੰਬਰ ਖੜ੍ਹਾ ਹੋ ਗਿਆ। ਹੈ ਨਾ ਤੁਹਾਡੇ ਲਿਖਿਆ ਹੋਇਆ। ਕਹਿੰਦਾ, ਉਥੇ ਉਹ ਕਹਿਣ ਲੱਗੇ ਕਿ ਲੰਘ ਗਿਆ ਉਹ। ਇੱਕ ਦੀ ਜਿਹੜੀ ਮੁਹਾਰ ਹੈ ਇਹਨੂੰ ਚੁੱਕੋ ਤੇ ਥੱਲੇ ਦੀ ਲੰਘ ਆਓ। ਕਹਿੰਦਾ ਇਹ ਮੁੱਕੇ ਤਾਂ ਲੰਘ ਆਵਾਂਗੇ। ਕਹਿੰਦਾ, ਇਹ ਤਾਂ ਮੈਂ ਜਦੋਂ ਪੈਦਾ ਹੋਇਆ ਸੀ ਉਸ ਵੇਲੇ ਵੀ ਚਲਦੀ ਸੀ। ਮੇਰੇ ਤੋਂ ਜਿਹੜਾ ਪਹਿਲਾਂ ਜਬਰਾਈਲ ਸੀ ਉਹ ਵੀ ਚਲਦਾ ਸੀ। ਮੇਰੀ ਉਮਰ ਸੋਲਾਂ ਕਰੋੜ, ਖਰਬ ਸਾਲ ਦੀ ਹੈ। ਮੇਰੇ ਤੋਂ ਪਹਿਲਾਂ ਵੀ ਇਹ ਚਲਦੀ ਸੀ, ਪਤਾ ਨਹੀਂ ਕਿਹੜੇ ਵੇਲੇ ਦੇ ਇਹ ਚਲਦੇ ਨੇ ਉੱਠ।ਕਹਿੰਦੇ ਇਹਦੇ ਉਤੇ ਕੀ ਹੈ, ਕਹਿੰਦੇ ਇੱਕ ਲਾਈਨ 'ਚੋਂ ਕੱਢ ਕੇ ਦੇਖ ਲੈਂਦੇ ਹਾਂ। ਇੱਕ ਉਠ ਕੱਢ ਲਿਆ, ਜਿਸ ਵਕਤ ਬਿਠਾਇਆ, ਉਹਦੇ ਉਤੇ ਦੋ ਬਕਸੇ ਲੱਦੇ ਹੋਏ, ਬਕਸਾ ਖੋਲ੍ਹਿਆ ਤਾਂ ਇੱਕ ਆਂਡਾ ਵਿਚੋਂ ਕੱਢ ਲਿਆ। ਆਂਡਾ ਭੰਨਿਆਂ ਤਾਂ ਕੀ ਦੇਖਦੇ ਨੇ ਕਿ ਇੱਕ ਬ੍ਰਹਿਮੰਡ ਦਿਸਿਆ ਸਾਰਾ। ਕਹਿੰਦਾ ਐਨੇ ਬ੍ਰਹਿਮੰਡ ਨੇ, ਪ੍ਰਮੇਸ਼ਰ ਦਾ ਕੋਈ ਅੰਤ ਨਹੀਂ ਹੈ, ਕਿੰਨੀ ਕੁਦਰਤ ਹੈ ਉਹਦੀ, ਇਥੇ ਤਾਂ ਵਾਹ-ਵਾਹ ਤੋਂ ਬਗੈਰ ਹੋਰ ਕੋਈ ਗੱਲ ਨਹੀਂ। ਵਾਹਿਗੁਰੂ-ਵਾਹਿਗੁਰੂ। ਇਹੀ ਅੰਤਮ ਨਾਮ ਹੈ। ਪੀਰ ਚੁੱਪ ਕਰ ਗਿਆ, ਕਹਿੰਦਾ ਫੇਰ ਅਸੀਂ ਤਾਂ, ਤਾਂ ਮੰਨਦੇ ਹਾਂ ਜੇ ਸਾਨੂੰ ਦਿਖਾਵੇਂ। ਭਾਈ ਗੁਰਦਾਸ ਜੀ ਲਿਖਦੇ ਨੇ -

*ਪੁਛੇ ਪੀਰ ਤਕਰਾਰ ਕਰਿ ਏਹ ਫਕੀਰ ਵਡਾ ਅਤਾਈ।*
*ਏਥੇ ਵਿਚਿ ਬਗਦਾਦ ਦੇ ਵਡੀ ਕਰਾਮਾਤਿ ਦਿਖਲਾਈ।*
*ਪਾਤਾਲਾ ਆਕਾਸ ਲਖ ਓੜਕਿ ਭਾਲੀ ਖਬਰਿ ਸੁਣਾਈ।*
*ਫੇਰਿ ਦੁਰਾਇਣ ਦਸਤਗੀਰ*
*ਅਸੀ ਭਿ ਵੇਖਾ ਜੋ ਤੁਹਿ ਪਾਈ।*

*ਭਾਈ ਗੁਰਦਾਸ ਜੀ, ਵਾਰ ੧/੩੬*

ਸਾਨੂੰ ਦਿਖਾਲ, ਮਹਾਰਾਜ ਕਹਿੰਦੇ ਚੱਲ ਪੀਰ ਜੀ!

ਤੈਨੂੰ ਦਿਖਾਲੀਏ। ਲੱਖਾਂ ਹੀ ਆਕਾਸ਼ ਪਾਤਾਲ, ਪੀਰ ਕਹਿੰਦਾ ਮੇਰੀ ਉਮਰ ਬੁਢਾਪੇ ਦੀ ਹੈ। ਦੇਖਦੇ-ਦੇਖਦੇ ਮੈਂ ਉਥੇ ਹੀ ਨਾ ਚੜ੍ਹਾਈ ਕਰ ਜਾਵਾਂ। ਐਉਂ ਕਰੋ ਮੇਰੇ ਲੜਕੇ ਨੂੰ ਲੈ ਜਾਓ। ਕਹਿੰਦੇ ਇਤਬਾਰ ਹੈ ਤੈਨੂੰ ਇਸ ਲੜਕੇ 'ਤੇ। ਕਹਿੰਦੇ ਹਾਂ, ਇਹ ਲੜਕਾ ਬਿਲਕੁਲ ਕਾਬਲ ਹੈ, ਜਿਵੇਂ ਗੁਰੂ ਨਾਨਕ ਪਾਤਸ਼ਾਹ ਨੂੰ ਗੁਰੂ ਅੰਗਦ ਸਾਹਿਬ ਸੀ, ਉਹਦਾ ਨਾਉਂ ਬਹਿਲੋਲ ਸੀ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਤੁਸੀਂ ਇੱਥੇ ਹੀ ਬੈਠਿਓ, ਆਏ ਅਸੀਂ। ਉਸ ਵੇਲੇ ਬਾਂਹ ਫੜ ਲਈ, ਕਹਿੰਦੇ ਮੀਚ ਅੱਖਾਂ। ਨੇਤਰ ਬੰਦ ਕਰ ਲਏ, ਦੇਖ ਆਕਾਸ਼, ਦੇਖ ਆਕਾਸ਼, ਦੇਖਦਾ ਹੀ ਤੁਰਿਆ ਜਾਂਦਾ ਹੈ, ਦੇਖਦਾ ਹੀ ਤੁਰਿਆ ਜਾਂਦਾ ਹੈ। ਦਿਨ ਰਾਤ ਮੁਕਦੇ ਜਾਂਦੇ ਨੇ। ਥੱਕ ਗਿਆ। ਕਹਿੰਦਾ, ਇਹ ਤਾਂ ਅੰਤ ਹੀ ਨਹੀਂ ਆਉਂਦਾ। ਕਹਿੰਦਾ, ਚੱਲ ਤੈਨੂੰ ਪਾਤਾਲ ਦਿਖਾਈਏ। ਫੇਰ ਪਾਤਾਲ ਦਿਖਾਉਣੇ ਸ਼ੁਰੂ ਕਰ ਦਿਤੇ। ਕਹਿੰਦਾ ਮਹਾਰਾਜ! ਇਹ ਤਾਂ ਪਤਾ ਨਹੀਂ ਕਿੰਨੇ ਕੁ ਸਾਲ ਆਪਾਂ ਨੂੰ ਹੋ ਗਏ, ਉਹ ਤਾਂ ਮਰ-ਮੁਰ ਵੀ ਗਏ ਹੋਣੇ, ਜਿਹਨੂੰ ਅਸੀਂ ਜਾ ਕੇ ਦਸਣਾ ਸੀ। ਹੁਣ ਕ੍ਰਿਪਾ ਕਰੋ ਆਪਾਂ ਵਾਪਸ ਚੱਲੀਏ। ਕਹਿੰਦੇ, ਮਰੇ ਨਹੀਂ ਹੈਗੇ ਇਹ ਸਮੇਂ ਦਾ ਹੇਰ ਫੇਰ ਹੈ। ਇਹ ਗੱਲ ਸਮਝ 'ਚ ਨਹੀਂ ਆਉਂਦੀ, ਦੁਨੀਆਂ ਦੇ, ਸਮੇਂ ਦਾ ਹੇਰ ਫੇਰ ਹੈ। ਇਸ ਤਰ੍ਹਾਂ ਕਰ ਤੇਰੇ ਅੱਬਾ ਜਾਨ ਨੇ ਨਹੀਂ ਮੰਨਣਾ, ਆਹ ਦੇਖ ਆਪਣੀ ਸੰਗਤ। ਅੱਗੇ ਗਏ ਤਾਂ ਇਕ ਸੰਗਤ ਹਰੀ ਦਾ ਜਸ ਕਰ ਰਹੀ ਹੈ, ਜਿਸ ਵਕਤ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰੇ, ਉਸੇ ਵੇਲੇ ਸਾਰੀ ਸੰਗਤ ਸਤਿਕਾਰ ਵਾਸਤੇ ਨਮਸ਼ਕਾਰਾਂ ਕਰਨ ਲਗ ਗਈ। ਮਹਾਰਾਜ ਸੰਗਤ 'ਚ ਬੈਠ ਗਏ। ਪ੍ਰਸ਼ਾਦ ਵਰਤਾਓ ਭਾਈ, ਪ੍ਰਸ਼ਾਦ ਵਰਤਾਇਆ, ਬਰਤਨ ਲਿਆ, ਉਹਦੇ ਵਿਚ ਉਹਨੂੰ ਪ੍ਰਸ਼ਾਦ ਪਾ ਦਿੱਤਾ। ਫੇਰ ਅਗਲੇ ਪਾਤਾਲ 'ਚ ਗਏ, ਫੇਰ ਪ੍ਰਸ਼ਾਦ। ਜਿੱਥੇ ਦੇਖੇ ਗੁਰੂ ਨਾਨਕ ਦੀ ਸੰਗਤ, ਕਹਿਣ ਲੱਗਿਆ, ਹੈਂ? ਕ੍ਰੋੜਾਂ ਬ੍ਰਹਿਮੰਡਾਂ ਵਿਚ ਇੱਕੋ ਗੁਰੂ ਨਾਨਕ ਪਾਤਸ਼ਾਹ ਨੇ। ਜੇ ਮੈਂ ਧੋਖਾ ਨਾ ਖਾਵਾਂ ਇਹ ਤਾਂ ਅੱਲਾਹ ਤਾਲਾਹ ਆਪ ਆ ਗਿਆ। ਬੋਲਦਾ ਨਹੀਂ ਹੁਣ, ਵਿਸਮਾਦ 'ਚ ਹੋ ਗਿਆ। ਓਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਚੱਲ ਆ ਹੁਣ ਚੱਲੀਏ। ਭਾਂਡਾ ਭਰਿਆ ਹੋਇਆ ਹੈ ਪ੍ਰਸ਼ਾਦ ਦਾ। ਥਾਂ-ਥਾਂ 'ਤੇ ਕੜਾਹ ਪ੍ਰਸ਼ਾਦ, ਥਾਂ-ਥਾਂ ਤੋਂ ਕੜਾਹ ਪ੍ਰਸ਼ਾਦ। ਕਹਿਣ ਲੱਗਿਆ, ਪਾਤਸ਼ਾਹ! ਇਹ ਸਾਰੀਆਂ ਸੰਗਤਾਂ, ਏਸ ਵੇਲੇ ਸਾਰੇ ਬ੍ਰਹਿਮੰਡਾਂ 'ਚ ਅਕਾਲ ਪੁਰਖ ਨੇ ਸਾਡੀ ਡਿਊਟੀ ਲਾਈ ਹੈ।

ਸਾਧਸੰਗਤ ਜੀ! ਸਾਡਾ ਹੀ ਨਹੀਂ ਇਕੱਲਿਆਂ ਦਾ ਸ੍ਰੀ ਗੁਰੂ ਨਾਨਕ ਦੇਵ ਜੀ। ਉਹ ਤਾਂ ਸਾਰੇ ਖੰਡਾਂ ਬ੍ਰਹਿਮੰਡਾਂ ਦੀਆਂ ਜਿੰਨੀਆਂ ਅਬਾਦੀਆਂ ਨੇ ਸਭ ਦਾ ਹੀ ਹੈ। ਹੋ ਸਕਦਾ ਹੈ ਸਾਡੇ ਨਾਲੋਂ ਜ਼ਿਆਦਾ ਉਨ੍ਹਾਂ ਨੇ ਕਦਰ ਪਾ ਲਈ ਹੋਵੇ। ਅਸੀਂ ਤਾਂ ਪਾਈ ਨਹੀਂ ਹੈ, ਅਸੀਂ ਤਾਂ ਸ਼ਰਾਬ ਹੀ ਨਹੀਂ ਛੱਡਦੇ, ਉਹਦੇ ਕਹਿਣ 'ਤੇ। ਨਾਮ ਹੀ ਨਹੀਂ ਜਪਦੇ। ਸੋ ਉਸ ਵੇਲੇ ਨੇਤਰ ਖੋਲ੍ਹੇ, ਨੇਤਰ ਖੋਲ੍ਹ ਕੇ ਏਧਰ ਥੋੜ੍ਹਾ ਜਿਹਾ ਸਮਾਂ ਲੰਘਿਆ। ਭਾਈ ਗੁਰਦਾਸ ਜੀ ਲਿਖਦੇ ਨੇ ਕਿ -

*ਨਾਲਿ ਲੀਤਾ ਬੇਟਾ ਪੀਰ ਦਾ*
*ਅਖੀ ਮੀਟਿ ਗਇਆ ਹਾਵਾਈ।*
*ਲਖ ਆਕਾਸ ਪਤਾਲ ਲਖ*
*ਅਖਿ ਫੁਰਕ ਵਿਚਿ ਸਭਿ ਦਿਖਲਾਈ।*
*ਭਰਿ ਕਚਕੌਲ ਪ੍ਰਸਾਦਿ ਦਾ*
*ਧੁਰੋ ਪਤਾਲੋ ਲਈ ਕੜਾਹੀ।*
*ਜਾਹਰ ਕਲਾ ਨ ਛਪੈ ਛਪਾਈ।*

*ਭਾਈ ਗੁਰਦਾਸ ਜੀ, ਵਾਰ ੧/੩੬*

ਹੁਣ ਕਿਵੇਂ ਛੁਪ ਜਾਵੇ। ਉਹਨੇ ਸਿਜਦਾ ਕਰਨਾ ਸ਼ੁਰੂ ਕਰ ਦਿਤਾ, ਕਹਿੰਦਾ ਅੱਬਾ ਜਾਨ! ਸਿਜਦਾ ਕਰੋ ਇਹ ਤਾਂ ਖੁਦਾਵੰਦ ਤਾਲਾ ਆਪ ਆ ਗਿਆ। ਆਪ ਹੀ ਹੈ, ਮੈਂ ਸਭ ਕੁਛ ਦੇਖ ਲਿਆ। ਜੋ ਕਹਿੰਦੇ ਨੇ ਠੀਕ ਹੈ ਇਸਦਾ ਕੋਈ ਅੰਤ ਨਹੀਂ ਆਉਣਾ, ਤੇ ਹੁਣ ਕੌਣ ਹੈ ਜਿਹੜਾ ਇਹ ਚੀਜ਼ ਕਰ ਦੇਵੇ -

*ਧਾਰਨਾ - ਵਾਹਵਾ ਵਾਹਵਾ ਬਈ*
*ਝੱਲੇ ਕਿਹੜਾ ਝਾਲ ਗੁਰਾਂ ਦੀ।*

ਲੱਖਾਂ ਆਕਾਸ਼ ਪਾਤਾਲ ਦਿਖਾਏ।

*ਜਾਹਰ ਕਲਾ ਨ ਛਪੈ ਛਪਾਈ।*

*ਭਾਈ ਗੁਰਦਾਸ ਜੀ, ਵਾਰ ੧/੩੬*

ਕੌਣ ਸੀ ਦੁਨੀਆਂ ਦੇ ਅੰਦਰ, ਜਿਹੜਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਝਾਲ ਝੱਲ ਸਕਦਾ। ਸੋ ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੇ ਵਾਹਿਗੁਰੂ ਨਾਮ ਦਾ ਸਤਿਨਾਮੁ ਦਾ ਡੰਕਾ ਸਾਰੇ ਸੰਸਾਰ 'ਚ ਵਜਾ ਕੇ, ਸਾਰਾ ਸੰਸਾਰ ਜਿੱਤ ਲਿਆ -

*ਧਾਰਨਾ - ਸਤਿਨਾਮ ਵਾਲਾ ਡੰਕਾ ਵਜਾ ਕੇ,*
*ਬਾਬੇ ਜਿੱਤੀ ਸਾਰੀ ਦੁਨੀਆਂ।*
*ਗੜ ਬਗਦਾਦੁ ਨਿਵਾਇਕੈ*
*ਮਕਾ ਮਦੀਨਾ ਸਭੇ ਨਿਵਾਇਆ।*
*ਸਿਧ ਚਉਰਾਸੀਹ ਮੰਡਲੀ*
*ਖਟਿ ਦਰਸਨਿ ਪਾਖੰਡਿ ਜਿਣਾਇਆ।*
*ਪਾਤਾਲਾ ਆਕਾਸ ਲਖ ਜੀਤੀ ਧਰਤੀ ਜਗਤੁ ਸਬਾਇਆ।*
*ਜੀਤੀ ਨਉਖੰਡਿ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ।*
*ਦੇਵ ਦਾਨੋ ਰਾਕਸਿ ਦੈਤ ਸਭ*
*ਚਿਤਿ ਗੁਪਤਿ ਸਭ ਚਰਨੀ ਲਾਇਆ।*
*ਇੰਦ੍ਰਾਸਣਿ ਅਪਛਰਾ ਰਾਗ ਰਾਗਨੀ ਮੰਗਲੁ ਗਾਇਆ।*
*ਭਇਆ ਅਨੰਦੁ ਜਗਤੁ ਵਿਚਿ*
*ਕਲਿਤਾਰਨ ਗੁਰ ਨਾਨਕ ਆਇਆ।*
*ਹਿੰਦੂ ਮੁਸਲਮਾਣਿ ਨਿਵਾਇਆ।*

*ਭਾਈ ਗੁਰਦਾਸ ਜੀ, ਵਾਰ ੧/੩੭*

*ਧਾਰਨਾ - ਵਾਹਵਾ-ਵਾਹਵਾ ਬਈ ਕਲਜੁਗ ਤਾਰਨੇ ਨੂੰ।*
*ਸਤਿਗੁਰ ਨਾਨਕ ਜਗ ਵਿਚ ਆਇਆ।*

ਸੋ ਗੁਰੂ ਨਾਨਕ ਪਾਤਸ਼ਾਹ ਨੇ ਆ ਕੇ ਸ਼ਬਦ ਸੁਰਤਿ ਦਾ ਨਾਮ ਮਾਰਗ ਪ੍ਰਚਲਤ ਕੀਤਾ। ਗ੍ਰਿਹਸਤ ਵਿਚ ਰਹਿੰਦੇ

ਹੋਏ, ਕਾਰੋਬਾਰ ਕਰਦੇ ਹੋਏ ਨੇਕ ਨੀਤ ਹੋ ਕੇ, ਪ੍ਰਮੇਸ਼ਰ ਦੇ ਦਰ 'ਤੇ ਪਹੁੰਚਣ ਦੀ ਜਾਂਚ ਦੱਸੀ। ਜ਼ਿੰਦਗੀ ਨੂੰ ਸੁਖਾਲਾ ਕਰ ਦਿੱਤਾ, ਭਰਮਾਂ-ਭੁਲੇਖਿਆਂ ਵਿਚੋਂ ਕੱਢ ਦਿੱਤਾ। ਮਨੁੱਖ ਕਿਹੋ ਜਿਹਾ ਹੀ ਹੈ, ਜਿਹੋ ਜਿਹਾ ਵੀ ਹੈ, ਜੇ ਪ੍ਰਮੇਸ਼ਰ ਵਲ ਉਸ ਦਾ ਚਿੱਤ ਹੋ ਜਾਵੇ ਤਾਂ ਪ੍ਰਮੇਸ਼ਰ ਦੇ ਦਰ 'ਤੇ ਪ੍ਰਵਾਨ ਹੁੰਦਾ ਹੈ। ਸਾਨੂੰ ਰੂਪ-ਰੇਖਾਂ 'ਚੋਂ, ਭੇਖਾਂ 'ਚੋਂ ਕੱਢ ਦਿੱਤਾ, ਨਿਰਾਰਥਕ ਰਸਮਾਂ ਵਿਚੋਂ ਕੱਢ ਦਿੱਤਾ। ਜੇ ਜਨੇਊ ਨੂੰ ਦੇਖਿਆ ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਕਹਿ ਦਿੱਤਾ ਕਿ ਇਹ ਜਨੇਊ ਸੱਚ ਦਾ ਨਹੀਂ ਹੈ। ਜਨੇਊ ਉਹ ਪਾਇਆ ਜਿਹੜਾ ਦਰਗਾਹ ਵਿਚ ਨਾਲ ਜਾਵੇ। ਮੱਥੇ 'ਤੇ ਚਿੰਨ੍ਹ ਉਹ ਲਾ, ਜਿਹੜਾ ਦਰਗਾਹ ਦੇ ਵਿਚ ਨਿਸ਼ਾਨ ਬਣ ਜਾਵੇ, ਉਹ ਨਾਮ ਦਾ ਹੈ। ਇਸੇ ਤਰ੍ਹਾਂ ਜੇ ਨਮਾਜ਼ ਪੜ੍ਹਨੀ ਹੈ ਤਾਂ ਚਿੱਤ ਨੂੰ ਇਕਾਗਰ ਕਰਕੇ ਹਰੀ ਦੀ ਹਜ਼ੂਰੀ ਵਿਚ ਪੜ੍ਹ। ਅੱਖਰ ਨਾ ਗਿਣ, ਅੱਖਰ ਗਿਣਨ ਤੋਂ ਹਟਾ ਦਿੱਤਾ, ਜਿੰਦ ਪਾ ਦਿੱਤੀ ਧਰਮ ਦੇ ਅੰਦਰ ਤੇ ਨਵੀਂ ਰੌ ਦੇ ਕੇ ਨਵੇਂ ਖਿਆਲ ਦੇ ਕੇ, ਨਰੋਏ ਮਨੁੱਖ ਪੈਦਾ ਕਰਕੇ ਉਹਨੂੰ ਖਾਲਸੇ ਦੀ ਪਦਵੀ ਦੇ ਦਿਤੀ। ਬ੍ਰਹਮਗਿਆਨੀ ਦੀ ਤੇ ਸੰਸਾਰ ਦੇ ਉਧਾਰ ਵਾਸਤੇ ਜੁਗੋ ਜੁਗ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਸੰਸਾਰ ਨੂੰ ਸੇਧ ਦੇ ਦਿਤੀ। ਹੁਣ ਅਸੀਂ ਲੋਕ ਹਾਂ ਸਾਡਾ ਫਰਜ਼ ਬਣ ਜਾਂਦਾ ਹੈ। ਅਸੀਂ ਆਪ ਕਿੰਨਾ ਬਾਣੀ ਦੇ ਉਤੇ ਚੱਲ ਕੇ ਕਮਾਈ ਕਰਦੇ ਹਾਂ। ਕਿੰਨਾ ਕੁ ਸਾਧਨ ਕਰਦੇ ਹਾਂ। ਪਹਿਲਾਂ ਆਪਣੇ ਆਪ ਨੂੰ ਸਮਝਾਵੋ –

*ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥*

*ਅੰਗ – ੩੧*

ਪਹਿਲਾਂ ਆਪਣੇ ਆਪ ਨੂੰ ਸ਼ੁੱਧ ਕਰੋ, ਫੇਰ ਕਿਸੇ ਨੂੰ ਕੋਈ ਗੱਲ ਕਹੋ। ਜੇ ਗੱਲ ਦੂਜੀ ਕਹੀ ਜਾਵੇ ਉਹਦਾ ਅਸਰ ਨਹੀਂ ਹੋਇਆ ਕਰਦਾ, ਅਸਰ ਉਸੇ ਗੱਲ ਦਾ ਹੁੰਦਾ ਹੈ, ਜੋ ਮਨੁੱਖ ਆਪ ਕਰਦਾ ਹੈ। ਗੁਰੂ ਨਾਨਕ ਨੇ ਨਿਰੰਕਾਰ ਦੀ ਆਵਾਜ਼ ਮਾਰੀ, ਸੁੰਨ ਮੁੰਨ ਨਗਰੀ ਹੋ ਗਈ। ਅਸੀਂ ਜਿੰਨੀਆਂ ਜੀਅ ਕਰਦਾ ਹੈ ਮਾਰੀ ਜਾਈਏ, ਚਿੜੀ ਵੀ ਨਹੀਂ ਉਡਦੀ। ਸੋ ਫਰਕ ਹੈ ਸਾਡੀ ਕਮਾਈ ਦੇ ਵਿਚ। ਸੋ ਸਾਧਸੰਗਤ ਜੀ! ਗੁਰੂ ਨਾਨਕ ਨੂੰ ਪਛਾਣੋ।

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*

*ਅੰਗ – ੧੩੯੫*

ਹਾਜ਼ਰ ਨਾਜ਼ਰ ਨੇ ਉਨ੍ਹਾਂ ਦਾ ਧਿਆਨ ਕਰੋ, ਧਿਆਨ ਕਰਕੇ ਪ੍ਰਮੇਸ਼ਰ ਦਾ ਨਾਮ ਜਪੋ ਤੇ ਆਪਣਾ ਜੀਵਨ ਸਫਲਾ ਕਰੋ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤੀ ਹੈ।

*ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ*

*(ਪੰਨਾ 12 ਦੀ ਬਾਕੀ)*

ਰੂਪ ਜਾਨਣ ਦੀ ਥਾਂ ਦੁਖਾਂ ਦਾ ਘਰ ਜਾਣ ਕੇ ਇਸ ਨੂੰ ਪ੍ਰਭੂ ਦਾ ਬਿਕਾਰ ਸਮਝਿਆ ਗਿਆ। ਗਿਆਨ ਦਾ ਅਨੁਭਵ ਦੂਰ ਰਹਿ ਗਿਆ। ਇਸ ਵਿਚ ਸਮਰੱਥ ਗੁਰੂ ਰਾਹੀਂ ਕਰਮ, ਉਪਾਸ਼ਨਾ ਅਤੇ ਗਿਆਨ ਦੇ ਸਾਧਨ ਕਰਕੇ ਵਿਰਲਿਆਂ-ਵਿਰਲਿਆਂ ਨੂੰ ਗਿਆਨ ਦਾ ਪ੍ਰਕਾਸ਼ ਹੋਣ ਲੱਗਿਆ। ਸੰਸਾਰ ਕਰਮ ਕਾਂਡ ਵਿਚ ਰੁਝ ਗਿਆ, ਧਰਮ ਦੇ ਦੋ ਪੈਰ ਕਾਇਮ ਰਹਿ ਗਏ। ਸੰਸਾਰ ਦੇ ਜੋ ਸਾਧਨ ਸਨ ਉਨ੍ਹਾਂ ਵਿਚ ਸਤਿਜੁਗ ਵਿਚ ਸਤਿ ਦਾ ਬੋਲਬਾਲਾ ਸੀ, ਤ੍ਰੇਤੇ ਵਿਚ ਅਨੇਕ ਕਿਸਮ ਦੇ ਯੱਗ ਕੀਤੇ ਜਾਂਦੇ ਸਨ। ਦੁਆਪਰ ਵਿਚ ਪੂਜਾ ਦਾ ਰਿਵਾਜ ਹੋਇਆ। ਇਸ ਵਿਚ ਸਮਰੱਥ ਗੁਰੂ ਦੀ ਬਹੁਤ ਹੀ ਜ਼ਰੂਰਤ ਮਹਿਸੂਸ ਹੋਈ ਕਿਉਂਕਿ ਨਾਮ ਨੂੰ ਦ੍ਰਿੜ੍ਹ ਕਰਨ ਵਾਸਤੇ ਉਸ ਦੀ ਦਇਆ ਦੀ ਲੋੜ ਸੀ। ਸੋ ਭਾਈ ਮਰਦਾਨਾ ਜੀ! ਇਹ ਵਾਰਤਾ ਜੋ ਸਾਡੇ ਭਰਾਵਾਂ ਦੀ ਜੁਗਾਂ ਦੇ ਰੂਪ ਵਿਚ ਚਲਦੀ ਆ ਰਹੀ ਹੈ ਇਸ ਨੂੰ ਤੁਸੀਂ ਸਮਾਂ ਕਹੋ ਅਤੇ ਜੋ ਨਾਮ ਮੈਂ ਦਿਤੇ ਹਨ ਉਹ ਕਹੋ ਜਾਂ ਇਹ ਸਮਝੋ ਕਿ ਮਨੁੱਖ ਕਰਤਾ ਪੁਰਖ ਨੂੰ ਭੁੱਲ ਗਿਆ ਅਤੇ ਉਸ ਦੇ ਮਨ ਤੇ ਮਾਇਆ ਦਾ ਅਸਰ ਹੋ ਗਿਆ। ਉਹ ਆਪਣੀ ਮੂਲ ਅਵਸਥਾ ਤੋਂ ਹੌਲੀ-ਹੌਲੀ ਐਨਾ ਹੇਠਲੀਆਂ ਪੜ੍ਹਤਾਂ ਤੇ ਪਹੁੰਚ ਗਿਆ ਕਿ ਮੇਰੇ ਜੁੱਗ ਤਕ ਪਹੁੰਚਦਾ-ਪਹੁੰਚਦਾ ਉਹ ਪੂਰੀ ਤਰ੍ਹਾਂ ਨਾਲ ਪ੍ਰੇਤ ਬਣ ਗਿਆ।

ਗੁਰੂ ਤੀਸਰੇ ਪਾਤਸ਼ਾਹ ਮਹਾਰਾਜ ਜੀ ਨੇ ਇਸ ਅਵਸਥਾ ਬਾਰੇ ਫੁਰਮਾਨ ਕੀਤਾ ਹੈ ਕਿ ਸਮੇਂ-ਸਮੇਂ ਮਨੁੱਖ ਦੇ ਸੁਭਾਅ ਬਦਲਦੇ ਰਹਿੰਦੇ ਹਨ। ਸਤਿਜੁਗ ਵਿਚ ਤਿਆਗੀ ਤੇ ਵਿਚਾਰਵਾਨ ਲੋਕ ਸਨ ਅਤੇ ਪੂਰਨ ਗਿਆਨ ਵਿਚ ਪ੍ਰਭੂ ਨੂੰ ਘਟ-ਘਟ ਵਿਚ ਵਿਆਪਕ ਦੇਖਦੇ ਸਨ ਅਤੇ ਸ੍ਰਿਸ਼ਟੀ ਨੂੰ ਪ੍ਰਭੂ ਕਰਕੇ ਹੀ ਦੇਖਦੇ ਸਨ। ਅਗਿਆਨ ਦਾ ਕੋਈ ਵੀ ਅੰਸ ਉਨ੍ਹਾਂ ਦੇ ਮਨ ਵਿਚ ਨਹੀਂ ਸੀ। ਸਾਰੀਆਂ ਬੁਰਿਆਈਆਂ ਤੋਂ ਸਾਫ ਸੁਥਰੇ ਸਨ ਅਤੇ ਵਾਹਿਗੁਰੂ ਜੀ ਦੇ ਨਾਮ ਰਸ ਵਿਚ ਜੁੜੇ ਆਪਣਾ ਜੀਵਨ ਬਤੀਤ ਕਰਦੇ ਸਨ। ਲੋੜਾਂ ਬਹੁਤ ਹੀ ਘੱਟ ਸਨ, ਵਾਸ਼ਨਾਵਾਂ ਤੋਂ ਛੁਟਕਾਰਾ ਪਾਇਆ ਹੋਇਆ ਸੀ। ਰਾਜੇ ਲੋਕ ਧਰਮ ਦਾ ਰਾਜ ਕਰਦੇ ਸਨ, ਹਰ ਵਰਗ ਸੁਖਾਂ ਵਿਚ ਵਾਹਿਗੁਰੂ ਨਾਲ ਜੁੜਿਆ ਹੋਇਆ ਆਪਣਾ ਸਮਾਂ ਬਤੀਤ ਕਰਦਾ ਸੀ। ਦੁਆਪਰ ਤੇ ਤ੍ਰੇਤੇ ਜੁਗ ਵਿਚ ਮਨੁੱਖ ਇਸ ਦੇਵ ਪਦਵੀ ਤੋਂ ਹੇਠਾਂ ਤਿਲਕਿਆ, ਵਾਹਿਗੁਰੂ ਜੀ ਦੇ ਗਿਆਨ ਵਿਚੋਂ ਦਿਸਣ ਵਾਲੀ ਮਾਇਆ ਵਿਚ ਪਰਚਣ ਲੱਗਿਆ ਅਤੇ ਮਨੁੱਖ ਦੀ ਹਾਲਤ ਵਿਚ ਪ੍ਰਗਟ ਹੋਇਆ। ਪਰ ਸੱਚ ਵਲ ਬਹੁਤ ਝੁਕਾਅ ਰਹਿੰਦਾ ਸੀ ਜੀਵਨ ਸਤਿ ਤੇ ਅਧਾਰਤ ਸੀ। ਕਲਜੁੱਗ ਵਿਚ ਮਨੁੱਖ ਦੀ ਸੁਰਤ ਐਨੀ ਨੀਵੀਂ ਹੋ ਗਈ ਕਿ ਉਹ ਭੂਤਨਾ ਹੀ ਬਣ ਗਿਆ ਜਿਵੇਂ ਕਿ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥*
*ਪੁਤੁ ਜਿਨੂਰਾ ਧੀਅ ਜਿੰਨੂਰੀ*
*ਜੋਰੂ ਜਿੰਨਾ ਦਾ ਸਿਕਦਾਰੁ ॥ ਅੰਗ – 556*

*'ਚਲਦਾ.................।'*

# ਧਰਮ ਹੇਤ ਸਾਕਾ ਜਿਨ ਕੀਆ

## (ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਸਬੰਧ ਵਿਚ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-46)*

ਅਸੀਂ ਵਿਚਾਰ ਕਰ ਰਹੇ ਸੀ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਜਦੋਂ ਕਸ਼ਮੀਰੀ ਪੰਡਤਾਂ ਨੇ ਗੁਰੂ ਨੌਵੇਂ ਪਾਤਸ਼ਾਹ ਦੇ ਦਰਸ਼ਨ ਕੀਤੇ ਤਾਂ ਮਨ 'ਚ ਆਇਆ ਕਿ ਇਹ ਤਾਂ ਸਾਡੇ ਹਮਦਰਦ ਨੇ, ਉਸ ਵੇਲੇ ਸਾਧਸੰਗਤ ਜੀ! ਰੋਣਾ ਨਿਕਲ ਗਿਆ ਸਾਰਿਆਂ ਦਾ। ਉਚੀ-ਉਚੀ ਰੋ ਰਹੇ ਨੇ ਗੁਰੂ ਮਹਾਰਾਜ ਕਹਿੰਦੇ, ਪ੍ਰੇਮੀਓਂ! ਬੈਠ ਜਾਓ, ਸੰਗਤ ਸਾਰੀ ਹੈਰਾਨ ਹੈ ਕਿ ਬੜੇ ਵਿਦਵਾਨ ਪੁਰਸ਼ ਆਏ ਨੇ। ਬਿਪਤਾ ਇਨ੍ਹਾਂ 'ਤੇ ਬਹੁਤ ਵੱਡੀ ਪਈ ਹੋਈ ਹੈ। ਐਨਾ ਰੋ ਰਹੇ ਨੇ ਇਹ। ਉਸ ਵੇਲੇ ਮਹਾਰਾਜ ਕਹਿਣ ਲੱਗੇ, ਤੁਸੀਂ ਆਪਣਾ ਹਾਲ ਸੁਣਾਓ, ਕੀ ਗੱਲ ਹੈ, ਕਿਹੜਾ ਸੰਕਟ ਤੁਹਾਡੇ 'ਤੇ ਆ ਗਿਆ। ਕਹਿੰਦੇ, ਪਾਤਸ਼ਾਹ! ਤੁਸੀਂ ਜਾਣੀ-ਜਾਣ ਓਂ। ਸਭ ਕੁਛ ਜਾਣਦੇ ਓਂ। ਐਸ ਤਰ੍ਹਾਂ ਦੇ ਨਾਲ ਅਸੀਂ ਗਏ ਸੀ ਸ਼ਿਵ ਮੰਦਰ ਦੇ ਅੰਦਰ। ਅਮਰਨਾਥ ਦੀ ਗੁਫਾ 'ਚ, ਬਰਫ ਦੇ ਵਿਚ। ਪਾਤਸ਼ਾਹ! ਸਾਡੀ ਕੋਈ ਬਾਂਹ ਫੜਨ ਵਾਲਾ ਨਹੀਂ ਸੰਸਾਰ 'ਤੇ ਰਿਹਾ ਤੇ ਅਸੀਂ ਆਪ ਦੀ ਸ਼ਰਨ ਵਿਚ ਆਏ ਹਾਂ। ਦੇਵਤੇ ਨੇ ਕਿਹਾ ਹੈ ਕਿ ਜੇ ਤੁਹਾਡੀ ਬਾਂਹ ਫੜਨੀ ਹੈ ਤਾਂ ਗੁਰੂ ਤੇਗ ਬਹਾਦਰ ਨੇ ਫੜਨੀ ਹੈ। ਉਹ ਨੇ ਜਿਹੜੇ ਤੁਹਾਡੀ ਬਾਂਹ ਫੜ ਕੇ ਪੂਰਾ ਨਿਭਾ ਦੇਣਗੇ। ਐਸ ਵੇਲੇ ਬਾਂਹ ਕਿਸੇ ਨੇ ਨਹੀਂ ਫੜਨੀ। ਕਹਿੰਦੇ –

*ਕੇਵਲ ਇਕੋ ਆਪ ਹੋ, ਕੇਵਲ ਇਕੋ ਆਪ ਹੋ*
*ਮੇਟਹੁ ਹਿੰਦੂ ਧਰਮ ਤੇ ਬਣਿਆ ਜੋ ਸੰਤਾਪ।*
*ਜਿਦਾਂ ਲਾਜ ਦ੍ਰੋਪਤੀ ਵਿਚ ਭਰੇ ਦਰਬਾਰ।*
*ਦੇ ਕੇ ਆਪਣਾ ਹੱਥ ਸੀ ਰਖੀ ਕ੍ਰਿਸ਼ਨ ਮੁਰਾਰ।*
*ਉਵੇਂ ਰਖੋ ਲਾਜ ਹੁਣ ਸਤਿਗੁਰ ਕ੍ਰਿਪਾਧਾਰ।*
*ਬਣਿਆ ਭਾਰਤ ਵਰਸ਼ ਅੱਜ ਦੁਰਯੋਧਨ ਦਰਬਾਰ।*

ਗੁਰੂ ਮਹਾਰਾਜ ਕਹਿੰਦੇ, ਕੋਈ ਨਾ ਤੁਸੀਂ ਫਿਕਰ ਨਾ ਕਰੋ, ਵਾਹਿਗੁਰੂ ਸਭ ਦਾ ਰਾਖਾ ਹੈ –

*ਸੱਚਾ ਸਾਹਿਬ ਆਪ ਹੀ ਕਰਕੇ ਕੋਈ ਉਪਾਅ*
*ਡੁੱਬਦਾ ਬੇੜਾ ਧਰਮ ਦਾ ਦੇ ਸੀ ਬੰਨੇ ਲਾ।*

ਫਿਕਰ ਨਾ ਕਰੋ, ਪ੍ਰਮੇਸ਼ਰ ਨੇ ਸਭ ਕੁਛ ਕਰ ਦੇਣਾ ਹੈ। ਉਸ ਵੇਲੇ ਬਚਨ ਮਹਾਰਾਜ ਨੇ ਕੀਤਾ, ਸੰਜੀਦਾ ਹੋ ਗਏ ਆਪ, ਚੁੱਪ ਕਰ ਗਏ। ਸਾਰੇ ਚੁੱਪ ਕਰ ਗਏ, ਹੰਝੂ ਜਾ ਰਹੇ ਨੇ, ਆਪਣੀ ਵਿਥਿਆ ਨਹੀਂ ਸੁਣਾ ਸਕਦੇ, ਅੰਦਰ ਹੀ ਲਏ ਬੈਠੇ ਨੇ ਕਿ ਐਉਂ ਹੋਈ, ਇਸ ਤਰ੍ਹਾਂ ਹੋਈ। ਪੰਜ ਸੌ ਬੰਦਾ ਬੈਠਾ ਹੰਝੂ ਵਗਾ ਰਿਹਾ ਹੈ। ਹਉਕੇ ਲੈ ਰਹੇ ਨੇ, ਉਭੇ ਸਾਹ ਲੈ ਰਹੇ ਨੇ। ਗੁਰੂ ਦਸ਼ਮੇਸ਼ ਪਿਤਾ ਬਾਹਰੋਂ ਆ ਗਏ, ਦੀਵਾਨ ਦੇ ਵਿਚੀਂ ਲੰਘ ਰਹੇ ਨੇ ਕਿ ਮਹਾਰਾਜ ਵੀ ਚੁੱਪ ਕਰੀਂ ਬੈਠੇ ਨੇ, ਆਹ ਕੀ ਭਾਣਾ ਵਰਤਿਆ ਹੋਇਆ ਹੈ, ਰੋ ਰਹੇ ਨੇ ਸਾਰੇ। ਉਸ ਵੇਲੇ ਤਖਤ ਦੇ ਉਤੇ ਆ ਕੇ ਮਹਾਰਾਜ ਜੀ ਉਪਰ ਚੜ੍ਹ ਗਏ। ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਡੂੰਘੀ ਸੋਚ ਵਿਚ ਲਿਵਲੀਨ ਹੋਏ ਬੈਠੇ ਨੇ, ਉਸ ਵੇਲੇ ਆਪ ਨੇ ਪਿਛੋਂ ਦੀ ਹੋ ਕੇ, ਪਿੱਠ ਵਲੋਂ ਦੀ, ਗੁਰੂ ਮਹਾਰਾਜ ਦੇ ਗਲ ਵਿਚ ਦੋਹੇਂ ਬਾਹਾਂ ਪਾ ਲਈਆਂ, ਪਾਉਂਦੇ ਸਾਰ ਉਲ੍ਹਰ ਕੇ ਗੋਦੀ 'ਚ ਆ ਕੇ ਬੈਠ ਗਏ। ਮਹਾਰਾਜ ਜੀ ਨੇਤਰ ਖੋਲ੍ਹੇ, ਪਿਆਰ ਕੀਤਾ। ਬੁੱਕਲ 'ਚ ਲਏ, ਨੌਂ ਸਾਲ ਦੀ ਉਮਰ ਹੈ।

ਪਿਤਾ ਜੀ! ਇਹ ਕੌਣ ਨੇ ਬੰਦੇ, ਐਨੇ ਦੁਖੀਏ, ਐਸ ਵੇਲੇ ਰੋ ਰਹੇ ਨੇ। ਇਨ੍ਹਾਂ ਨੂੰ ਸੰਕਟ ਕੀ ਪਿਆ ਹੋਇਆ ਹੈ? ਆਪ ਤਾਂ ਸਮਰੱਥ ਓਂ, ਸਰਬ ਕਲਾ ਸਮਰੱਥ, ਆਪ ਦੇ ਘਰ ਆ ਕੇ ਤਾਂ ਰੋਂਦੇ ਹੱਸ ਕੇ ਜਾਂਦੇ ਨੇ, ਇੱਥੇ ਹੱਸਣ ਵਾਲੇ ਆ ਕੇ ਰੋਂਦੇ ਨਹੀਂ ਜਾਂਦੇ, ਇੱਥੇ ਰੋਣ ਵਾਲੇ ਹਸਦੇ ਜਾਂਦੇ ਨੇ। ਪਾਤਸ਼ਾਹ! ਇਹ ਕੀ ਗੱਲ ਹੈ? ਇਹ ਸਿਆਣੇ-ਸਿਆਣੇ ਬੰਦੇ, ਤਿਲਕ ਲੱਗੇ ਹੋਏ ਨੇ ਤੇ ਬੜੇ ਸਿਆਣੇ ਨੇ ਦੇਖਣ ਨੂੰ, ਸੋਹਣੇ ਦਰਸ਼ਨੀ ਨੇ। ਚਿਹਰੇ ਇਨ੍ਹਾਂ ਦੇ ਵਾਹਵਾ ਨੇ। ਇਹ ਐਨੇ ਮੁਰਝਾਏ ਹੋਏ ਕਿਉਂ ਨੇ? ਕਿਉਂ ਰੋ ਰਹੇ ਨੇ? ਆਪ ਕ੍ਰਿਪਾ ਕਰਕੇ ਇਨ੍ਹਾਂ ਦੇ ਦੁਖ ਦਾ ਇਲਾਜ ਕਰੋ ਨਾ ਕੋਈ?

ਉਸ ਵੇਲੇ, ਆਪ ਕਹਿਣ ਲੱਗੇ, ਲਾਲ ਜੀ! ਇਹ ਸਾਰੇ ਭਾਰਤ ਵਰਸ਼ ਦਾ ਪ੍ਰਤੀਨਿਧ ਜੱਥਾ ਆਇਆ ਹੈ, ਸਾਰੇ ਹਿੰਦੂ ਧਰਮ ਦੀ ਨੁਮਾਇੰਦਗੀ ਆਇਆ ਹੈ, ਭਾਰਤ ਵਰਸ਼ 'ਚੋਂ ਪੰਜ ਸੌ ਬੰਦਾ, ਨੁੰਮਾਇੰਦਾ ਹੋ ਕੇ ਇੱਥੇ ਪਹੁੰਚਿਆ ਹੈ ਤੇ ਇਨ੍ਹਾਂ ਦਾ ਧਰਮ ਖਤਰੇ 'ਚ ਹੈ, ਜੰਞੂ ਵੀ ਖਤਰੇ 'ਚ ਪੈ ਗਿਆ। ਤਿਲਕ ਵੀ ਖਤਰੇ 'ਚ ਪੈ ਗਿਆ, ਜ਼ਬਰਦਸਤੀ ਲਾਹਿਆ ਜਾ ਰਿਹਾ ਹੈ ਤੇ ਗੁਰੂ ਦੇ ਦਰਬਾਰ 'ਚ ਪਹੁੰਚੇ ਨੇ।

ਕਹਿੰਦੇ, ਫੇਰ ਪਾਤਸ਼ਾਹ! ਤੁਸੀਂ ਕੀ ਸੋਚਿਆ ਹੈ ਇਨ੍ਹਾਂ ਦਾ ਦੁੱਖ ਦੂਰ ਕਰੋ, ਤੁਸੀਂ ਸਮਰੱਥ ਪੁਰਸ਼ ਓਂ। ਕਹਿੰਦੇ, ਲਾਲ ਜੀ! ਇਨ੍ਹਾਂ ਦਾ ਦੁੱਖ ਦੂਰ ਕਰਨ ਵਾਸਤੇ ਜਿਹੜਾ ਕੁਛ ਕਰਨਾ ਹੈ, ਉਹ ਸੁਣੋ ਧਿਆਨ ਨਾਲ –

*ਧਾਰਨਾ – ਤਿਲਕ ਜੰਞੂ ਦੀ ਰਾਖੀ ਨਹੀਂਓਂ ਹੋਣੀ,*
*ਬਿਨਾਂ ਦਿੱਤੇ ਸੀਸ ਲਾਲ ਜੀ।*

ਕਹਿਣ ਲੱਗੇ, ਲਾਲ ਜੀ! ਮੈਂ ਇਸ ਸੋਚ ਵਿਚ ਸੀ

ਕਿ ਇਸ ਭਾਰੇ ਜ਼ੁਲਮ ਨੂੰ ਦੂਰ ਕਰਨ ਵਾਸਤੇ, ਕਿਸੇ ਮਹਾਂਪੁਰਸ਼ ਨੂੰ ਆਪਣਾ ਬਲੀਦਾਨ ਦੇਣਾ ਪੈਣਾ ਹੈ ਤੇ ਇਨ੍ਹਾਂ ਨੂੰ ਮੈਂ ਇਹ ਗੱਲ ਕਹਿ ਦਿੱਤੀ ਹੈ ਕਿ ਕੋਈ ਪੂਰਨ ਮਹਾਂਪੁਰਸ਼ ਸੀਸ ਦੇਵੇ, ਇਹ ਨੀਵੀਆਂ ਪਾਈ ਬੈਠੇ ਨੇ-

*ਨੌਵੇਂ ਸਤਿਗੁਰ ਆਖਿਆ ਮੇਰੇ ਸੁਤ ਸੁਜਾਨ*
*ਠੱਲ੍ਹ ਸਕਦਾ ਹੈ ਦੇਸ਼ ਵਿਚ, ਜ਼ੁਲਮਾਂ ਦਾ ਤੁਫਾਨ*
*ਜੇ ਕੋਈ ਅਣਖੀ ਸੂਰਮਾ ਜੋਧਾ ਕੋਈ ਮਹਾਨ*
*ਡੱਟ ਖਲੋਵੇ ਸਾਮ੍ਹਣੇ ਆਪਣੀ ਛਾਤੀ ਤਾਣ।*
*ਕੋਈ ਪਵਿੱਤਰ ਆਤਮਾ ਨਿਰਭੈ ਤੇ ਬਲਵਾਨ।*
*ਤਿਆਗੇ ਮੋਹ ਸਰੀਰ ਦਾ ਕਰਕੇ ਸਸਤੀ ਜਾਨ।*
*ਅਗਨੀ ਦੇ ਇਸ ਕੁੰਡ ਵਿਚ ਦੇ ਆਪਣਾ ਬਲੀਦਾਨ।*
*ਲੇਖੇ ਧਰਮ ਅਸੂਲ ਦੇ ਅਰਪਣ ਕਰੇ ਪ੍ਰਾਣ।*

ਉਸ ਵੇਲੇ ਗੁਰੂ ਦਸ਼ਮੇਸ਼ ਪਿਤਾ ਜਦੋਂ ਸੁਣਦੇ ਸਾਰ ਕਹਿਣ ਲੱਗੇ, ਪਿਤਾ ਜੀ! ਐਸ ਵੇਲੇ ਤੁਹਾਡੇ ਨਾਲੋਂ ਵੱਡਾ ਤਾਂ ਸੰਸਾਰ ਦੇ ਉਤੇ ਕੋਈ ਸੂਰਮਾ ਹੀ ਨਹੀਂ ਹੈ। ਕੋਈ ਮਹਾਂਪੁਰਸ਼ ਨਹੀਂ, ਕੋਈ ਪਵਿੱਤਰ ਆਤਮਾ ਨਹੀਂ। ਫੇਰ ਹੋਰ ਕੀਹਦੇ ਵਲ ਦੇਖਣਾ ਹੈ ਪਿਤਾ ਜੀ। ਤੁਸੀਂ ਹੀ ਇਨ੍ਹਾਂ ਦਾ ਸਹਾਰਾ ਬਣੋ, ਭਾਵੇਂ ਜੰਞੂ ਤੇ ਤਿਲਕ ਦੇ ਵਿਚ ਸਾਡਾ ਵਿਸ਼ਵਾਸ਼ ਨਹੀਂ, ਪਰ ਪਿਤਾ ਜੀ! ਧੱਕਾ ਹੋ ਰਿਹਾ ਹੈ ਧਰਮ ਦੇ ਉਤੇ। ਧੱਕਾ ਨਹੀਂ ਹੋਣ ਦੇਣਾ। ਤੁਸੀਂ ਆਪਣਾ ਬਲੀਦਾਨ ਦੇਵੋ। ਗੁਰੂ ਮਹਾਰਾਜ ਨੇ ਫੁਰਮਾਇਆ, ਬੇਟਾ! ਆਹ ਬਿਖੜੇ ਹਾਲਾਤ, ਸਾਡੇ ਬਲੀਦਾਨ ਦੇਣ ਦੇ ਨਾਲ ਗੁਰੂ ਘਰ ਦੇ ਨਾਲ ਸਿੱਧਾ ਵਿਰੋਧ ਬਾਦਸ਼ਾਹੀ ਦਾ ਪੈ ਜਾਏਗਾ। ਪਹਿਲਾਂ ਗੁਰੂ ਪੰਜਵੇਂ ਪਾਤਸ਼ਾਹ ਨੂੰ ਤੱਤੀਆਂ ਤਵੀਆਂ 'ਤੇ ਬਿਠਾ ਸ਼ਹੀਦ ਕਰ ਦਿੱਤਾ। ਫੇਰ ਗੁਰੂ ਅੱਠਵੇਂ ਪਾਤਸ਼ਾਹ ਨੂੰ ਜਾ ਕੇ ਛੋਟੀ ਉਮਰ ਦੇ ਵਿਚ ਆਪਣਾ ਸਰੀਰ ਛੱਡਣਾ ਪਿਆ, ਆਪਣਾ ਪ੍ਰਣ ਪਾਲਣ ਵਾਸਤੇ ਤੇ ਇਹ ਸਰੀਰ ਦੇਣ ਤੋਂ ਬਾਅਦ ਤੁਹਾਡੇ ਨਾਲ ਵੀ ਉਸੇ ਤਰ੍ਹਾਂ ਹੋਏਗੀ, ਤੁਹਾਨੂੰ ਬੁਲਾਉਣਗੇ, ਤੰਗ ਕਰਨਗੇ, ਸਿੱਧਾ ਵੈਰ ਪੈ ਜਾਏਗਾ, ਸੋ ਅਜੇ ਤੁਸੀਂ ਛੋਟੇ ਓਂ। ਮਹਾਰਾਜ ਨੇ ਇਹ ਦੇਖਣ ਵਾਸਤੇ ਕਿ ਕੀ ਕਹਿੰਦੇ ਨੇ ਬਾਲਕ ਗੋਬਿੰਦ ਜੀ। ਆਪ ਚੁੱਪ ਹੋ ਗਏ। ਉਸ ਵੇਲੇ ਗੁਰੂ ਦਸ਼ਮੇਸ਼ ਪਾਤਸ਼ਾਹ ਕਹਿਣ ਲੱਗੇ, ਪਿਤਾ ਜੀ! ਜਦੋਂ ਮੇਰਾ ਕੋਈ ਵਸ ਨਹੀਂ ਸੀ ਚਲਦਾ, ਮੈਂ ਹੱਥ ਪੈਰ ਨਹੀਂ ਹਿਲਾ ਸਕਦਾ ਸੀ, ਮਾਤਾ ਦੇ ਗਰਭ ਵਿਚ -

*ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ*
*ਸੋ ਕਿਉ ਮਨਹੁ ਵਿਸਾਰੀਐ ॥* *ਅੰਗ - ੯੨੦*

ਉਥੇ ਮੇਰੀ ਪ੍ਰਤਿਪਾਲਣਾ ਆਪ ਅਕਾਲ ਪੁਰਖ ਕਰਦਾ ਸੀ। ਜਦੋਂ ਮੈਂ ਕੁਛ ਖਾ ਨਹੀਂ ਸੀ ਸਕਦਾ ਮੇਰੇ ਵਾਸਤੇ ਦੁੱਧ ਬਣਾ ਦਿੱਤਾ।। ਜਦੋਂ ਦੰਦ ਆ ਗਏ, ਮੇਰੇ ਵਾਸਤੇ ਖੁਰਾਕ ਬਣਾ ਦਿਤੀ, ਮਾਤਾ ਪਿਤਾ ਦਾ ਹੱਥ ਦੇ ਦਿੱਤਾ। ਹੁਣ ਤਾਂ ਮੈਂ ਨੌਂ ਸਾਲ ਦਾ ਹੋ ਗਿਆ, ਮੇਰੀ ਚਿੰਤਾ ਨਾ ਕਰੋ, ਮੇਰੀ ਚਿੰਤਾ ਜਿਹੜੀ ਹੈ,

**ਮੂਲ ਕਰੋ ਗੁਰਦੇਵ ਨਾ, ਮਨ ਅੰਦਰ ਸੰਸਾ,**
**ਆਪੇ ਪੁਰਖ ਅਕਾਲ ਨੂੰ ਹੈ ਮੇਰੀ ਚਿੰਤਾ।**
**ਇੱਕੋ ਉਹਦਾ ਆਸਰਾ ਤੇ ਇੱਕੋ ਉਹਦਾ ਪਰਨਾ।**
**ਰੱਛਾ ਮੇਰੀ ਕਰੇਗਾ ਉਹ ਸਾਹਿਬ ਸੱਚਾ।**

ਪਿਤਾ ਜੀ! ਮੇਰੀ ਰੱਛਿਆ ਕਰਨ ਵਾਲਾ ਭਗਵਾਨ ਆਪ ਹੈ -

*ਰੋਗਨ ਤੇ ਅਰ ਸੋਗਨ ਤੇ*
*ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥*
*ਸ਼ਤਰੁ ਅਨੇਕ ਚਲਾਵਤ ਘਾਵ,*
*ਤਊ ਤਨ ਏਕ ਨਾ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰ ਦੈ ਕਰ,*
*ਪਾਪ ਸਮੂੰਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੋਂ,*
*ਸੁ ਪੇਟ ਹੀ ਕੇ ਪਟ ਬੀਚ ਬਚਾਵੈ॥ ਸ੍ਵਯੇ ਪਾਤਸ਼ਾਹੀ ੧੦*

ਮੇਰੀ ਰੱਛਿਆ ਉਨ੍ਹਾਂ ਨੇ ਕਰਨੀ ਹੈ, ਘੁੱਟ ਕੇ ਛਾਤੀ ਨਾਲ ਲਾ ਲਿਆ। ਮੱਥਾ ਚੁੰਮਿਆ, ਪਿਆਰ ਕੀਤਾ, ਨੇਤਰਾਂ 'ਚ ਨੇਤਰ ਪਾ ਕੇ ਝਾਕਿਆ, ਦੇਖਿਆ ਕਿ ਦਿਲ ਦੀ ਗਹਿਰਾਈ ਤੋਂ ਇਹ ਆਵਾਜ਼ ਉਠੀ ਹੈ। ਉਸ ਵੇਲੇ ਮਹਾਰਾਜ ਕਹਿੰਦੇ, ਪ੍ਰੇਮੀਓਂ! ਰੋਣਾ ਬੰਦ ਕਰੋ, ਖੁਸ਼ੀਆਂ ਦੇ ਘਰ ਵਿਚ ਆਓ। ਗੁਰੂ ਦਰਬਾਰ 'ਚੋਂ ਅੱਜ ਤੱਕ ਰੋਂਦਾ ਨਹੀਂ ਕੋਈ ਗਿਆ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ) ਦੇ ਪਾਸ ਇੱਕ ਪ੍ਰੇਮੀ ਆ ਗਿਆ ਕਲਕੱਤੇ ਤੋਂ ਰਤਨ ਸਿੰਘ ਉਹਦਾ ਨਾਮ ਸੀ, ਦੁਰਾਹੇ ਉਤਰਿਆ ਮਹਾਰਾਜ ਜੀ ਦੇ ਚਰਨਾਂ 'ਚ ਆ ਗਿਆ ਰਾੜਾ ਸਾਹਿਬ। ਕਹਿੰਦੇ, ਪ੍ਰੇਮੀਆਂ! ਕਿਵੇਂ ਆਇਆਂ ਹੈਂ? ਕਹਿੰਦਾ, ਮਹਾਰਾਜ! ਮੈਂ ਮਰਨ ਆਇਆ ਹਾਂ। ਪ੍ਰਾਣ ਦੇਣ ਆਇਆ ਹਾਂ। ਕਹਿੰਦੇ, ਗੁਰਮੁਖਾ! ਗੁਰੂ ਘਰ 'ਚ ਪ੍ਰਾਣ ਦੇਣ ਨਹੀਂ ਆਈਦਾ। ਪ੍ਰਾਣ ਲੈਣ ਆਈਦਾ ਹੈ, ਜ਼ਿੰਦਗੀ ਦੇਣ ਨਹੀਂ ਆਈਦਾ, ਜ਼ਿੰਦਗੀ ਲੈਣ ਆਈਦਾ ਹੈ। ਤਕਲੀਫ ਕੀ ਹੈ? ਕਹਿੰਦਾ, ਮੈਨੂੰ ਤੀਸਰੀ ਸਟੇਜ ਦੀ ਟੀ.ਬੀ ਹੋ ਗਈ। ਕਹਿੰਦੇ, ਫੇਰ ਕੀ ਹੋ ਗਿਆ, ਬਰਤਨ ਮਾਂਜ ਮੂੰਹ ਬੰਨ੍ਹ ਕੇ। ਮੂਲਮੰਤ੍ਰ ਦਾ ਕਰ ਪਾਠ ਤੈਨੂੰ ਜੀਵਨ ਮਿਲੇਗਾ। ਥੋੜ੍ਹੇ ਦਿਨਾਂ ਦੇ ਵਿਚ ਠੀਕ ਹੋ ਗਿਆ, ਐਕਸਰੇ ਕਰਾਈ, ਡਾਕਟਰ ਕਹਿੰਦੇ ਤੈਨੂੰ ਤਾਂ ਟੀ.ਬੀ ਕਦੇ ਹੋਈ ਹੀ ਨਹੀਂ ਹੈ। ਸੋ ਗੁਰੂ ਘਰ ਤੋਂ ਰੋਂਦਾ ਨਹੀਂ ਜਾਂਦਾ, ਗੁਰੂ ਘਰ 'ਚ ਰੋਂਦਾ ਜਿਹੜਾ ਆਉਂਦਾ ਹੈ, ਉਹ ਹੱਸਦਾ ਮੁੜਦਾ ਹੈ। ਉਜੜਿਆ ਹੋਇਆ ਆਉਂਦਾ ਹੈ, ਵਸ ਕੇ ਜਾਂਦਾ ਹੈ ਇੱਥੋਂ।

ਕਹਿੰਦੇ, ਰੋਣਾ ਬੰਦ ਕਰੋ, ਖੁਸ਼ੀ 'ਚ ਆਓ। ਹੋ ਜਾਏਗੀ ਹੁਣ ਤੁਹਾਡੇ ਧਰਮ ਦੀ ਰੱਖਿਆ। ਜਾਓ ਜਾ ਕੇ ਇੱਕ ਅਰਜ਼ਦਾਸਤ ਲਿਖੋ, ਜਿੰਨੇ ਤੁਸੀਂ ਨੁਮਾਇੰਦੇ ਆਏ ਓਂ ਭਾਰਤ ਵਰਸ਼ ਦੇ, ਉਸ 'ਤੇ ਦਸਤਖਤ ਕਰੋ

ਸਾਰੇ, ਇਹਦੇ ਉਤੇ ਲਿਖ ਦਿਓ ਕਿ ਗੁਰੂ ਤੇਗ ਬਹਾਦਰ ਸਾਹਿਬ ਸਾਡੇ ਗੁਰੂ ਨੇ, ਬਾਦਸ਼ਾਹ ਸਲਾਮਤ! ਇਕੱਲੇ-ਇਕੱਲੇ ਬੰਦੇ ਦੇ ਪਿੱਛੇ ਨਾ ਫਿਰ, ਇਕੱਲੇ-ਇਕੱਲੇ ਬੰਦੇ ਨੂੰ ਨਾ ਉਜਾੜ, ਇਕੱਲੇ-ਇਕੱਲੇ ਨੂੰ ਨਾ ਮਾਰ, ਗੁਰੂ ਤੇਗ ਬਹਾਦਰ ਸਾਹਿਬ ਨੂੰ ਇਸਲਾਮ 'ਚ ਲੈ-ਲੈ, ਉਹ ਆ ਗਏ, ਅਸੀਂ ਸਾਰੇ ਆਪੇ ਹੀ ਆ ਜਾਵਾਂਗੇ। ਕਿੱਡਾ ਸੁਖਾਲਾ ਤਰੀਕਾ ਅਸੀਂ ਤੁਹਾਨੂੰ ਦਸਦੇ ਹਾਂ। ਜਾ ਕੇ ਅਰਜ਼ਦਾਸਤ (ਬੇਨਤੀ-ਪੱਤਰ) ਦੇ ਦਿੱਤੀ। ਔਰੰਗਜ਼ੇਬ ਦੇ ਪਾਸ ਪਹੁੰਚ ਜਾਂਦੀ ਹੈ। ਹੁਕਮ ਹੋ ਗਿਆ ਕਿ ਕਤਲ ਬੰਦ ਕਰ ਦਿਓ। ਇੱਕ ਨੂੰ ਬਣਾਉਂਦੇ ਹਾਂ ਜੇ ਉਹ ਬਣ ਗਿਆ, ਆਪਾਂ ਨੂੰ ਮਾਰਨ ਦੀ ਕੀ ਲੋੜ ਹੈ, ਆਪਣੇ ਆਪ ਹੀ ਬਣੇ ਬਣਾਏ ਆ ਜਾਣਗੇ ਸਾਰੇ। ਮੰਦਰ ਵੀ ਨਾ ਢਾਹੋ, ਇਨ੍ਹਾਂ ਨੇ ਇਨ੍ਹਾਂ ਨੂੰ ਮਸਜਿਦਾਂ ਆਪੇ ਬਣਾ ਲੈਣਾ ਹੈ। ਹਿੰਦੋਸਤਾਨ 'ਚ ਸੁੱਖ ਦਾ ਸਾਹ ਆ ਗਿਆ ਕਿ ਹੁਣ ਸਾਡਾ ਇਲਾਜ ਹੋ ਜਾਏਗਾ, ਗੁਰੂ ਮਹਾਰਾਜ ਸਮਰੱਥ ਨੇ, ਇਨ੍ਹਾਂ ਨੇ ਤਾਂ ਇੱਕ ਦ੍ਰਿਸ਼ਟੀ ਕਰਕੇ ਹੀ ਸਾਰੀ ਫੌਜ ਨੂੰ ਗਰਕ ਕਰ ਦੇਣਾ ਹੈ। ਲੇਕਿਨ ਗੁਰੂ ਸਾਹਿਬ ਦਾ ਇਹ ਨਹੀਂ ਸੀ ਮਤਲਬ। ਉਨ੍ਹਾਂ ਦਾ ਮਤਲਬ ਬਲੀਦਾਨ ਦਾ ਸੀ ਕਿ ਇਹਦੀ ਸੁੱਤੀ ਹੋਈ ਆਤਮਾ ਜਗਾ ਦੇਈਏ, ਜੇ ਨਾ ਜਾਗੀ, ਫੇਰ ਸ਼ਸਤਰ ਤਿਆਰ ਨੇ ਗੁਰੂ ਦਸਵੇਂ ਪਾਤਸ਼ਾਹ ਦੇ ਰੂਪ ਵਿਚ। ਉਥੇ ਕਿਹੜਾ ਹੋਰ ਗੁਰੂ ਨੇ ਵਰਤਣਾ ਹੈ, ਉਨ੍ਹਾਂ ਨੇ ਹੀ ਫੇਰ ਵਰਤਣਾ ਸੀ। ਸੋ ਇਸ ਤਰ੍ਹਾਂ ਅਰਜ਼ਦਾਸਤ ਦੇ ਦਿੱਤੀ।

ਗੁਰੂ ਮਹਾਰਾਜ ਨੂੰ ਹੁਕਮ ਆ ਜਾਂਦਾ ਹੈ, ਅਹਿਦੀਏ ਆ ਜਾਂਦੇ ਨੇ, ਨਾਲ ਬਹੁਤ ਸਾਰੇ ਸਵਾਰ ਆ ਜਾਂਦੇ ਨੇ। ਅਨੰਦਪੁਰ ਸਾਹਿਬ ਪਹੁੰਚਦੇ ਨੇ, ਦਰਸ਼ਨ ਕਰਦੇ ਨੇ। ਦਰਸ਼ਨਾਂ ਦੀ ਕਸ਼ਸ਼ ਦੇ ਨਾਲ, ਜੋ ਗੱਲ ਕਹਿਣੀ ਸੀ ਕਹਿ ਨਾ ਸਕੇ। ਭਾਈ ਮਤੀ ਦਾਸ, ਭਾਈ ਸਤੀ ਦਾਸ ਨੇ ਬੜੀ ਉਨ੍ਹਾਂ ਨਾਲ ਗੱਲਬਾਤ ਕਰੀ। ਉਹ ਕਹਿੰਦੇ ਦੇਖੋ, ਅਸੀਂ ਆਏ ਤਾਂ ਹਾਂ ਗੁਰੂ ਮਹਾਰਾਜ ਨੂੰ ਗ੍ਰਿਫਤਾਰ ਕਰਨ ਵਾਸਤੇ। ਸਾਡਾ ਜੀਅ ਨਹੀਂ ਕਰਦਾ ਕਿ ਅਸੀਂ ਗ੍ਰਿਫਤਾਰ ਕਰੀਏ, ਐਡੀ ਵੱਡੀ ਹਸਤੀ ਨੂੰ। ਅਸੀਂ ਸਲਾਮ ਕਰਦੇ ਹਾਂ, ਸਾਡਾ ਸਿਰ ਝੁਕਦਾ ਹੈ। ਪਰ ਦੂਜੇ ਪਾਸੇ ਸਾਡੀ ਨੌਕਰੀ ਦਾ ਸਵਾਲ ਹੈ। ਮਹਾਰਾਜ ਜੀ ਦੇ ਪੇਸ਼ ਕਰ ਦਿੱਤੇ। ਕਹਿੰਦੇ, ਪ੍ਰੇਮੀਓਂ! ਅਸੀਂ ਤਾਂ ਆਪ ਹੀ ਆਉਣ ਵਾਲੇ ਹਾਂ, ਤੁਸੀਂ ਫਿਕਰ ਨਾ ਕਰੋ। ਅਸੀਂ ਆ ਜਾਵਾਂਗੇ, ਸਮਾਂ ਸਾਡਾ ਆ ਰਿਹਾ ਹੈ, ਇਹੀ ਕੰਮ ਅਸੀਂ ਕਰਨਾ ਹੈ, ਜਾਓ! ਔਰੰਗਜ਼ੇਬ ਨੂੰ ਕਹਿ ਦਿਓ ਕਿ ਆ ਰਹੇ ਨੇ। ਉਸ ਵੇਲੇ ਗੁਰੂ ਮਹਾਰਾਜ ਨੇ ਅਹਿਦੀਏ ਭੇਜ ਦਿੱਤੇ। ਉਸ ਵੇਲੇ ਮਾਤਾਵਾਂ ਦੇ ਪਾਸ ਆਪ ਜਾਂਦੇ ਨੇ, ਮਾਤਾ ਨਾਨਕੀ ਜੀ ਨੂੰ ਜਦੋਂ ਪਤਾ ਲਗਦਾ ਹੈ ਕਿ ਮੇਰੇ ਪੁੱਤਰ ਦੇ ਜਿੰਮੇ ਐਡਾ ਔਖਾ ਹਿੱਸਾ ਆ ਗਿਆ, ਔਰੰਗਜ਼ੇਬ ਨੇ ਤਾਂ ਮੁਆਫ ਨਹੀਂ ਕਰਨਾ। ਉਹ ਤਾਂ ਜਿਵੇਂ ਗੁਰੂ ਪੰਜਵੇਂ ਪਾਤਸ਼ਾਹ ਨੂੰ ਜਿਹੜੇ ਇਨ੍ਹਾਂ ਦੇ ਸਸੁਰ ਲਗਦੇ ਸੀ, ਪਿਤਾ ਲਗਦੇ ਸੀ, ਉਨ੍ਹਾਂ ਦਾ ਅਸੀਂ ਦੇਖਿਆ ਹੈ ਕਿ ਕਿਸ ਤਰ੍ਹਾਂ ਦੇ ਨਾਲ ਤੱਤੀਆਂ ਤਵੀਆਂ 'ਤੇ ਬਿਠਾ ਕੇ ਤਸੀਹੇ ਦਿੱਤੇ ਗਏ, ਮੇਰੇ ਪੁੱਤਰ ਦਾ ਵੀ ਇਹ ਹਾਲ ਹੋਏਗਾ। ਮਨ ਵਿਚ ਥੋੜ੍ਹਾ ਵੈਰਾਗ ਆ ਗਿਆ। ਮਾਤਾ ਗੁਜਰੀ ਜੀ ਨੂੰ ਜਦੋਂ ਪਤਾ ਲਗਦਾ ਹੈ ਕਿ ਮੇਰਾ ਸਾਥ ਹੁਣ ਅਲਹਿਦਾ ਹੋ ਜਾਏਗਾ ਛੋਟਾ ਬੱਚਾ ਹੈ, ਇੱਕ ਮੁਗਲ ਸਲਤਨਤ ਦੇ ਨਾਲ ਟੱਕਰ ਲੈ ਰਹੇ ਨੇ। ਕੁਛ ਖਦਸ਼ਾ ਆਇਆ, ਸੰਸਾ ਵਿਆਪਿਆ, ਮਹਾਰਾਜ ਨੇ ਕਿਹਾ ਕਿ ਤੁਸੀਂ ਫਿਕਰ ਨਾ ਕਰੋ, ਇਹ ਗੁਰੂ ਨਾਨਕ ਦੀ ਗੱਦੀ ਹੈ, ਸਾਡਾ ਫਰਜ਼ ਬਣਦਾ ਹੈ ਜਿੱਥੇ ਸੰਸਾਰ ਦੇ ਮਨਾਂ 'ਚੋਂ ਹਨ੍ਹੇਰਾ ਕੱਢਦੇ ਹਾਂ ਉਥੇ ਇਨ੍ਹਾਂ ਦੇ ਦੁੱਖਾਂ ਦਾ ਵੀ ਇਲਾਜ ਕਰੀਏ। ਫੇਰ ਆਤਮਾ ਤਾਂ ਮਰਦੀ ਨਹੀਂ, ਆਤਮਾ ਤਾਂ ਸਦਾ ਅਮਰ ਹੈ। ਕਦੇ ਕਿਤੇ ਜਾਂਦੀ ਨਹੀਂ। ਸਰੀਰ ਕਿਸੇ ਦਾ ਕਿਤੇ ਰਹਿੰਦਾ ਨਹੀਂ। ਉਸ ਵੇਲੇ ਬ੍ਰਹਮਗਿਆਨ ਦੀ ਦਾਤ ਦਿੱਤੀ ਮਾਤਾ ਜੀ ਨੂੰ। ਬ੍ਰਹਮਗਿਆਨ ਦੇ ਵਿਚ ਪਰਪੱਕ ਕਰ ਦਿੱਤੇ। ਉਸ ਤੋਂ ਬਾਅਦ ਬੇਅੰਤ ਸੰਗਤਾਂ ਨੇ ਸੁਣਿਆ, ਸੁਣ ਕੇ ਇਕੱਠ ਹੋ ਗਿਆ, ਇਕੱਠ ਹੋ ਕੇ ਸਾਰੇ ਬੇਨਤੀ ਕਰਦੇ ਨੇ ਕਿ ਪਾਤਸ਼ਾਹ! ਤੁਸੀਂ ਸਮਰੱਥ ਪੁਰਸ਼ ਓਂ, ਕੋਈ ਭਾਣਾ ਐਸਾ ਵਰਤਾਅ ਦਿਓ ਕਿ ਬਲੀਦਾਨ ਨਾ ਦੇਣਾ ਪਵੇ। ਆਪ ਸਮਰੱਥ ਓਂ, ਇੱਕ ਨਿਗ੍ਹਾ ਕਰ ਦੇਵੋਂ ਸਾਰਾ ਠੀਕ ਹੋ ਜਾਏਗਾ। ਕਹਿੰਦੇ, ਨਹੀਂ ਪ੍ਰੇਮੀਓਂ! ਅਸੀਂ ਇਹ ਠੀਕਰਾ ਔਰੰਗਜ਼ੇਬ ਦੇ ਸਿਰ ਭੰਨਣਾ ਹੈ ਕਿਉਂਕਿ ਜਦੋਂ ਰਾਜ ਦਿੱਤਾ ਸੀ, ਨਾਲ ਕਿਹਾ ਸੀ ਕਿ ਸੱਤ ਬਾਦਸ਼ਾਹੀਆਂ, ਸੱਤ ਸੀਸ ਦੇਵਾਂਗੇ। ਸੋ ਇਸ ਕਰਕੇ ਅਸੀਂ ਉਹ ਪ੍ਰਣ ਪੂਰਾ ਕਰਨਾ ਹੈ। ਬਚਨ ਪੂਰਾ ਕਰਨਾ ਹੈ। ਤੁਸੀਂ ਫਿਕਰ ਨਾ ਕਰੋ। ਹਰ ਤਰ੍ਹਾਂ ਦੇ ਨਾਲ ਗੋਬਿੰਦ ਰਾਇ ਆਪ ਦੀ ਸਹਾਇਤਾ ਕਰਨਗੇ।ਬੜੇ ਵੱਡੇ-ਵੱਡੇ ਇਨ੍ਹਾਂ ਨੇ ਕੰਮ ਕਰਨੇ ਨੇ, ਤੁਸੀਂ ਇਨ੍ਹਾਂ 'ਤੇ ਭਰੋਸਾ ਰੱਖਿਓ, ਬੱਚੇ ਨਾ ਜਾਣਿਓ, ਇਹ ਧੁਰ ਦਰਗਾਹ ਤੋਂ, ਅਕਾਲ ਪੁਰਖ ਵਲੋਂ ਭੇਜੇ ਆਏ ਨੇ, ਇਸੇ ਕੰਮ ਨੂੰ ਕਰਨ ਵਾਸਤੇ।

ਉਸ ਵੇਲੇ ਸਾਰੀਆਂ ਸੰਗਤਾਂ ਨੂੰ ਬਿਰਹੋਂ ਦੇ ਵਿਚ ਤੱਕ ਕੇ ਆਪ ਵਿਦਾ ਹੁੰਦੇ ਨੇ, ਦਸ ਸਵਾਰ ਨਾਲ ਲੈ ਲਏ। ਪਰ ਸੰਗਤ ਪਿਛੇ-ਪਿਛੇ ਜਾ ਰਹੀ ਹੈ। ਦੌੜ-ਦੌੜ ਕੇ ਨਾਲ ਰਲ ਰਹੇ ਨੇ ਕਿ ਗੁਰੂ ਮਹਾਰਾਜ ਦੇ ਜਿੱਥੇ ਤੱਕ ਦਰਸ਼ਨ ਹੋ ਸਕਣ, ਕਰਦੇ ਹੀ ਜਾਈਏ। ਉਸ ਵੇਲੇ ਗੁਰੂ ਮਹਾਰਾਜ ਨੇ ਸਾਰਿਆਂ ਨੂੰ ਰੋਕ ਦਿੱਤਾ ਕਿ ਇਸ ਤੋਂ ਅੱਗੇ ਨਹੀਂ ਆਉਣਾ ਭਾਈ। ਇੱਥੋਂ ਹੁਣ ਸਾਡਾ ਬਚਨ ਮੰਨੋ, ਉਸ ਵੇਲੇ ਵੈਰਾਗੀਆਂ ਦੇ ਮਨਾਂ 'ਚ ਐਸੀ ਹੂਕ ਉੱਠੀ ਕਿ ਐਸ ਤਰ੍ਹਾਂ ਦੀ ਆਵਾਜ਼ ਆਈ।

*ਧਾਰਨਾ - ਕਦੇ ਹੋਣਗੇ ਸਬੱਬਾਂ ਨਾਲ ਮੇਲੇ,*
*ਨਦੀਆਂ ਦੇ ਵਹਿਣ ਵਿਛੜੇ।*

*ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥*
*ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ ॥*

*ਅੰਗ - ੪੩੯*

ਸੱਜਲ ਨੇਤਰ ਨੇ, ਬਿਰਹੁ ਦੀ ਝਾਲ ਨਹੀਂ ਝੱਲ ਸਕਦੇ। ਗੁਰੂ ਮਹਾਰਾਜ ਜਾ ਰਹੇ ਨੇ, ਟਿਕ ਲਾਈ ਦੇਖ ਰਹੇ ਨੇ।

ਸੰਗਤਾਂ ਤੋਂ ਵਿਛੜਨਾ ਕਿਹੜਾ ਸੁਖਾਲਾ ਹੁੰਦਾ ਹੈ ਸਾਧਸੰਗਤ ਜੀ! ਬਹੁਤ ਔਖਾ ਹੁੰਦਾ ਹੈ।

ਸੋ ਇਸ ਤਰ੍ਹਾਂ ਆਪ ਸਾਥੀਆਂ ਸਮੇਤ ਜਾ ਰਹੇ ਨੇ। ਪਹਿਲਾਂ ਆ ਕੇ ਭਰਤਗੜ੍ਹ ਆਪ ਰਾਤ ਕੱਟਦੇ ਨੇ, ਉਸ ਤੋਂ ਬਾਅਦ ਰੋਪੜ ਜਾਂਦੇ ਨੇ, ਫੇਰ ਮੁਕਾਰਾਂਪੁਰ, ਕਬੂਲਪੁਰ, ਨਨਹੇੜੀ, ਸੈਫਾਬਾਦ, ਸ਼ੈਫਅਲੀ ਦੇ ਪਾਸ ਪਟਿਆਲੇ ਦੇ ਕੋਲ, ਉਸ ਵੇਲੇ ਪਟਿਆਲਾ ਨਹੀਂ ਸੀ ਹੁੰਦਾ, ਇਹ ਤਾਂ ਮਹਾਰਾਜ ਪਟਿਆਲਾ ਨੇ 'ਪਟੀ-ਆਲਾ' ਕਹਿੰਦੇ ਸੀ, 'ਆਲੇ ਦੀ ਪੱਟੀ' ਉਸ ਥਾਂ 'ਤੇ ਚਲੇ ਜਾਂਦੇ ਨੇ, ਉਥੇ ਬੜੀ ਵੱਡੀ ਹਵੇਲੀ ਬਣਾਈ ਹੋਈ ਸੀ। ਔਰੰਗਜ਼ੇਬ ਦਾ ਰਿਸ਼ਤੇਦਾਰ ਸੀ ਉਹ। ਉਹ ਕਹਿਣ ਲੱਗਿਆ, ਮਹਾਰਾਜ! ਆਪ ਅੱਗੇ ਨਾ ਜਾਓ ਕਿਉਂਕਿ ਮੈਂ ਜਾਣਦਾ ਹਾਂ, ਮੇਰਾ ਰਿਸ਼ਤੇਦਾਰ ਹੈ, ਬੜਾ ਕਰੂਰ ਸੁਭਾਅ ਦਾ ਹੈ, ਆਪ ਨੂੰ ਸ਼ਹੀਦ ਕਰ ਦਏਗਾ। ਮਹਾਰਾਜ ਕਹਿੰਦੇ, ਸ਼ਹੀਦ ਕਿਹੜੀ ਚੀਜ਼ ਨੂੰ ਕਰ ਦਏਗਾ। ਇਸ ਤਨ ਨੇ ਤਾਂ ਜਾਣਾ ਹੀ ਜਾਣਾ ਹੈ -

*ਸਾਧੋ ਇਹੁ ਤਨੁ ਮਿਥਿਆ ਜਾਨਉ ॥*
*ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥*
*ਅੰਗ - ੧੧੮੬*

ਇਹਨੂੰ ਕੋਈ ਤਲਵਾਰ ਕੱਟ ਨਹੀਂ ਸਕਦੀ। ਕੋਈ ਪਾਣੀ ਡੋਬ ਨਹੀਂ ਸਕਦਾ। ਅੱਗ ਇਸਨੂੰ ਜਾਲ ਨਹੀਂ ਸਕਦੀ, ਆਤਮਾ ਸਦਾ ਅਮਰ ਹੈ। ਬਾਕੀ ਹੈ ਸਰੀਰ ਦਾ ਕੱਪੜਾ, ਇਹ ਤਾਂ ਛੱਡਣਾ ਹੀ ਪੈਂਦਾ ਹੈ ਕਿਉਂਕਿ ਸੰਸਾਰ ਦੇ ਉਤੇ ਕੋਈ ਰਿਹਾ ਨਹੀਂ ਅੱਜ ਤੱਕ। ਇਹ ਸੰਸਾਰ ਜਾਣ ਵਾਲੀ ਥਾਂ ਹੈ। ਇਹਦਾ ਨਾਉਂ ਹੀ ਮ੍ਰਿਤੂ ਦਾ ਮੰਡਲ ਹੈ। ਇਥੇ ਆਦਮੀ ਆਉਂਦਾ ਹੀ ਜਾਣ ਵਾਸਤੇ ਹੈ, ਟਿਕਣ ਵਾਸਤੇ ਨਹੀਂ ਆਉਂਦਾ। ਥੋੜ੍ਹੀ ਦੇਰ ਲਈ ਆਉਣਾ ਹੈ, ਆ ਕੇ ਕਿਸੇ ਥਾਂ ਦੇ ਉਤੇ ਟਿਕਣ ਦਾ ਯਤਨ ਕਰਨਾ ਹੈ, ਕਿਉਂਕਿ ਨਾਉਂ ਮ੍ਰਿਤ ਮੰਡਲ ਹੋ ਗਿਆ ਇਸਦਾ, 'ਮੌਤ ਦਾ ਮੰਡਲ'। ਇਥੇ ਤਾਂ ਰਹਿਣਾ ਹੀ ਨਹੀਂ।

*ਰਹਣੁ ਨ ਪਾਵਹਿ ਸੁਰਿ ਨਰ ਦੇਵਾ ॥ ਅੰਗ - ੭੪੦*

ਇੱਥੋਂ ਤਾਂ ਸਾਰੇ ਤੁਰਦੇ ਹੀ ਜਾਂਦੇ ਨੇ। ਸੋ ਸੈਫ ਅਲੀ ਨੂੰ ਆਪ ਨੇ ਸਮਝਾਇਆ। ਐਨੇ ਨੂੰ ਪਤਾ ਲੱਗਿਆ ਕਿ ਗੁਰੂ ਸਾਹਿਬ ਇੱਥੇ ਨੇ। ਤਾਂ ਸਵਾਰ ਆਉਂਦੇ ਨੇ, ਆਫੀਸਰ ਆਉਂਦਾ ਹੈ ਕੋਈ ਫੌਜ ਦਾ, ਇਨ੍ਹਾਂ ਨੂੰ ਖਬਰ ਲਗਦੀ ਹੈ ਤਾਂ ਇਹ ਮਹੁੰਮਦ ਬਖਸ਼ ਸਮਾਣੇ ਦੀ ਗੜ੍ਹੀ ਵਾਲੇ ਨੇ, ਉਸ ਥਾਂ 'ਤੇ ਗੁਰੂ ਮਹਾਰਾਜ ਨੂੰ ਭੇਜ ਦਿੰਦੇ ਨੇ। ਮਹਾਰਾਜ! ਮੈਨੂੰ ਪਤਾ ਲੱਗਿਆ ਹੈ ਕਿ ਆਪ ਨੇ ਆਉਣਾ ਹੈ, ਆਪ ਦਾ ਪਰਮ ਸੇਵਕ ਹੈ ਮਹੁੰਮਦ ਬਖਸ਼, ਬ੍ਰਹਮਗਿਆਨ ਦੀ ਗੱਲ ਸਮਝਦਾ ਹੈ। ਆਪ ਨੇ ਸੈਫ ਅਲੀ 'ਤੇ ਕ੍ਰਿਪਾ ਕੀਤੀ। ਬ੍ਰਹਮਗਿਆਨ ਦੀ ਦਾਤ ਦਿੱਤੀ, ਆਪ ਅੱਗੇ ਚਲੇ ਗਏ। ਉਹ ਸਮਾਣੇ ਜਦੋਂ ਜਾਂਦੇ ਨੇ, ਪਤਾ ਕਰਕੇ ਉਥੇ ਜਦੋਂ ਪਹੁੰਚਦੇ ਨੇ ਤੇ ਗੁਰੂ ਮਹਾਰਾਜ ਨੂੰ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਆਪ ਕ੍ਰਿਪਾ ਕਰੋ, ਅੰਦਰ ਚੱਲੋ। ਮਹਾਰਾਜ ਕਹਿਣ ਲੱਗੇ, ਅੰਦਰ ਜਾਣ ਦੀ ਕੀ ਲੋੜ ਹੈ। ਕਹਿੰਦੇ, ਸੱਚੇ ਪਾਤਸ਼ਾਹ! ਆਪ ਦਾ ਜੋ ਸਰੀਰ ਹੈ, ਉਹ ਐਨਾ ਸਸਤਾ ਨਹੀਂ, ਇਹਦਾ ਸੰਸਾਰ ਨੂੰ ਬੇਅੰਤ ਫਾਇਦਾ ਹੈ, ਆਪ ਭਾਵੇਂ ਬ੍ਰਹਮ ਦੇ ਵਿਚ ਲੀਨ ਰਹਿੰਦੇ ਓਂ ਹਰ ਵਕਤ। ਆਪ ਨੂੰ ਕੋਈ ਪ੍ਰਵਾਹ ਨਹੀਂ ਹੈ, ਨਾ ਸੁੱਖ ਦੀ ਨਾ ਦੁੱਖ ਦੀ। ਨਾ ਹਾਨ ਦੀ ਨਾ ਲਾਭ ਦੀ। ਕਿਉਂਕਿ ਮਹਾਰਾਜ ਨੇ ਜੀਵਨ ਮੁਕਤ ਪੁਰਸ਼ਾਂ ਦੇ ਲੱਛਣ ਦੱਸੇ ਸੀ, ਪੁੱਛਿਆ ਸੀ ਇਹਨੇ ਕਿ ਜੀਵਨ ਮੁਕਤ ਪੁਰਸ਼ਾਂ ਦੇ ਲੱਛਣ ਕੀ ਹੁੰਦੇ ਨੇ ਮਹਾਰਾਜ। ਅਸਥਿਰ ਬੁੱਧੀ ਵਾਲਿਆਂ ਦੇ ਲੱਛਣ ਕੀ ਹੁੰਦੇ ਨੇ? ਮਹਾਰਾਜ ਕਹਿੰਦੇ ਨੇ ਉਨ੍ਹਾਂ ਦੇ ਲੱਛਣ ਸੁਖਮਨੀ ਸਾਹਿਬ ਵਿਚ ਵੀ ਹਨ, ਲੇਕਿਨ ਸੁਖਾਲੇ ਤੁਹਾਨੂੰ ਦਸਦੇ ਹਾਂ -

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ*
*ਕੰਚਨ ਮਾਟੀ ਮਾਨੈ ॥ ੧ ॥*
*ਨਹ ਨਿੰਦਿਆ ਨਹ ਉਸਤਤਿ ਜਾ ਕੈ*
*ਲੋਭੁ ਮੋਹੁ ਅਭਿਮਾਨਾ ॥*
*ਹਰਖ ਸੋਗ ਤੇ ਰਹੈ ਨਿਆਰਉ*
*ਨਾਹਿ ਮਾਨ ਅਪਮਾਨਾ ॥ ੧ ॥*
*ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥*
*ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ*
*ਤਿਹ ਘਟਿ ਬ੍ਰਹਮੁ ਨਿਵਾਸਾ ॥*
*ਗੁਰ ਕਿਰਪਾ ਜਿਹ ਨਰ ਕਉ ਕੀਨੀ*
*ਤਿਹ ਇਹ ਜੁਗਤਿ ਪਛਾਨੀ॥*
*ਨਾਨਕ ਲੀਨ ਭਇਓ ਗੋਬਿੰਦ ਸਿਉ*
*ਜਿਉ ਪਾਨੀ ਸੰਗਿ ਪਾਨੀ ॥ ਅੰਗ - ੬੩੩*

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*
*ਅੰਗ - ੨੭੫*

ਨਿਸ਼ਾ ਹੋ ਗਈ ਉਸਦੀ।

ਮਹਾਰਾਜ! ਕ੍ਰਿਪਾ ਕਰੋ, ਅਰਦਾਸ ਮੰਨੋ। ਮਹਾਰਾਜ ਜੀ ਨੂੰ ਅੰਦਰ ਲੈ ਗਿਆ ਗੜ੍ਹੀ ਦੇ। ਇੱਥੇ ਆ ਕੇ ਪੁੱਛਿਆ ਤਾਂ ਵਾਪਸ ਮੋੜ ਦਿੱਤੇ। ਲੇਕਿਨ ਫੇਰ ਕਿਸੇ ਨੇ ਖਬਰ ਕਰ ਦਿੱਤੀ ਕਿ ਗੁਰੂ ਮਹਾਰਾਜ ਤਾਂ ਉਥੇ ਹੀ ਨੇ। ਉਥੇ ਦੁਬਾਰਾ ਫੇਰ ਆਉਂਦੇ ਨੇ, ਮਹਾਰਾਜ ਕਹਿੰਦੇ, ਅਸੀਂ ਤਾਂ ਜਾਣਾ ਹੀ ਹੈ ਭਾਈ, ਤੂੰ ਕਿਉਂ ਇਹ ਕੰਮ ਕਰਦਾ ਹੈਂ? ਕਹਿਣ ਲੱਗਿਆ, ਨਾ ਸੱਚੇ ਪਾਤਸ਼ਾਹ! ਮੈਂ ਇਹ ਗੱਲ ਆਪਣੇ ਜੀਉਂਦੇ-ਜੀਉ ਨਹੀਂ ਹੋਣ ਦੇਣੀ। ਉਸ ਤੋਂ ਬਾਅਦ ਤੁਹਾਨੂੰ ਗ੍ਰਿਫਤਾਰ ਕਰ ਲੈਣ, ਮੇਰੀਆਂ ਅੱਖਾਂ ਦੇ ਸਾਮ੍ਹਣੇ ਨਾ ਕਰਨ। ਉਸ ਵੇਲੇ ਬੜਾ ਡਾਂਟ ਕੇ ਅਹਿਲਕਾਰਾਂ ਨੂੰ ਕਿਹਾ ਕਿ ਤੁਸੀਂ ਵਿਸ਼ਵਾਸ਼ ਨਹੀਂ ਕਰਦੇ। ਮੈਂ ਗੁਰੂ ਤੇਗ ਬਹਾਦਰ ਸਾਹਿਬ ਤੋਂ ਕੀ ਲੈਣਾ ਹੈ। ਜੇ ਗ੍ਰਿਫਤਾਰ ਹੋ ਗਏ, ਮੈਨੂੰ ਤਾਂ ਬੜੀ ਖੁਸ਼ੀ ਹੈ, ਤੁਸੀਂ ਕਿਉਂ ਨਹੀਂ ਜਾਂਦੇ। ਇਸ ਤਰ੍ਹਾਂ ਕਰਕੇ ਮੋੜ ਦਿੱਤੇ। ਇਸ ਤਰ੍ਹਾਂ ਗੁਰੂ ਮਹਾਰਾਜ ਹੌਲੀ-ਹੌਲੀ ਚਲਦੇ-ਚਲਦੇ, ਬੇਅੰਤ ਸੰਗਤਾਂ ਉਡੀਕ ਰਹੀਆਂ ਸੀ ਮਹਾਰਾਜ ਨੂੰ। ਹਰ ਥਾਂ 'ਤੇ ਜਾਂਦੇ ਨੇ, ਜਿੱਥੋਂ ਅਰਦਾਸਾਂ ਆਉਂਦੀਆਂ ਨੇ ਉਥੇ ਹੀ ਪਹੁੰਚਦੇ ਨੇ ਤੇ ਚਲਦੇ-ਚਲਦੇ ਇੱਕ ਸਾਧੂ ਬੜੀ ਦੇਰ ਦਾ ਤਪ ਕਰ ਰਿਹਾ ਸੀ। ਪਿੰਡ ਕਨੌੜ ਸੀ ਉਹ, ਨਾਰਨੌਲ ਵੱਲ, ਉਥੇ ਪਹੁੰਚ ਜਾਂਦੇ ਨੇ। ਜਦੋਂ ਉਹਨੂੰ ਪਤਾ ਲੱਗਿਆ ਕਿ ਗੁਰੂ ਤੇਗ ਬਹਾਦਰ ਸਾਹਿਬ ਆ ਗਏ, ਉਹਨੇ ਤਨੋ ਮਨੋ ਹੋ ਕੇ ਸੇਵਾ ਕਰੀ। ਬੜਾ ਸਿੱਧ ਪੁਰਸ਼ ਸੀਗਾ। ਰਿੱਧੀਆਂ-ਸਿੱਧੀਆਂ ਦਾ ਮਾਲਕ ਸੀ। ਉਸ ਵੇਲੇ ਗੁਰੂ ਮਹਾਰਾਜ ਨੂੰ ਕਿਹਾ ਕਿ ਮਹਾਰਾਜ! ਮੈਂ ਜਪ ਵੀ ਕਰਦਾ ਹਾਂ, ਤਪ ਵੀ ਕਰਦਾ ਹਾਂ, ਪ੍ਰਾਣਾਯਾਮ ਵੀ ਕਰਦਾ ਹਾਂ, ਹੋਰ ਸਾਧਨ ਵੀ ਕਰਦਾ ਹਾਂ, ਮੇਰੇ ਮਨ ਨੂੰ ਸ਼ਾਂਤੀ ਨਹੀਂ ਆ ਰਹੀ। ਕ੍ਰਿਪਾ ਕਰੋ ਮੇਰੇ ਉਤੇ, ਮੈਨੂੰ ਦਾਤ ਬਖਸ਼ੋ ਨਾਮ ਦੀ। ਉਸ ਵੇਲੇ ਮਹਾਰਾਜ ਜੀ ਨੇ ਨਾਮ ਦੀ ਦਾਤ ਬਖਸ਼ਣ ਤੋਂ ਬਾਅਦ ਬ੍ਰਹਮਗਿਆਨ ਦੀ ਦਾਤ ਬਖਸ਼ ਦਿੱਤੀ। ਕ੍ਰਿਪਾ ਕਰ ਦਿੱਤੀ, ਬਜਰ ਕਪਾਟ ਖੋਲ੍ਹ ਦਿੱਤੇ। ਖੁਲ੍ਹਦੇ ਸਾਰ ਕੀ ਦੇਖਦਾ ਹੈ ਦਿਬਯ ਦ੍ਰਿਸ਼ਟ ਹੋ ਗਈ। ਦਿਬਯ ਦ੍ਰਿਸ਼ਟੀ ਨਾਲ ਦੇਖਦਾ ਹੈ ਕਿ ਗੁਰੂ ਮਹਾਰਾਜ ਤਾਂ ਆਪਣਾ ਬਲੀਦਾਨ ਦੇਣ ਵਾਸਤੇ ਜਾ ਰਹੇ ਨੇ। ਆਹ ਜਿਹੜੇ ਨਾਲ ਸਿੱਖ ਜਾ ਰਹੇ ਨੇ ਇਨ੍ਹਾਂ ਨੇ ਵੀ ਬਲੀਦਾਨ ਦੇਣਾ ਹੈ। ਉਸ ਵੇਲੇ ਠਠੰਬਰ ਗਿਆ। ਮਹਾਰਾਜ ਦੇ ਚਰਨ ਫੜ ਲਏ ਆ ਕੇ, ਕਹਿੰਦਾ ਪਾਤਸ਼ਾਹ! ਐਨਾ ਭਿਆਨਕ ਨਾਟਕ ਕਰਨ ਵਾਸਤੇ ਆਪ ਜਾ ਰਹੇ ਓਂ? ਮਹਾਰਾਜ ਕਹਿੰਦੇ, ਯੋਗੀ ਰਾਜ! ਦਿਸ ਗਿਆ ਤੈਨੂੰ? ਕਹਿੰਦਾ ਹਾਂ। ਕਹਿੰਦੇ, ਅਸੀਂ ਠੀਕਰਾ ਭੰਨਣਾ ਹੈ ਪਰ ਉਹਦੇ ਸਿਰ ਜਾ ਕੇ ਭੰਨਣਾ ਹੈ। ਕਹਿਣ ਲੱਗਿਆ, ਪਾਤਸ਼ਾਹ! ਮੈਂ ਨਹੀਂ ਜਾਣ ਦੇਣਾ, ਕ੍ਰਿਪਾ ਕਰੋ। ਮੇਰੇ 'ਚ ਆਪ ਨੇ ਐਨੀ ਸ਼ਕਤੀ ਬਖਸ਼ ਦਿਤੀ ਹੈ ਕਿ ਸਣੇ ਔਰੰਗਜ਼ੇਬ ਜੋ ਵੀ ਸਾਮ੍ਹਣੇ ਆਇਆ, ਮੈਂ ਸਾਰਿਆਂ ਨੂੰ ਨਸ਼ਟ ਕਰ ਦੇਣਾ ਹੈ ਇੱਥੋਂ ਬੈਠੇ ਹੀ। ਮਹਾਰਾਜ - ਯੋਗੀਰਾਜ! ਇਹ ਕੰਮ ਆਪਾਂ ਨਹੀਂ ਕਰਨਾ। ਫੇਰ ਦੇਖ ਧਿਆਨ ਲਾ ਕੇ। ਧਿਆਨ ਲਾ ਕੇ ਦੇਖਦਾ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਤਾਂ ਸਮੁੰਦਰ ਨੇ ਸ਼ਕਤੀਆਂ ਦਾ। ਭੰਡਾਰਾ ਨੇ ਜਿੱਥੋਂ ਮੇਰੇ 'ਚ ਭੌਰਾ ਕੁ ਸ਼ਕਤੀ ਆਈ ਹੈ। ਇਹ ਤਾਂ ਆਪ ਹੀ ਸਾਰਾ ਕੁਛ ਕਰ ਸਕਦੇ ਨੇ। ਉਸ ਵੇਲੇ ਭਾਣੇ ਦੀ, ਰਜ਼ਾ ਦੇ ਵਿੱਚ ਰਾਜ਼ੀ ਹੋ ਕੇ, ਮੰਨ ਗਿਆ। ਮਹਾਰਾਜ ਕਹਿੰਦੇ, ਤੇਰੇ ਕੋਲ ਡੋਲ੍ਹੂ ਨਾਮ ਦਾ ਜਗਿਆਸੂ ਆਏਗਾ, ਇਹ ਬ੍ਰਹਮਗਿਆਨ ਦੀ ਦਾਤ ਉਹਨੂੰ ਦੇਈਂ। ਉਹਨੂੰ ਦਾਤ ਦਿੱਤੀ। ਉਸ ਤੋਂ ਬਾਅਦ ਇੱਕ ਬੀਬੀ ਆਈ, ਜੋ ਦਿਨ ਰਾਤ ਉਹਦੀ ਸੇਵਾ 'ਚ ਰਿਹਾ ਕਰਦੀ ਸੀ, ਉਹਦੇ ਉਤੇ ਕ੍ਰਿਪਾ ਕਰ ਦਿੱਤੀ, ਬੇਅੰਤ ਸ਼ਕਤੀਆਂ ਦੀ ਮਾਲਕ ਹੋਈ, ਨਾਮ ਨਾਨਕੀ ਸੀ। ਉਸ ਤੋਂ ਬਾਅਦ ਫੇਰ ਇੱਕ ਬੀਬੀ ਆਈ, ਜਿਸਨੇ ਓਸ ਇਲਾਕੇ ਨੂੰ ਗੁਰਸਿੱਖੀ ਵਿਚ ਰੱਖ ਕੇ ਤਾਰਿਆ। ਉਹਦਾ ਨਾਉਂ ਵੀ ਨਾਨਕੀ ਸੀ। ਤਿੰਨ ਬੀਬੀਆਂ ਨੂੰ ਬ੍ਰਹਮਗਿਆਨ ਉਸ ਤੋਂ ਹੋਇਆ। ਇਸ ਤਰ੍ਹਾਂ ਮਹਾਰਾਜ ਜੀ ਤਾਰਦੇ, ਗੁਰਸਿੱਖੀ ਫੈਲਾਉਂਦੇ ਹੋਏ ਆਪ, ਅਰਦਾਸਾਂ ਹੋ ਰਹੀਆਂ ਨੇ, ਅਰਦਾਸ ਦੇ ਵਿੱਚ ਇੱਕ ਸੱਯਦ ਅਰਦਾਸ ਕਰਦਾ ਹੈ ਕਿ ਗੁਰੂ ਮਹਾਰਾਜ ਦਾ ਬੜਾ ਇਨਾਮ ਰੱਖਿਆ ਗਿਆ ਹੈ ਕਿ ਜੇ ਕਿਤੇ ਮੇਰੇ ਰਾਹੀਂ ਗ੍ਰਿਫਤਾਰ ਹੋ ਜਾਣ ਤਾਂ ਮੈਨੂੰ ਕੁਛ ਪੈਸਾ ਮਿਲ ਜਾਵੇ। ਮਹਾਰਾਜ! ਉਸੇ ਤਰ੍ਹਾਂ ਬਾਗ ਵਿੱਚ ਜਾ ਬੈਠੇ। ਉਹਦੇ ਕੋਲ ਹੀ ਚਲੇ ਗਏ ਤੇ ਕੌਤਕ ਵਰਤਾ ਦਿੱਤਾ। ਆਪਣਾ ਦੁਸ਼ਾਲਾ ਜੋ ਹਜ਼ਾਰਾਂ ਰੁਪਏ ਦਾ ਤੇ ਕੀਮਤੀ ਮੁੰਦਰੀ, ਕਹਿ ਦਿੱਤਾ ਕਿ ਇਹਦੀ ਮਠਿਆਈ ਲੈ ਆ ਜਾ ਕੇ, ਪਾਉਣ ਨੂੰ ਕਹਿੰਦਾ ਸੀ, ਕਹਿੰਦੇ ਇਹਦੇ 'ਚ ਹੀ ਪੁਆ ਲਿਆਈਂ। ਜਿਸ ਵੇਲੇ ਹਲਵਾਈ ਨੇ ਦੇਖਿਆ ਤਾਂ ਉਹਨੇ ਕਿਹਾ ਕਿ ਇਹ ਤਾਂ ਚੋਰੀ ਕਰਕੇ ਲਿਆਇਆ ਹੈ। ਕੋਤਵਾਲ ਨੂੰ ਖਬਰ ਦੇ ਦਿਤੀ। ਮਹਾਰਾਜ ਉਥੇ ਆ ਗਏ, ਆਪ ਨੂੰ ਗ੍ਰਿਫਤਾਰ ਕਰ ਲਿਆ। ਮਹਾਰਾਜ ਕਹਿੰਦੇ, ਪਹਿਲਾਂ ਇਹਨੂੰ ਇਨਾਮ ਦਿਓ, ਜਿਹੜਾ ਮੇਰੇ ਫੜਨ ਦਾ ਰੱਖਿਆ ਹੈ, ਪੰਜ ਹਜ਼ਾਰ ਰੁਪਿਆ ਉਸ ਵੇਲੇ ਦਾ, ਹੁਣ ਦਾ ਸਮਝ ਲਓ 10-15 ਲੱਖ।

ਸੋ ਇਸ ਤੋਂ ਬਾਅਦ ਗੁਰੂ ਮਹਾਰਾਜ ਚਲੇ ਜਾਂਦੇ ਨੇ ਤੇ ਉਥੇ ਬਹੁਤ ਲੰਮੀ ਚੌੜੀ ਗੱਲ ਹੁੰਦੀ ਹੈ। ਮਹਾਰਾਜ ਸਮਝਾਉਣ ਦਾ ਯਤਨ ਕਰਦੇ ਨੇ। ਔਰੰਗਜ਼ੇਬ ਕਹਿੰਦਾ, ਮੈਂ ਇੱਕ ਧਰਮ ਕਰਨਾ ਚਾਹੁੰਦਾ ਹਾਂ, ਤੁਹਾਨੂੰ ਤਾਂ ਸਾਰੇ ਧਰਮ ਇੱਕੋ ਨੇ, ਬਾਬੇ ਨਾਨਕ ਨੂੰ ਤਾਂ ਉਹੋ ਜਿਹੇ ਹਿੰਦੂ, ਉਹੋ ਜਿਹੇ ਮੁਸਲਮਾਨ। ਕਹਿੰਦੇ, ਤਾਂ ਹੀ ਤਾਂ ਨਹੀਂ ਅਸੀਂ ਬਣਨ ਦਿੰਦੇ ਕਿ ਇਹ ਅਕਾਲ ਪੁਰਖ ਦੀ ਰਜ਼ਾ 'ਚ ਚੱਲ ਰਹੇ ਨੇ। ਤੂੰ ਧੱਕਾ ਕਰ ਰਿਹਾ ਹੈਂ। ਮਹਾਰਾਜ ਕਹਿੰਦੇ, ਚੰਗਾ ਮਿਰਚਾਂ ਲਿਆ। ਮਿਰਚਾਂ ਜਾਲ ਕੇ ਦੇਖ ਲਈਂ। ਜੇ ਇੱਕ ਰਹਿ ਗਈ ਤਾਂ ਇੱਕ ਹੋ ਜਾਏਗਾ, ਜੇ ਵੱਧ ਹੋ

ਗਈਆਂ ਤਾਂ ਓਨੇ ਧਰਮ ਹੋਣਗੇ। ਮਿਰਚਾਂ ਜਾਲੀਆਂ ਗਈਆਂ, ਸੁਆਹ ਛਾਣੀ ਗਈ। ਕੀ ਦੇਖਦੇ ਨੇ ਤਿੰਨ ਮਿਰਚਾਂ ਸਾਬਤ ਨਿਕਲ ਆਈਆਂ। ਮਹਾਰਾਜ ਕਹਿੰਦੇ ਔਰੰਗਜ਼ੇਬ! ਤੂੰ ਤਾਂ ਦੋ ਕਹਿੰਦਾ ਸੀ, ਤਿੰਨ ਹੋ ਜਾਣੇ ਨੇ ਹੁਣ। ਖਾਲਸਾ ਵੀ ਪ੍ਰਗਟ ਹੋ ਰਿਹਾ ਹੈ ਛੇਤੀ ਤੋਂ ਛੇਤੀ। ਐਸ ਤਰ੍ਹਾਂ ਦੇ ਕੌਤਕ ਹੋ ਰਹੇ ਨੇ।

ਅਖੀਰ ਹੋ ਗਿਆ ਕਿ ਬਾਹਰ ਨਾ ਜਾਣ ਦਿਓ, ਪ੍ਰਸ਼ਾਦਾ ਬੰਦ ਕਰ ਦਿਓ। ਕੋਈ ਰੋਟੀ ਨਾ ਇਨ੍ਹਾਂ ਨੂੰ ਪਹੁੰਚੇ। ਭਗਤ ਧੰਨੇ ਵਾਂਗੂੰ ਗੁਰਸਿੱਖ ਅਰਦਾਸਾਂ ਕਰਦੇ ਨੇ ਕਿ ਪਾਤਸ਼ਾਹ! ਮੇਰੇ ਘਰ ਆਪ ਚਰਨ ਪਾਓ। ਮੇਰੇ ਘਰ ਆ ਕੇ ਪ੍ਰਸ਼ਾਦਾ ਛਕੋ। ਰਿਪੋਰਟਾਂ ਜਾਂਦੀਆ ਨੇ ਕਿ ਉਹ ਤਾਂ ਬਾਹਰ ਫਿਰਦੇ ਨੇ। ਜਦ ਸੀ.ਆਈ.ਡੀ ਕਹਿੰਦੀ ਹੈ ਕਿ ਹੁਣ ਦੇਖ ਕੇ ਆਏ ਹਾਂ ਕਿ ਉਹ ਤਾਂ ਫਲਾਣੇ ਗੁਰਸਿੱਖ ਦੇ ਘਰ ਬੈਠੇ ਨੇ। ਉਸੇ ਵੇਲੇ ਪੜਤਾਲ ਹੁੰਦੀ ਹੈ ਤਾਂ ਹਵੇਲੀ 'ਚ ਬੈਠੇ ਨੇ। ਕਹਿੰਦੇ, ਪਿੰਜਰੇ 'ਚ ਬੰਦ ਕਰ ਦਿਓ ਇਨ੍ਹਾਂ ਨੂੰ। ਬਹੁਤ ਸਖਤ ਸਜ਼ਾ ਹੁੰਦੀ ਹੈ, ਪਿੰਜਰੇ ਦੀ। ਕੋਈ ਆਦਮੀ ਦਸ ਮਿੰਟ ਵੀ ਨਹੀਂ ਉਹਦੇ 'ਚ ਕੱਟ ਸਕਦਾ। ਨਾ ਸਿੱਧਾ ਹੋ ਸਕੇ, ਆਲੇ ਦੁਆਲੇ ਬਹੁਤ ਤਿੱਖੇ ਸੂਏ, ਪਿੰਡੇ 'ਚ ਵੜ ਜਾਂਦੇ ਨੇ। ਮੈਂ ਇੰਗਲੈਂਡ 'ਚ ਦੇਖਿਆ ਸੀ। ਮੈਂ ਹੈਰਾਨ ਰਹਿ ਗਿਆ ਦੇਖ ਕੇ ਕਿ ਆਹ ਪਿੰਜਰਾ ਹੈ। ਬਹੁਤ ਬੰਦਾ ਦੁਖੀ ਹੁੰਦਾ ਹੈ ਉਹਦੇ 'ਚ। ਉਸ ਵੇਲੇ ਜਦੋਂ ਅਖੀਰ ਹੋ ਗਈ। ਭਾਈ ਮਤੀ ਦਾਸ ਨੇ ਮਹਾਰਾਜ ਤੋਂ ਆਗਿਆ ਮੰਗੀ ਕਿ ਪਾਤਸ਼ਾਹ! ਲਾਹੌਰ ਤੇ ਦਿੱਲੀ ਦੀ ਇੱਟ ਵਜਾ ਦੇਵਾਂ। ਮਹਾਰਾਜ ਕਹਿੰਦੇ, ਸ਼ਕਤੀ ਕਿੱਥੋਂ ਆਈ ਹੈ? ਕਹਿਣ ਲੱਗਿਆ, ਪਾਤਸ਼ਾਹ! ਆਪ ਦੇ ਚਰਨਾਂ 'ਚੋਂ? ਫੇਰ ਕਹਿੰਦੇ, ਵੱਡੀ ਸ਼ਕਤੀ ਸ਼ਹੀਦੀ ਦੀ ਹੁੰਦੀ ਹੈ, ਆਹ ਨਾ ਸ਼ਕਤੀ ਵਰਤ। ਸੰਸਾਰ ਤੋਂ ਆਪਾਂ ਜਾਣਾ ਹੈ, ਭਾਣਾ ਵਰਤਣਾ ਹੈ। ਦਿਬਯ ਦ੍ਰਿਸ਼ਟੀ ਦੇ ਨਾਲ ਦਿਖਾ ਦਿੱਤਾ, ਸ਼ਾਂਤ ਹੋ ਗਏ। ਉਸ ਵੇਲੇ ਭਾਈ ਮਤੀ ਦਾਸ ਦੇ ਕੋਲ ਕਾਜ਼ੀ ਆਉਂਦਾ ਹੈ, ਫਤਵਾ ਦਿੰਦਾ ਹੈ ਕਿ ਮਤੀ ਦਾਸ! ਤੈਨੂੰ ਦੋ ਚੀਜ਼ਾਂ ਨੇ, ਸਜ਼ਾਏ ਮੌਤ ਦਿੱਤੀ ਜਾਂਦੀ ਹੈ, ਤਸੀਹਿਆਂ ਦੇ ਨਾਲ। ਆਰੇ ਨਾਲ ਚੀਰ ਕੇ ਤੇਰੇ ਦੋ ਫਾੜ ਕੀਤੇ ਜਾਣਗੇ। ਇਧਰਲੇ ਪਾਸੇ ਤੈਨੂੰ ਰਿਆਇਤ ਦਿਤੀ ਜਾ ਰਹੀ ਹੈ ਕਿ ਜੇ ਤੂੰ ਇਸਲਾਮ ਧਾਰਨ ਕਰ ਲਵੇਂ ਤਾਂ ਤੈਨੂੰ ਛੁੱਟੀ ਹੋ ਜਾਏਗੀ, ਵੱਡੇ ਇਨਾਮ ਮਿਲਣਗੇ। ਉਸ ਵੇਲੇ ਆਪ ਕਹਿਣ ਲੱਗੇ, ਨਾ; ਨਿੱਜ ਧਰਮ ਸਭ ਨੂੰ ਪਿਆਰਾ ਹੈ। ਮੌਤ ਤੋਂ ਡਰ ਕੇ ਇਹ ਚੀਜ਼ ਕਰ ਲੈਣੀ, ਫੇਰ ਗੁਰੂ ਨੇ ਤਾਂ ਕਿਹਾ ਹੈ –

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥*

*ਅੰਗ – ੧੪੨੭*

ਕਹਿਣ ਲੱਗੇ, ਮਤੀ ਦਾਸ! ਜਾਨ ਨਾ ਗਵਾਓ। ਤਿਲਕ ਤੇ ਜੰਞੂ ਨਾਲ ਤੁਹਾਡੇ ਧਰਮ ਦਾ ਕੋਈ ਵਾਸਤਾ ਨਹੀਂ ਹੈ। ਕਿਉਂ ਖਾਹਮਖਾਹ ਉਨ੍ਹਾਂ ਦੇ ਵਾਸਤੇ ਜਾਨਾਂ ਦਿੰਦੇ ਓਂ? ਉਸ ਵੇਲੇ ਕਹਿਣ ਲੱਗੇ ਕਿ ਮੇਰਾ ਸਤਿਗੁਰੂ ਜਿਹੜਾ ਹੈ ਉਹ ਸਾਰਿਆਂ ਦਾ ਸਾਂਝਾ ਹੈ, ਸਾਰਿਆਂ ਨੂੰ ਸਾਂਝਾ ਉਪਦੇਸ਼ ਕਰਦਾ ਹੈ –

*ਖਤ੍ਰੀ ਬ੍ਰਾਹਮਣ ਸੂਦ ਵੈਸ*
*ਉਪਦੇਸੁ ਚਹੁ ਵਰਨਾ ਕਉ ਸਾਝਾ ॥* *ਅੰਗ- ੭੪੮*

ਉਹ ਸਾਰੇ ਸੰਸਾਰ ਦਾ ਸਾਂਝਾ ਹੈ। ਜੋ ਕੁਛ ਤੁਸੀਂ ਧੱਕਾ ਕਰਦੇ ਓਂ, ਤੁਹਾਡੇ ਨਾਲ ਸਾਡੀ ਵਿਰੋਧਤਾ ਕੋਈ ਨਹੀਂ। ਸਿਰਫ ਤੁਹਾਡੀ ਨੀਤੀ ਨਾਲ ਵਿਰੋਧਤਾ ਹੈ। ਜਾਤ ਨਾਲ ਵਿਰੋਧਤਾ ਨਹੀਂ ਹੈ। ਸਾਰੇ ਹੀ ਪ੍ਰਮੇਸ਼ਰ ਦੇ ਬੰਦੇ ਨੇ ਇੱਥੇ ਦੂਜਾ ਕੋਈ ਨਹੀਂ ਹੈ, ਪਰ ਤੁਹਾਡੀ ਨੀਤੀ ਬਹੁਤ ਗਲਤ ਹੈ। ਇਹਦੀ ਅਸੀਂ ਡੱਟ ਕੇ ਵਿਰੋਧਤਾ ਕਰਾਂਗੇ। ਬਾਕੀ ਜਿਹੜੀ ਤੂੰ ਮੌਤ ਦੀ ਗੱਲ ਕਰਦਾ ਹੈ। ਸਾਨੂੰ ਗੁਰੂ ਨੇ ਮੌਤ ਤੋਂ ਪਾਰ ਕਰ ਦਿੱਤਾ। ਜਿੱਥੇ ਸਾਨੂੰ ਪਹੁੰਚਾ ਦਿੱਤਾ ਉਥੇ ਤਾਂ ਮੌਤ ਪਹੁੰਚ ਹੀ ਨਹੀਂ ਸਕਦੀ। ਐਉਂ ਪੜ੍ਹ ਲਓ–

*ਧਾਰਨਾ – ਜਿਹੜੀ ਮੌਤ ਤੋਂ ਡਰੇ ਜਗ ਸਾਰਾ,*
*ਮੇਰੇ ਮਨ ਆਨੰਦ ਹੈ ਪਿਆਰਿਓ।*
*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*

*ਅੰਗ – ੧੩੬੫*

ਕਬੂਲ ਕਰ ਲਿਆ ਆਰੇ ਨਾਲ ਚੀਰਿਆ ਜਾਣਾ। ਫੱਟਿਆਂ ਦੇ ਵਿਚ ਬੰਨ੍ਹ ਦਿੰਦੇ ਨੇ, ਗੁਰੂ ਮਹਾਰਾਜ ਵਲ ਪਿੱਠ ਕਰ ਦਿੱਤੀ। ਪਿੰਜਰੇ ਦੇ ਵਿਚ ਮਹਾਰਾਜ ਸਾਮ੍ਹਣੇ ਨੇ। ਦੇਖ ਰਹੇ ਨੇ। ਉਸ ਵੇਲੇ ਜਦੋਂ ਆਰਾ ਧਰਨ ਲੱਗਿਆ ਜਲਾਦ, ਕਹਿੰਦਾ ਮਤੀ ਦਾਸ! ਬਈ ਇੱਕ ਹੈਰਾਨੀ ਹੋਈ ਹੈ ਮੈਨੂੰ। ਕਿਉਂਕਿ ਆਰੇ ਨਾਲ ਚੀਰਨਾ ਤਾਂ ਮੇਰਾ ਰੋਜ਼ ਦਾ ਹੀ ਕੰਮ ਹੈ। ਬੇਅੰਤ ਚੀਰੇ ਨੇ ਪਰ ਚੀਰਨ ਤੋਂ ਪਹਿਲਾਂ ਜਾਂ ਉਹ ਮਰ ਗਏ, ਜਾਂ ਬੇਹੋਸ਼ ਹੋ ਗਏ। ਪਰ ਇੱਕ ਮੈਂ ਤੂੰ ਦੇਖਿਆ ਹੈਂ, ਜਿਹਦੇ ਨੈਣਾਂ ਦੇ ਵਿਚ ਚਮਕ ਵੱਧ ਗਈ, ਚਿਹਰੇ 'ਤੇ ਲਾਲੀ ਆ ਗਈ ਹੈ। ਕੀ ਗੱਲ ਕੋਈ ਨਸ਼ਾ ਪੀ ਲਿਆ ਤੂੰ? ਤੇਰੇ ਉਦਾਸੀ ਕਿਉਂ ਨਹੀਂ ਆਈ ਤੇ ਨਾਲ ਮੈਨੂੰ ਦਸ ਕਿ ਤੇਰੀ ਅੰਤਮ ਇੱਛਾ ਹੋਵੇ ਉਹ ਵੀ ਮੈਂ ਪੂਰੀ ਕਰਾਂ ਜੋ ਮੇਰੇ ਅਖਤਿਆਰ ਵਿਚ ਹੋਵੇ। ਉਸ ਵੇਲੇ ਭਾਈ ਮਤੀ ਦਾਸ ਕਹਿਣ ਲੱਗੇ, ਜਲਾਦ! ਆਹ ਗੱਲਾਂ ਸਮਝਣ, ਸਮਝਾਉਣ ਦਾ ਮੌਕਾ ਨਹੀਂ ਹੈ, ਤੂੰ ਆਰਾ ਰੱਖ ਮੇਰੇ ਸੀਸ 'ਤੇ ਤੇ ਚੀਰਨਾ ਸ਼ੁਰੂ ਕਰ। ਆਹ ਸਵਾਲ ਮੇਰੇ ਤੋਂ ਨਾ ਪੁੱਛ। ਕਹਿੰਦਾ, ਮਤੀਦਾਸ! ਮੇਰੇ ਮਨ ਵਿੱਚ ਰਹਿ ਜਾਏਗੀ। ਕ੍ਰਿਪਾ ਕਰ, ਮੈਨੂੰ ਇਸ ਸਵਾਲ ਦਾ ਜਵਾਬ ਦੇਹ; ਕੋਈ ਨਸ਼ਾ ਪੀ ਲਿਆ? ਉਹ ਕਹਿੰਦੇ ਹਾਂ, ਇੱਕ ਵਾਰੀ ਪੀਤਾ ਸੀ, ਉਹ ਨਸ਼ਾ ਹੁਣ ਤੱਕ ਉਤਰਿਆ ਹੀ ਨਹੀਂ ਮੁੜ ਕੇ –

*ਧਾਰਨਾ - ਚੜ੍ਹੀ ਰਹੇ ਦਿਨ ਰਾਤ,*
*ਨਾਮ ਖੁਮਾਰੀ-ਨਾਮ ਖੁਮਾਰੀ।*

*ਪੋਸਤ ਮਦ ਅਫੀਮ ਭੰਗ ਉਤਰ ਜਾਏ ਪਰਭਾਤਿ।*
*ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤਿ।*

*ਜਨਮਸਾਖੀ*

ਕਹਿੰਦੇ, ਜਲਾਦ! ਤੇਰੀ ਸਮਝ ਤੋਂ ਪਰ੍ਹੇ ਹੈ। ਅਸੀਂ ਅੰਮ੍ਰਿਤ ਦਾ ਪਿਆਲਾ ਪੀਤਾ ਹੋਇਆ ਹੈ, ਨਾਮ ਅੰਮ੍ਰਿਤ ਦਾ। ਮੌਤ ਤੋਂ ਅਸੀਂ ਪਾਰ ਹੋ ਗਏ, ਅੰਮ੍ਰਿਤ ਕਹਿੰਦੇ ਉਸ ਨੂੰ ਨੇ, ਜਿਥੇ ਮੌਤ ਨਾ ਪਹੁੰਚ ਸਕਦੀ ਹੋਵੇ। ਸੋ ਅਸੀਂ ਤਾਂ ਆਪਣੇ ਘਰ ਨੂੰ ਜਾ ਰਹੇ ਹਾਂ, ਕਾਹਦੀ ਤੈਨੂੰ ਚਿੰਤਾ। ਹਾਂ, ਸੇਵਾ ਤੂੰ ਕਹਿੰਦਾ ਹੈਂ। ਉਹ ਮੈਂ ਬੇਨਤੀ ਕਰ ਦਿੰਦਾ ਹਾਂ, ਉਹ ਮੈਂ ਧੰਨਵਾਦ ਹੀ ਕਰਾਂਗਾ ਤੇਰਾ। ਉਹ ਇਹ ਹੈ ਕਿ ਮੇਰੀ ਪਿੱਠ ਨਾ ਗੁਰੂ ਵੱਲ ਕਰ। ਤੇਰਾ ਆਰਾ ਚਲਦਾ ਹੋਵੇ, ਤੇ ਮੇਰੇ ਅੰਦਰ ਗੁਰੂ ਤੇਗ ਬਹਾਦਰ ਸਾਹਿਬ ਦਾ ਵਾਸ ਹੋਵੇ ਤੇ ਮੈਂ ਉਨ੍ਹਾਂ ਦੇ ਸੁੰਦਰ ਚਿਹਰੇ ਨੂੰ ਦੇਖਦਾ-ਦੇਖਦਾ ਸਰੀਰ ਨੂੰ ਛੱਡ ਕੇ ਜਾਵਾਂ। ਦੋ ਫਾੜ ਕਰਕੇ ਸੁੱਟ ਦਿੱਤੇ। ਉਸ ਤੋਂ ਬਾਅਦ ਭਾਈ ਭਾਈ ਦਿਆਲੇ ਜੀ ਦੀ ਵਾਰੀ ਆ ਗਈ। ਫਤਵਾ ਲਗ ਗਿਆ ਕਿ ਇਸਲਾਮ ਕਬੂਲ ਕਰੋ। ਜੇ ਬਚਣਾ ਹੈ, ਮੌਤ ਤੋਂ। ਨਹੀਂ ਤਾਂ ਫੇਰ ਦੇਗ ਦੇ ਵਿੱਚ ਉਬਾਲ ਦਿੱਤੇ ਜਾਓਗੇ। ਪਾਣੀ ਉਬਾਲੇ ਖਾ ਰਿਹਾ ਸੀ। ਕੰਢਿਆਂ ਦੇ ਉਤੇ ਦੀ ਹੋ ਕੇ ਡੁਲ੍ਹ ਰਿਹਾ ਸੀ। ਕਹਿਣ ਲੱਗੇ, ਭਾਈ ਦਿਆਲਾ! ਆਹ ਤੇਰਾ ਅੰਜਾਮ ਹੈ। ਕਹਿਣ ਲੱਗੇ, ਕੋਈ ਗੱਲ ਨਹੀਂ, ਇਹ ਤਾਂ ਠੀਕ ਹੈ। ਉਸ ਵੇਲੇ ਦੇਗੇ ਦੇ ਵਿਚ ਪਾਉਣ ਦਾ ਹੁਕਮ ਹੋ ਗਿਆ। ਕਹਿਣ ਲੱਗੇ, ਫੜ ਕੇ ਕਿਉਂ ਸੁੱਟਣਾ ਹੈ ਮੈਂ ਆਪਣੇ ਆਪ ਹੀ ਵੜ ਜਾਂਦਾ ਹਾਂ। ਕਦਮ ਰੱਖਦੇ ਨੇ ਉਬਲਦੇ ਪਾਣੀ 'ਚ ਤੇ ਨਾਲ ਦੀ ਨਾਲ ਇੱਕ ਅਰਦਾਸ ਗੁਰੂ ਤੇਗ ਬਹਾਦਰ ਸਾਹਿਬ ਦੇ ਚਰਨਾਂ 'ਚ ਕਰਦੇ ਨੇ-

*ਧਾਰਨਾ - ਮੇਰੀ ਟੁੱਟੀ ਨਾ ਪ੍ਰੀਤ ਵਾਲੀ ਡੋਰੀ,*
*ਮਿੱਠਾ ਤੇਰਾ ਭਾਣਾ ਲਗਦਾ।*

*ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।*
*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮਾਲੇ।*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥*

*ਭਾਈ ਗੁਰਦਾਸ ਜੀ, ਵਾਰ ੨੭/੪*

ਹੇ ਪ੍ਰਭੂ! ਮੇਰਾ ਪਿਆਰ ਤੇਰੇ ਨਾਲ ਨਿਭ ਜਾਵੇ। ਪਾਣੀ ਵਿਚ ਇਸ ਤਰ੍ਹਾਂ ਉਬਾਲ ਦਿੱਤਾ ਜਿਵੇਂ ਆਲੂ ਉਬਾਲ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਸਰੀਰ ਗਲ ਗਿਆ। ਕੱਢ ਕੇ ਗੁਰੂ ਮਹਾਰਾਜ ਦੇ ਸਾਮ੍ਹਣੇ ਸੁੱਟ ਦਿੱਤਾ। ਤੀਸਰੇ ਦੀ ਵਾਰੀ ਆਈ ਭਾਈ ਸਤੀ ਦਾਸ ਦੀ। ਤਿੰਨ ਨੂੰ ਗੁਰੂ ਮਹਾਰਾਜ ਨੇ ਪਹਿਲਾਂ ਭੇਜ ਦਿੱਤਾ ਸੀ ਕਿ ਤੁਸੀਂ ਜਾਓ। ਭਾਈ ਜੇਠਾ, ਭਾਈ ਗੁਰਦਿੱਤੇ ਨੂੰ ਕਿਹਾ ਕਿ ਗੋਬਿੰਦ ਰਾਇ ਨੂੰ ਜਾ ਕੇ ਤੁਸੀਂ ਤਿਲਕ ਦੇਵੋ। ਭਾਈ ਉਧੋ ਤੇ ਭਾਈ ਜੈਤੇ ਦੀ ਡਿਊਟੀ ਲਾ ਦਿਤੀ ਕਿ ਤੁਸੀਂ ਸਾਡਾ ਸੀਸ ਲੈ ਜਾਇਓ ਏਥੋਂ, ਅਨੰਦਪੁਰ ਸਾਹਿਬ। ਬਾਕੀ ਸਰੀਰ ਇਹ ਵੀ ਬੰਦੋਬਸਤ ਹੋ ਚੁੱਕਿਆ ਹੈ। ਕੋਈ ਚਿੰਤਾ ਨਾ ਕਰਿਓ, ਤੁਸੀਂ ਬਾਹਰ ਖੜ ਜਾਓ, ਭੀੜ ਵਿੱਚ ਜਾ ਕੇ। ਸੋ ਉਸ ਵੇਲੇ ਭਾਈ ਸਤੀ ਦਾਸ ਜੀ ਨਾਲ ਨੇ, ਹੁਕਮ ਹੋ ਗਿਆ ਕਿ ਇਹਦੇ ਦੁਆਲੇ ਰੂੰ ਲਪੇਟ ਕੇ ਅੱਗ ਲਾ ਦਿਓ। ਉਸੇ ਵੇਲੇ ਰੂੰ ਲਪੇਟ ਦਿੱਤੀ ਤੇ ਅੱਗ ਲਾ ਦਿੱਤੀ। ਸੀ, ਨਹੀਂ ਕਿਹਾ, ਸੀ ਦੀ ਥਾਂ 'ਤੇ ੧ੴ ਦੀ ਧੁਨੀ ਉਠ ਰਹੀ ਹੈ। 'ਸਤਿਨਾਮੁ' ਦੀ ਆਵਾਜ਼ ਆ ਰਹੀ ਹੈ। 'ਕਰਤਾ ਪੁਰਖ' ਦੀ ਆਵਾਜ਼ ਆ ਰਹੀ ਹੈ। ਸੋ ਤਿੰਨਾਂ ਨੇ ਸਰੀਰ ਗੁਰੂ ਦੇ ਸਾਮ੍ਹਣੇ ਦੇ ਦਿੱਤੇ। ਕਹਿੰਦੇ ਮਰਨਾ ਤਾਂ ਸਾਰਿਆਂ ਨੇ ਹੈ ਪਰ ਮਰਨਾ ਕੋਈਓ ਜਾਣਦਾ ਹੈ। ਐਉਂ ਪੜ੍ਹ ਲਓ -

*ਧਾਰਨਾ - ਮਰਦਾ ਮਰਦਾ ਸਭ ਜਗ ਮੋਇਆ,*
*ਮਰਨਾ ਕੋਈਓ ਜਾਣਦਾ।*

*ਕਬੀਰਾ ਮਰਤਾ ਮਰਤਾ ਜਗੁ ਮੁਆ*
*ਮਰਿ ਭਿ ਨ ਜਾਨੈ ਕੋਇ ॥*
*ਐਸੀ ਮਰਨੀ ਜੋ ਮਰੈ*
*ਬਹੁਰਿ ਨ ਮਰਨਾ ਹੋਇ ॥ ਅੰਗ - ੫੫੫*

*ਕਬੀਰ ਮੁਹਿ ਮਰਨੇ ਕਾ ਚਾਉ ਹੈ*
*ਮਰਉ ਤ ਹਰਿ ਕੈ ਦੁਆਰ ॥*
*ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥*

*ਅੰਗ - ੧੩੬੭*

ਮਹਾਨ ਖੁਸ਼ੀਆਂ ਗੁਰੂ ਮਹਾਰਾਜ ਦੀ ਮਿਹਰ ਦੀਆਂ, ਨਦਰ ਦੀਆਂ ਪ੍ਰਾਪਤ ਕਰਕੇ, ਤਿੰਨਾਂ ਨੇ ਇਸ ਛਿਨ ਭੰਗਰ, ਪੰਜ ਭੂਤਕ ਸਰੀਰ ਨੂੰ ਛੱਡ ਕੇ ਗੁਰੂ ਦੇ ਲੋਕ ਵਿੱਚ ਚਲੇ ਗਏ। ਦੂਸਰਾ ਦਿਨ ਹੋਇਆ, 13 ਮੱਘਰ ਆ ਗਿਆ, ਉਸ ਵੇਲੇ ਗੁਰੂ ਮਹਾਰਾਜ ਨਾਲ ਬਚਨ ਹੁੰਦੇ ਨੇ। ਮਹਾਰਾਜ ਕਹਿੰਦੇ, ਜਿਹੜੀ ਬਾਤ ਹੈ ਭਾਈ ਉਹ ਤਾਂ ਕਰ ਲਓ। ਉਸ ਵੇਲੇ 13 ਮੱਘਰ 1732 ਦਾ, ਸੰਨ ਚੱਲ ਰਿਹਾ ਸੀ ਬਿਕ੍ਰਮੀ ਸੰਨ। ਸ਼ਹਿਰ 'ਚ ਮੁਨਾਦੀ ਕਰਾ ਦਿੱਤੀ ਗਈ ਕਿ ਕੋਈ ਬੰਦਾ ਘਰ ਨਾ ਰਹੇ, ਕੱਲ੍ਹ ਨੂੰ ਗੁਰੂ ਤੇਗ ਬਹਾਦਰ ਨੂੰ ਸ਼ਹੀਦ ਕਰਨਾ ਹੈ, ਸਾਰੇ ਆ ਕੇ ਨਜ਼ਾਰਾ ਦੇਖੋ, ਦਹਿਸ਼ਤ ਫੈਲਾਉਂਦੇ ਨੇ। ਮਹਾਰਾਜ ਨੂੰ ਇੱਕ ਗੱਲ ਕਹੀ ਗਈ ਕਿ ਕਰਾਮਾਤ ਦਿਖਾਓ। ਮਹਾਰਾਜ ਕਹਿੰਦੇ, ਵਾਹਿਗੁਰੂ ਦੀ ਚਲਦੀ ਦੁਨੀਆਂ 'ਚ ਅਸੀਂ ਰੋਕ ਕਿਵੇਂ ਪਾ ਦੇਈਏ, ਕਰਾਮਾਤ ਕਹਿਰ ਦਾ ਨਾਮ ਹੁੰਦਾ ਹੈ। ਕਰਾਮਾਤ ਨਹੀਂ ਦਿਖਾਉਣੀ। ਅਸੀਂ ਠੀਕਰਾ ਭੰਨਣਾ ਹੈ, ਔਰੰਗੇ ਦੇ ਸਿਰ, ਤਾਂ ਕਿ ਇਹਦੇ ਅਧਰਮ ਨੂੰ ਕੁਛ ਰੋਕ

ਪਵੇ। ਕਰਾਮਾਤਾਂ ਦਿਖਾਉਣ ਨਹੀਂ ਅਸੀਂ ਇੱਥੇ ਆਏ।

*ਨਾਟਕ ਚੇਟਕ ਕੀਏ ਕੁਕਾਜਾ।*
*ਪ੍ਰਭ ਲੋਗਨ ਕਹ ਆਵਤ ਲਾਜਾ।*

ਪ੍ਰਭੂ ਦੇ ਲੋਕਾਂ ਨੂੰ ਤਾਂ ਨਾਉਂ ਲੈ ਕੇ ਹੀ ਲਾਜ ਆ ਜਾਂਦੀ ਹੈ ਕਿ ਇਹੋ ਜਿਹੇ ਕੰਮ ਅਸੀਂ ਕਰੀਏ। ਇਹ ਤਾਂ ਬੇਅੰਤ ਨੇ। ਇੱਕ ਗੁਰਸਿੱਖ ਹੀ ਕਰਾਮਾਤ ਦਿਖਾ ਸਕਦਾ ਹੈ। ਸੋ ਉਸ ਵੇਲੇ ਫਤਵਾ ਲੱਗ ਗਿਆ। ਚਾਂਦਨੀ ਚੌਂਕ 'ਚ ਮਹਾਰਾਜ ਆ ਜਾਂਦੇ ਨੇ, ਖੂਹ ਦੇ ਪਾਣੀ ਨਾਲ ਇਸ਼ਨਾਨ ਆਪ ਕਰਦੇ ਨੇ, ਬੋਹੜ ਦੇ ਥੱਲੇ, ਬਹੁਤ ਵੱਡਾ ਘੇਰਾ ਸ਼ਹਿਰ ਵਾਸੀਆਂ ਦਾ, ਚਾਰੇ ਪਾਸੇ ਫੈਲ ਜਾਂਦਾ ਹੈ। ਜਿਵੇਂ ਪਹਿਲਵਾਨ ਘੁਲਦੇ ਹੁੰਦੇ ਨੇ। ਉਨ੍ਹਾਂ ਦਾ ਅਖਾੜਾ ਹੁੰਦਾ ਹੈ ਬਹੁਤ ਲੰਮਾ ਚੌੜਾ। ਇਸ ਤਰ੍ਹਾਂ ਸੈਂਕੜੇ ਗਜ਼ਾਂ ਦੇ ਵਿੱਚ ਬੰਦੇ ਘੇਰਾ ਘੱਤੀ ਖੜ੍ਹੇ ਨੇ। ਅਰਦਾਸਾਂ ਕਰਦੇ ਨੇ ਕਿ ਹੇ ਪ੍ਰਭੂ ਆਹ ਗੱਲ ਨਾ ਹੋਵੇ। ਰੋ ਰਹੀ ਹੈ ਲੋਕਾਈ। ਹਿੰਦੂ ਧਰਮ ਰੋ ਰਿਹਾ ਹੈ ਕਿ ਸਾਡੀ ਰਾਖੀ ਵਾਸਤੇ ਕਿੱਡੀ ਵੱਡੀ ਕੁਰਬਾਨੀ ਦੇ ਰਹੇ ਨੇ। ਆਪਣਾ ਸਭ ਕੁਛ ਦੇ ਰਹੇ ਨੇ। ਉਸ ਵੇਲੇ ਗੁਰੂ ਤੇਗ ਬਹਾਦਰ ਸਾਹਿਬ ਆ ਕੇ ਚੌਂਕੜਾ ਮਾਰ ਕੇ ਬੈਠ ਜਾਂਦੇ ਨੇ, ਸੋ ਆਪ ਲੀਨ ਹੋ ਜਾਂਦੇ ਨੇ।

ਉਸ ਵੇਲੇ ਜਦ ਕਹਿੰਦੇ ਨੇ ਕਰਾਮਾਤ ਦਿਖਾਓ। ਤਾਂ ਆਪ ਨੇ ਕਿਹਾ ਕਿ ਬਾਅਦ 'ਚ ਤੁਹਾਨੂੰ ਪਤਾ ਲੱਗੇਗਾ, ਸਰੀਰ ਛੱਡ ਜਾਈਏ। ਇੱਕ ਕਾਗਜ਼ ਗਰਦਨ 'ਤੇ ਪਿਆ ਹੈ, ਉਹਦੇ ਵਿੱਚ ਲਿਖਿਆ ਹੋਇਆ ਹੈ –

*ਬਾਂਹਿ ਜਿਨਾ ਦੀ ਪਕੜੀਏ*
*ਸਿਰ ਦੀਜੈ ਬਾਂਹਿ ਨ ਛੋਡੀਏ।*
*ਤੇਗ ਬਹਾਦਰ ਬੋਲਿਆ ਧਰਿ ਪਈਏ, ਧਰਮ ਨ ਛੋਡੀਏ।*

ਤਲਵਾਰ ਦਾ ਵਾਰ ਹੁੰਦਾ ਹੈ, ਕੱਚਾ ਧਾਗਾ ਬੰਨ੍ਹਿਆ ਹੋਇਆ ਹੈ, ਲੇਕਿਨ ਹੈਰਾਨੀ ਹੁੰਦੀ ਹੈ ਕਿ ਤਲਵਾਰ ਪਿੱਛੋਂ ਆਉਂਦੀ ਹੈ, ਸੀਸ ਪਹਿਲਾਂ ਉਡ ਜਾਂਦਾ ਹੈ। ਨਾਲ ਦੀ ਨਾਲ ਹਨ੍ਹੇਰੀ ਆ ਜਾਂਦੀ ਹੈ ਉਸੇ ਵੇਲੇ, ਕਾਲੀ ਬੋਲੀ ਰਾਤ ਪੈ ਗਈ, ਕੁਝ ਨਹੀਂ ਸੁਝਦਾ। ਹੈਰਾਨ ਹੋ ਜਾਂਦੇ ਨੇ ਸਾਰੇ। ਭਾਈ ਜੈਤੇ ਤੇ ਭਾਈ ਊਧੋ ਦੇ ਕੋਲ ਸੀਸ ਜਾ ਪਹੁੰਚਦਾ ਹੈ। ਉਸ ਵੇਲੇ ਬਹੁਤ ਰੌਲਾ ਪੈ ਗਿਆ। ਹਿੱਲਣ ਲਗ ਗਈ ਦਿੱਲੀ ਤੇ ਸਰੀਰ ਨੂੰ ਲੱਖੀ ਵਣਜਾਰਾ ਲੈ ਜਾਂਦਾ ਹੈ।

ਇਸ ਤਰ੍ਹਾਂ ਦੇ ਨਾਲ ਮਹਾਰਾਜ ਨੇ ਅੱਜ ਦੇ ਦਿਨ ਬੜੀ ਭਾਰੀ ਕੁਰਬਾਨੀ ਦਿੱਤੀ ਹੈ ਇੱਕ ਅਸੂਲ ਨੂੰ ਮੱਦੇ-ਨਜ਼ਰ ਰੱਖ ਕੇ। ਆਪਣੇ ਧਰਮ ਦੀ ਰਾਖੀ ਤਾਂ ਸਾਰਾ ਸੰਸਾਰ ਕਰਦਾ ਹੈ, ਲੇਕਿਨ ਇਨ੍ਹਾਂ ਨੇ ਹਿੰਦਵਾਨ ਦੀ ਰਾਖੀ ਕਰੀ। ਜੇ ਆਪ ਉਸ ਵੇਲੇ ਸ਼ਹੀਦੀ ਨਾ ਦਿੰਦੇ ਤਾਂ ਅੱਜ ਨਾ ਕਿਸੇ ਮੰਦਰ 'ਚ ਸੰਖ ਬੋਲਦਾ, ਨਾ ਕਿਸੇ ਦੇ ਜਨੇਊ ਹੁੰਦਾ, ਸਾਰਿਆਂ ਦਾ ਨਾਮ ਦੀਨ ਤੇ ਮੁਹੰਮਦ ਹੋਣਾ ਸੀ। ਸੋ ਹਿੰਦੋਸਤਾਨ ਦਾ ਨਕਸ਼ਾ ਹੋਰ ਹੋਣਾ ਸੀ। ਇਹ ਅਹਿਸਾਨ ਭਾਰਤ ਵਰਸ਼ 'ਤੇ ਗੁਰੂ ਮਹਾਰਾਜ ਨੇ ਮੁੱਢ ਬੰਨ੍ਹਿਆ ਤੇ ਗੁਰੂ ਦਸਵੇਂ ਪਾਤਸ਼ਾਹ ਜੀ ਨੇ ਚਾਰੇ ਸਾਹਿਬਜ਼ਾਦੇ, ਸਾਰਾ ਪਰਿਵਾਰ ਇਸੇ ਲਾਈਨ ਦੇ ਉਤੇ ਸ਼ਹਾਦਤ 'ਤੇ ਲਾ ਦਿੱਤਾ ਹਿੰਦੋਸਤਾਨ ਦੀ ਪੱਤ ਰਖ ਲਈ। ਸਾਰੇ ਬੋਲ ਕੇ ਪੜ੍ਹੋ ਇਸ ਤਰ੍ਹਾਂ –

*ਧਾਰਨਾ – ਵਾਹਵਾ ਵਾਹਵਾ ਬਈ ਸੀਸ ਦੇ ਹਿੰਦ ਰੱਖ ਲਈ।*
*ਐਸੀ ਕਰਨੀ ਕਿਸੇ ਨਾ ਕੀਤੀ – ੨*

*ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਆ ਪਯਾਨ।*
*ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ।*
*ਬਚਿਤ੍ਰ ਨਾਟਕ*

ਸਾਰੇ ਸੰਸਾਰ ਦੇ ਇਤਿਹਾਸ 'ਚ ਐਸੀ ਕਿਰਿਆ ਕਿਸੇ ਦੀ ਨਹੀਂ ਹੈ। ਲੜਾਈਆਂ ਤਾਂ ਮਹਾਂਪੁਰਸ਼ਾਂ ਨੇ, ਪੂਰਨ ਪੁਰਸ਼ਾਂ ਨੇ ਬਹੁਤ ਯੁੱਧ ਕੀਤੇ। ਕੁਰਬਾਨੀਆਂ ਵੀ ਕੀਤੀਆਂ। ਸ੍ਰੀ ਰਾਮ ਚੰਦਰ ਜੀ ਦਾ ਯੁੱਧ ਰਾਵਣ ਨਾਲ ਹੋਇਆ। ਪਰ ਕਾਰਨ ਸੀਤਾ ਜੀ ਸੀ। ਮਹਾਂਭਾਰਤ ਦਾ ਬੜਾ ਭਿਆਨਕ ਯੁੱਧ ਹੋਇਆ, ਕ੍ਰਿਸ਼ਨ ਮਹਾਰਾਜ ਨੇ ਅਗਵਾਈ ਕਰੀ। ਦਰੋਪਤੀ ਤੋਂ ਝਗੜਾ ਪਿਆ। ਪਾਪ ਦਾ ਖਾਤਮਾ ਕਰਨ ਵਾਸਤੇ, ਯੁੱਧ ਕਰਾਇਆ ਗਿਆ। ਇਸੇ ਤਰ੍ਹਾਂ ਹੋਰ ਵੱਡੇ ਮਹਾਂਪੁਰਸ਼ ਸੰਸਾਰ ਦੇ ਇਤਿਹਾਸ 'ਚ ਕਿਤੇ ਨਹੀਂ ਆਏਗਾ ਕਿ ਦੂਸਰੇ ਦੇ ਧਰਮ ਨੂੰ ਰੱਖਣ ਵਾਸਤੇ ਸੁਪਰੀਮ ਕੁਰਬਾਨੀ ਦਿੱਤੀ ਹੋਵੇ।

*ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ।*
*(ਬਚਿਤ੍ਰ ਨਾਟਕ)*

ਇਕ ਵੀ ਬੰਦਾ ਨਾ ਹਿੰਦੂ ਨਾ ਮੁਸਲਮਾਨ; ਜਗਤ ਵਿੱਚ ਸਾਰੇ ਹੀ ਆ ਗਏ। ਸਾਰਿਆਂ ਦੇ ਹਿਰਦੇ 'ਚ ਸ਼ੋਕ ਹੋ ਗਿਆ ਕਿ ਬਹੁਤ ਮਾੜੀ ਗੱਲ ਹੋਈ ਹੈ। ਗੁਰੂ ਤੇਗ ਬਹਾਦਰ ਸਾਹਿਬ ਵਰਗੇ ਜਿਨ੍ਹਾਂ ਦੇ ਉਤੇ ਹਜ਼ਾਰਾਂ ਮੁਸਲਮਾਨਾਂ ਨੂੰ ਅਕੀਦਤ, ਸ਼ਰਧਾ ਸੀ ਪੂਰੀ । ਉਹ ਵੀ ਰੋਂਦੇ ਨੇ, ਹਿੰਦੂਆਂ ਨੇ ਤਾਂ ਰੋਣਾ ਹੀ ਸੀ। ਜਗਤ ਨੂੰ ਸ਼ੋਕ ਹੋ ਗਿਆ ਤੇ ਓਧਰਲੇ ਪਾਸੇ –

*ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ।*
*ਬਚਿਤ੍ਰ ਨਾਟਕ*

ਦੇਵਤਿਆਂ ਦੇ ਮੰਡਲ ਵਿਚ ਜੈ-ਜੈ ਹੋ ਰਹੀ ਹੈ। ਜਿਥੋਂ ਜਾ ਰਹੇ ਨੇ, ਜੈ-ਜੈਕਾਰ ਹੁੰਦੀ ਚਲੀ ਜਾ ਰਹੀ ਹੈ, ਆਪਣੇ ਘਰ ਨੂੰ, ਨਿਰੰਕਾਰ ਦੇ ਦੇਸ਼ 'ਚ ਜਾ ਰਹੀ ਹੈ –

*ਤਿਲਕ ਜੰਞੂ ਰਾਖਾ ਪ੍ਰਭ ਤਾਕਾ।*
*ਕੀਨੋ ਬਡੋ ਕਲੂ ਮਹਿ ਸਾਕਾ।* *ਬਚਿਤ੍ਰ ਨਾਟਕ*

ਕਾਰਨ ਵੀ ਲਿਖ ਦਿੱਤਾ ਮਹਾਰਾਜ ਨੇ। ਸੋ ਮਹਾਰਾਜ ਗੁਰੂ ਗੋਬਿੰਦ ਸਿੰਘ ਜੀ ਆਪਣੇ ਹੱਥ ਨਾਲ ਲਿਖਦੇ ਨੇ ਕਿ ਉਨ੍ਹਾਂ ਦਾ ਕਾਰਨ ਇਹ ਸੀ ਕਿ-

*ਤਿਲਕ ਜੰਞੂ ਰਾਖਾ ਪ੍ਰਭ ਤਾਕਾ।*
*ਕੀਨੋ ਬਡੋ ਕਲੂ ਮਹਿ ਸਾਕਾ।*
*ਸਾਧਨਿਹੇਤਿ ਇਤੀ ਜਿਨਿ ਕਰੀ।*
*ਸੀਸੁ ਦੀਆ ਪਰ ਸੀ ਨ ਉਚਰੀ।* *ਬਚਿਤ੍ਰ ਨਾਟਕ*

*(ਬਾਕੀ ਪੰਨਾ 63 ਤੇ)*

# ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*
*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ*
*ਮੈ ਕਿਛੁ ਨਾਹੀ ਮੈਂ ਕਿਛੁ ਨਾਹੀ।*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ ੧ ॥ ਰਹਾਉ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥ ੧ ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥ ਅੰਗ - ੮੨੭*

ਮਾਘ ਦੀ ਸੰਗਰਾਂਦ ਭਾਰਤ ਵਰਸ਼ ਵਿੱਚ ਆਪਣਾ ਵਿਸ਼ੇਸ਼ ਅਸਥਾਨ ਰਖਦੀ ਹੈ। ਇਹ ਕੋਈ ਐਵੇਂ ਚੀਜ਼ ਨਹੀਂ scientific (ਵਿਗਿਆਨਕ) ਚੀਜ਼ ਹੈ, ਜਿੰਨਾ ਰਸ ਬਨਸਪਤੀ ਦਾ ਸੁੱਕਣਾ ਸੀ ਉਹ ਸੁੱਕ ਚੁਕਿਆ ਹੈ, ਅੱਜ ਸੂਰਜ ਦਾ ਜੋ ਰਥ ਹੈ, ਉਹਦੀ ਚਾਲ ਹੈ, ਧਰਤੀ ਦਾ ਜੋ ਝੁਕਾਓ ਹੈ ਉਹ ਕੁਝ ਡਿਗਰੀਆਂ ਬਦਲਿਆ ਹੈ; ਬਦਲਣ ਦੇ ਨਾਲ ਸਾਰੀ ਬਨਸਪਤੀ 'ਤੇ ਪੈਂਦਾ ਹੈ, ਪਸ਼ੂਆਂ 'ਤੇ ਪੈਂਦਾ ਹੈ, ਪੰਛੀਆਂ 'ਤੇ ਪੈਂਦਾ ਹੈ, ਸਾਡੇ ਉੱਤੇ ਪੈਂਦਾ ਹੈ, ਆਹ ਦੋ ਮਹੀਨਿਆਂ ਜਿਨ੍ਹਾਂ ਨੂੰ ਬਸੰਤ ਕਹਿੰਦੇ ਨੇ, ਪ੍ਰਤਿਆ ਕੇ ਦੇਖਿਓ ਜਿਹੜੇ ਸੁਰਤ ਨੂੰ ਦੇਖਣ ਵਾਲੇ ਬੰਦੇ ਨੇ, ਇਹਦੇ ਵਿੱਚ ਕੁਦਰਤੀ ਚਿੱਤ ਦੇ ਅੰਦਰ ਕੋਈ ਖੁਸ਼ੀ ਆਪਣੇ ਆਪ ਉਠਦੀ ਹੈ, ਜਿਹਦਾ ਤਾਂ ਮਨ ਜਲ ਗਿਆ ਫਿਕਰਾਂ ਦੇ ਨਾਲ, ਉਹਨੂੰ ਤਾਂ ਛੱਡ ਦਿਓ ਪਰ ਉਹਦੇ ਅੰਦਰ ਵੀ ਉੱਠਦੀ ਹੈ। ਮੱਲੋ-ਮੱਲੀ ਜੀਅ ਕਰਦਾ ਹੈ ਖੁਸ਼ੀਆਂ ਹੋਣ, ਤੁਰੀਏ ਫਿਰੀਏ, ਪਿਆਰ ਨੂੰ ਜੀਅ ਕਰਦਾ ਹੈ, ਗੁਰੂ ਪਿਆਰਾ ਲਗਦਾ ਹੈ, ਸਤਿਸੰਗ ਪਿਆਰੀ ਲਗਦੀ ਹੈ; ਉਹ ਜਿਹੜਾ ਜਲਣਪੁਣਾ ਸੀ ਉਹ ਖਤਮ ਹੋ ਗਿਆ। ਬਦਲ ਗਈ ਰੁੱਤ। ਇਹਦੇ ਨਾਲ ਪਿਛਲੇ ਜੋ ਸ਼ਾਸਤਰ ਨੇ ਉਹ ਇਹ ਦਸਦੇ ਨੇ ਕਿ ਹੁਣ ਦਾ ਬੀਜਿਆ ਹੋਇਆ, ਭਜਨ ਕੀਤਾ ਹੋਇਆ, ਇਸ ਮਹੀਨੇ ਦਾ, ਉਸਦੀ ਬਹੁਤ ਵੱਡੀ ਮਹੱਤਤਾ ਤੇ ਫਲ ਬਹੁਤ ਵੱਡਾ ਹੋਇਆ ਕਰਦਾ ਹੈ। ਸੋ ਇਸ ਕਰਕੇ ਭਾਰਤ ਵਰਸ਼ ਵਿੱਚ ਜਦੋਂ ਪਾਣੀ ਦਾ ਬੰਦੋਬਸਤ ਘਰਾਂ 'ਚ ਨਹੀਂ ਹੋਇਆ ਕਰਦਾ ਸੀ, ਉਸ ਵੇਲੇ ਦੂਰ-ਦਰਾਜ਼ ਤਲਾਬਾਂ 'ਚ, ਸਰੋਵਰਾਂ 'ਤੇ, ਨਦੀਆਂ 'ਤੇ, ਨਾਲਿਆ 'ਤੇ, ਇਸ਼ਨਾਨ ਕਰਨ ਜਾਇਆ ਕਰਦੇ ਸੀ। ਬਹੁਤ ਸਾਰੇ ਪ੍ਰੇਮੀ ਇਸ਼ਨਾਨ ਕਰਦੇ, ਇਸ਼ਨਾਨ ਦਾ ਫਲ ਆਪਣਾ ਹੋਇਆ ਕਰਦਾ ਹੈ। ਸੋ ਆਦਮੀ ਦੇ ਅੰਦਰ ਕੁਛ ਪਰਿਵਰਤਨ ਹੁੰਦਾ ਹੈ, ਨਾਮ ਜਪਣ ਨੂੰ ਜੀਅ ਕਰਦਾ ਹੈ, ਪ੍ਰਮੇਸ਼ਰ ਪਿਆਰਾ ਲਗਦਾ ਹੈ, ਗੁਰੂ ਪਿਆਰਾ ਲਗਦਾ ਹੈ। ਉਹ ਜਿਹੜਾ ਅੰਦਰਲੇ ਪਾਸੇ ਬੁਝਿਆ ਹੋਇਆ ਸੀ ਉਹ ਮੁੜ ਕੇ ਰੋਸ਼ਨੀ ਦੇ ਵਿੱਚ ਆਉਣ ਨੂੰ ਤਿਆਰ ਹੋ ਰਿਹਾ ਹੈ। ਸੋ ਇਹ ਜੋ ਮਹੀਨਾ ਹੈ ਇਸਨੂੰ ਸਾਰਿਆਂ ਨੂੰ ਹੀ ਮਹੱਤਤਾ ਦਿੱਤੀ ਹੈ, ਪਰ ਗੁਰੂ ਮਹਾਰਾਜ ਨੇ ਸਾਨੂੰ ਉਪਦੇਸ਼ ਕਰਿਆ ਹੈ, ਉਹ ਕਹਿੰਦੇ ਪਿਆਰਿਓ! ਤੁਹਾਨੂੰ ਬਹੁਤ ਵੱਡੀ ਗੱਲ ਅਸੀਂ ਦਸਦੇ ਹਾਂ। ਦਰਿਆਵਾਂ 'ਤੇ ਨਾਹੁੰਣ ਦਾ ਫਲ ਸਪੈਸ਼ਲ ਹੋਇਆ ਕਰਦਾ ਹੈ।

ਇੱਕ ਵਾਰੀ ਗੁਰੂ ਨਾਨਕ ਪਾਤਸ਼ਾਹ ਨੂੰ ਗੁਰੂ ਅੰਗਦ ਸਾਹਿਬ ਨੇ ਪੁੱਛਿਆ ਕਿ ਭਾਰਤ ਵਰਸ਼ ਦੇ ਅੰਦਰ ਇਸ਼ਨਾਨ ਨੂੰ ਖਾਸ ਮਹੱਤਤਾ ਦਿੱਤੀ ਗਈ ਹੈ, ਕੀ ਇਹਦਾ ਕੋਈ ਪੁੰਨ ਵੀ ਹੁੰਦਾ ਹੈ, ਜੇ ਹੁੰਦਾ ਹੈ ਤਾਂ ਕ੍ਰਿਪਾ ਕਰਕੇ ਖੋਲ੍ਹ ਕੇ ਮੈਨੂੰ ਦੱਸੋ।

ਗੁਰੂ ਮਹਾਰਾਜ ਕਹਿਣ ਲੱਗੇ ਕਿ ਪੁਰਖਾ! ਤੂੰ ਭਲੀ ਗੱਲ ਪੁੱਛੀ। ਵਿਧੀ ਪੂਰਵਕ ਇਸ਼ਨਾਨ ਕਰਨਾ, ਪਹਿਰ ਰਾਤ ਦੇ ਉਠ ਕੇ ਜਿਹੜਾ ਇਸ਼ਨਾਨ ਕਰਦਾ ਹੈ, ਉਹਨੂੰ ਐਨਾ ਪੁੰਨ ਸੁਤੇ ਹੀ ਮਿਲ ਜਾਂਦਾ ਹੈ, ਇਸ਼ਨਾਨ ਦਾ; ਜਿੰਨਾਂ ਸਵਾ ਮਣ ਸੋਨਾ ਪੁੰਨ ਕਰਨ ਦਾ। ਰਾਜਾ ਕਰਣ ਸਵਾ ਮਣ ਸੋਨਾ ਦਾਨ ਕਰਿਆ ਕਰਦਾ ਸੀ। ਅੱਜ ਤੱਕ ਉਹ ਦਾਨੀਆਂ ਦੇ ਵਿੱਚ ਹੈ। ਪਰ ਜੇ ਕੇਵਲ ਪਹਿਰ ਰਾਤ ਰਹਿੰਦੀ ਇਸ਼ਨਾਨ ਕਰੇ ਤਾਂ ਐਨਾ ਵੱਡਾ ਪੁੰਨ ਉਸ ਨੂੰ ਪ੍ਰਾਪਤ ਹੋ ਜਾਂਦਾ ਹੈ, ਦੋ ਘੜੀ ਬਾਅਦ, ਪੰਜਾਹ ਮਿੰਟ ਬਾਅਦ ਜਿਹੜਾ ਇਸ਼ਨਾਨ ਕਰਦਾ ਹੈ ਉਹਨੂੰ ਸਵਾ ਮਣ ਚਾਂਦੀ ਦਾ, ਉਸ ਤੋਂ ਦੋ ਘੜੀਆਂ ਬਾਅਦ ਜਿਹੜਾ ਇਸ਼ਨਾਨ ਕਰਦਾ ਹੈ, ਉਹਨੂੰ ਸਵਾ ਮਣ ਤਾਂਬੇ ਦਾ ਪੁੰਨ; ਉਸ ਤੋਂ ਬਾਅਦ ਜਿਹੜਾ ਇਸ਼ਨਾਨ ਕਰਦਾ ਹੈ ਉਹਨੂੰ

ਸਵਾ ਮਣ ਦੁੱਧ ਦਾ ਜਾਂ ਅੰਨ ਦਾ ਦਾਨ ਕਰਨ ਦਾ ਪੁੰਨ ਪ੍ਰਾਪਤ ਹੋ ਜਾਂਦਾ ਹੈ, ਕੇਵਲ ਇਸ਼ਨਾਨ ਕਰਨ ਨਾਲ। ਸੋ ਮਹੀਨਿਆਂ ਦੇ ਹਿਸਾਬ ਨਾਲ ਇਸ਼ਨਾਨ ਕਰਦੇ ਨੇ, ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਦੇ ਨੇ। ਗੁਰੂ ਮਹਾਰਾਜ ਸਾਨੂੰ ਕੁਛ ਹੋਰ ਤਰ੍ਹਾਂ ਨਾਲ ਸੋਝੀ ਦਿੰਦੇ ਨੇ ਜਿਹੜੀ ਸਾਨੂੰ ਨਹੀਂ ਪਤਾ, ਜਿਹਦੇ ਨਾਲ ਅਸੀਂ ਸੱਚਮੁੱਚ ਪਵਿੱਤਰ ਹੋ ਜਾਂਦੇ ਹਾਂ। ਤੀਰਥ 'ਤੇ ਇਸ਼ਨਾਨ ਕਰਨ ਦੇ ਨਾਲ ਸਿਰਫ ਇੱਕ ਪਾਪ ਲਹਿਆ ਕਰਦਾ ਹੈ, ਤੀਰਥ ਕਰਨ ਦੇ ਨਾਲ ਸਿਰਫ ਇੱਕ ਫਲ ਮਿਲਿਆ ਕਰਦਾ ਹੈ ਲੇਕਿਨ ਜਿਹੜਾ ਤਰੀਕਾ ਗੁਰੂ ਮਹਾਰਾਜ ਦਸਦੇ ਨੇ ਉਹਦੇ ਨਾਲ ਐਨਾ ਫਲ ਮਿਲਦਾ ਹੈ ਕਿ ਆਦਮੀ ਯਕੀਨ ਹੀ ਨਹੀਂ ਕਰਦਾ ਕਿ ਐਨਾ ਵੀ ਮਿਲ ਜਾਂਦਾ ਹੈ? ਆਦਮੀ ਮੈਲਾ ਹੋ ਚੁੱਕਿਆ ਹੈ। ਸਭ ਤੋਂ ਵੱਡੀ ਮੈਲ ਇਹਦੇ ਵਿੱਚ ਹਉਮੈ ਦੀ ਹੈ, ਇਹਦੇ ਅੰਦਰ ਜਿਹੜੀ ਇਹ ਭਾਵਨਾ ਹੈ ਕਿ ਮੈਂ ਹਾਂ; ਇਹ ਦ੍ਰਿੜ੍ਹ ਭਾਵਨਾ ਹੈ ਸਾਰੀ ਦੁਨੀਆਂ ਦੇ ਅੰਦਰ, ਸਭ ਬੰਦਿਆਂ ਦੇ ਅੰਦਰ ਕਿ ਮੈਂ ਹਾਂ। ਉਹ ਮੈਂ ਦੀ ਜਿਹੜੀ ਭਾਵਨਾ ਹੈ ਉਹਦੇ ਨਾਲ ਮੈਲਾ ਹੋਇਆ, ਹੋਇਆ ਹੈ –

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ ॥* *ਅੰਗ – ੬੫੧*

ਉਹ ਮੈਲ ਕਿਸੇ ਤਰੀਕੇ ਨਾਲ ਨਹੀਂ ਲਹਿੰਦੀ, ਤੀਰਥ ਨਾਤ੍ਰਿਆਂ 'ਤੇ ਹੋਰ ਲਗ ਜਾਂਦੀ ਹੈ, ਲਹਿੰਦੀ ਨਹੀਂ ਹੈ। ਜਦ ਤਕ ਉਹ ਮੈਲ ਨਹੀਂ ਲਹਿੰਦੀ, ਓਨੀਂ ਦੇਰ ਤਕ ਸਾਡਾ ਜਿਹੜਾ ਜੀਵ ਆਤਮਾ ਹੈ, ਇਹਨੂੰ ਕੋਈ ਥਾਂ ਨਹੀਂ ਮਿਲਦੀ। ਕਰਦਾ ਕੀ ਹੈ ਫੇਰ? ਮਹਾਰਾਜ ਐਸਾ ਫੁਰਮਾਨ ਕਰਦੇ ਨੇ –

*ਧਾਰਨਾ – ਜੰਮਦਾ ਤੇ ਮਰਦਾ ਹੈ*
*ਹਉਮੈ ਦਾ ਬੰਨ੍ਹਿਆ ਹੋਇਆ।*
*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*
*ਅੰਗ – ੪੬੬*

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥* *ਅੰਗ – ੧੭੬*

ਆਹ ਕੰਮ ਇਸ ਜੀਵ ਆਤਮਾ ਦੇ ਗਲ ਪਿਆ ਰਹਿੰਦਾ ਹੈ, ਕਿਉਂਕਿ ਹਉਮੈ ਨੇ ਬੰਨ੍ਹ ਲਿਆ। ਹਉਮੈ ਦੀ ਮੈਲ ਐਨੀ ਗਾੜ੍ਹੀ ਹੈ, ਐਨੀਆਂ ਸੰਘਣੀਆਂ ਤਹਿਾਂ ਨੇ ਕਿ ਨਾਲ ਹੀ ਰੱਬ ਰਹਿੰਦਾ ਹੈ, ਕੋਲ ਹੀ, ਨਾਲ ਰਹਿੰਦਾ ਪ੍ਰਮੇਸ਼ਰ ਨਹੀਂ ਦਿਸਦਾ। ਕਹਿੰਦੇ ਪ੍ਰਮੇਸ਼ਰ ਦਾ ਜੋ ਪ੍ਰਕਾਸ਼ ਹੈ ਉਹਦਾ ਕੋਈ ਅੰਤ ਨਹੀਂ ਹੈ। ਕੋਈ voltage ਨਹੀਂ ਹੈ ਕਿ ਐਨੀ ਕੁ ਹੈ ਜੀ। ਕਰੋੜਾਂ ਸੂਰਜ ਕਹਿੰਦੇ ਦੇਈਏ ਫੇਰ ਵੀ ਗਲਤ ਹੈ। ਲੇਕਿਨ ਐਨੇ ਪ੍ਰਕਾਸ਼ ਨੂੰ ਜੇ ਢਕਣ ਵਾਲੀ ਕੋਈ ਚੀਜ਼ ਹੈ, ਤਾਂ ਹਉਮੈ ਹੈ, ਐਨੀ ਉਹਦੇ ਵਿੱਚ blackness (ਕਾਲਾਪਨ) ਹੈ, ਲਾਈਟ ਉਹਦੇ 'ਚੋਂ pass (ਲੰਘਦੀ) ਹੀ ਨਹੀਂ ਕਰਦੀ।ਦੋਵੇਂ ਕੋਲ-ਕੋਲ ਰਹਿੰਦੇ ਨੇ–

*ਧਨ ਪਿਰ ਕਾ ਇਕ ਹੀ ਸੰਗਿ ਵਾਸਾ............॥*
*ਅੰਗ – ੧੨੬੩*

'ਧਨ' ਕਹਿੰਦੇ ਨੇ ਜੀਵ ਆਤਮਾ ਨੂੰ, 'ਪਿਰ' ਕਹਿੰਦੇ ਨੇ ਵਾਹਿਗੁਰੂ ਨੂੰ। ਇੱਕ ਪਲੰਘ ਦੇ ਉੱਤੇ ਦੋਵੇਂ ਨੇੜੇ-ਨੇੜੇ ਰਹਿੰਦੇ ਨੇ। ਫਰਕ ਕਿੰਨਾ ਹੈ ਵਿੱਚ ਦੋਹਾਂ ਦੇ –

*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥*
*ਅੰਗ – ੬੨੪*

ਆਹ ਜਿੰਨਾਂ ਪਲਾਸਟਿਕ ਦਾ ਕਾਗਜ਼ ਹੁੰਦਾ ਹੈ ਪਤਲੇ ਤੋਂ ਪਤਲਾ, ਐਨਾ ਕੁ ਫਰਕ ਹੈ ਦੋਹਾਂ ਦਾ, ਰੱਬ ਦਾ ਤੇ ਜੀਵ ਦਾ। ਪਰ ਕਹਿੰਦੇ –

*..........ਵਿਚਿ ਹਉਮੈ ਭੀਤਿ ਕਰਾਰੀ ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ ॥* *ਅੰਗ – ੧੨੬੩*

ਹਉਮੈ ਦੀ ਕਰਾਰੀ ਕੰਧ ਹੈ ਜਿਹੜੀ ਪ੍ਰਕਾਸ਼ ਨੂੰ ਲੰਘਣ ਨਹੀਂ ਦਿੰਦੀ। ਕਿੱਡੀ ਵੱਡੀ ਚੀਜ਼ ਪ੍ਰਮੇਸ਼ਰ ਨੇ ਬਣਾ ਦਿੱਤੀ। ਐਨੀ ਸੰਘਣੀ ਤਹਿ ਹੈ ਇਸਦੀ ਕਿ ਰੱਬ ਕੋਲ ਰਹਿੰਦਾ ਨਹੀਂ ਮਿਲਦਾ। ਮਹਾਂਪੁਰਸ਼ਾਂ ਤੋਂ, ਗੁਰੂਆਂ ਤੋਂ, ਸੰਤਾਂ ਤੋਂ, ਆਰਫਾਂ ਤੋਂ, ਆਲਮਾਂ ਤੋਂ, ਪੀਰਾਂ ਪੈਗੰਬਰਾਂ, ਔਲੀਆਂ ਤੋਂ ਸੁਣਦੇ ਹਾਂ ਕਿ ਰੱਬ ਬਿਲਕੁਲ ਨਾਲ ਲਗਦਾ ਹੈ ਤੇਰੇ, ਪਰ ਵਿਚਾਲੇ ਇੱਕ bad conductor ਹੈ, ਬਿਜਲੀ ਹੋਵੇ ਪਰ ਵਿਚਾਲੇ bad conductor ਹੋਵੇ, ਉਹਦੀ ਕਰੰਟ ਲੰਘਦੀ ਹੀ ਨਹੀਂ ਹੈ। ਗੱਡੀਆਂ ਦੇ ਡਿਸੀਬਿਊਟਰ 'ਚ ਕਾਰਬਨ ਆ ਜਾਂਦੀ ਹੈ, ਇੰਜਣ ਵਲੋਂ ਸਾਰੀ ਸ਼ਕਤੀ ਜਾਂਦੀ ਹੈ। ਕਰੰਟ ਬੈਟਰੀ ਵਲੋਂ ਆਉਂਦੀ ਹੈ, ਉਸ ਕਰੰਟ ਨੇ ਅਗਲੀਆਂ ਤਾਰਾਂ ਨੂੰ ਮਿਲਣਾ ਹੁੰਦਾ ਹੈ। ਪਰ ਉਹਦੇ ਵਿੱਚ ਕਾਰਬਨ ਲੱਗੀ ਹੋਵੇ, ਕਰੰਟ ਲੰਘਦਾ ਹੀ ਨਹੀਂ ਅੱਗੇ, ਉਥੇ ਆ ਕੇ ਹੀ ਖਤਮ ਹੋ ਜਾਂਦਾ ਹੈ। ਪ੍ਰਮੇਸ਼ਰ ਸਾਡੇ ਨਾਲ ਇਵੇਂ ਜਿਵੇਂ ਹੀ ਹੈ। ਪਰ ਇੱਕ ਮੈਲ ਲਗ ਗਈ ਹਉਮੈ ਦੀ, ਕੋਈ ਤਰੀਕਾ ਨਹੀਂ ਉਹਦੇ ਲਾਹੁੰਣ ਦਾ। ਮਹਾਰਾਜ ਕਹਿੰਦੇ ਇੱਕ ਤਰੀਕਾ ਹੈ ਪਿਆਰਿਓ! ਤੁਹਾਡੇ ਅੰਦਰ ਵਾਹਿਗੁਰੂ ਨੇ ਇੱਕ ਐਸਾ ਤੀਰਥ ਬਣਾਇਆ ਹੈ ਜੇ ਮਲ ਕੇ ਉਥੇ ਇਸ਼ਨਾਨ ਕਰੀਏ ਤਾਂ ਲਹਿ ਜਾਂਦੀ ਹੈ, ਹੋਰ ਕਿਤੇ ਨਹੀਂ ਲਹਿੰਦੀ। ਹੁਣ ਉਹ ਤੀਰਥ ਟੋਲ੍ਹ ਲਓ ਕਿ ਕਿੱਥੇ ਹੈ। ਉਹ ਤੁਹਾਡੇ ਅੰਦਰ ਹੈ, ਮਹਾਰਾਜ ਕਹਿੰਦੇ –

*ਸਚੁ ਤਾਂ ਪਰੁ ਜਾਣੀਐ*
*ਜਾ ਆਤਮ ਤੀਰਥਿ ਕਰੇ ਨਿਵਾਸੁ ॥*
*ਸਤਿਗੁਰੂ ਨੋ ਪੁਛਿ ਕੈ*

*ਬਹਿ ਰਹੈ ਕਰੇ ਨਿਵਾਸੁ ॥* *ਅੰਗ - ੪੬੮*

ਜੇ ਵਾਹਿਗੁਰੂ ਨੂੰ ਜਾਨਣਾ ਹੈ, ਕਹਿੰਦੇ ਤਾਂ ਜਾਣਿਆ ਜਾਂਦਾ ਹੈ ਜੇ ਆਤਮ ਤੀਰਥ ਵਿੱਚ ਨਿਵਾਸ ਪ੍ਰਾਪਤ ਹੋ ਜਾਵੇ। ਉਹਦੇ ਵਿਚ ਇਸ਼ਨਾਨ ਕਰ ਲਏ, ਉਹਨੂੰ ਹੀ ਸਤਿਸਰ ਨਾਵਣ ਕਹਿੰਦੇ ਨੇ। ਉਹ ਅੰਦਰ ਹੈ ਸਾਡੇ। ਉਥੋਂ ਤਿੰਨ ਨਦੀਆਂ ਨਿਕਲਦੀਆਂ ਨੇ। ਉਹ ਤਿੰਨੋਂ ਨਦੀਆਂ life current ਲੈ ਕੇ ਆਹ ਸਰੀਰ ਨੂੰ ਜੀਉਂਦਾ ਰਖਦੀਆਂ ਨੇ। ਉਨ੍ਹਾਂ ਦੇ ਵਿੱਚ ਕਰੰਟ ਹੈ ਜ਼ਿੰਦਗੀ ਦਾ, flow ਆਉਂਦਾ ਹੈ ਉਸ ਅੰਮ੍ਰਿਤ ਸਰੋਵਰ ਤੋਂ, ਪਰ ਸਾਨੂੰ ਤਾਂ ਪਤਾ ਨਹੀਂ, ਅਸੀਂ ਤਾਂ ਬਾਹਰਲੀ-ਬਾਹਰਲੀ ਗੱਲ ਜਾਣਦੇ ਹਾਂ, ਅੰਦਰਲਾ ਸਾਨੂੰ ਕੋਈ ਪਤਾ ਨਹੀਂ ਕਿ ਸਾਡੇ ਅੰਦਰ ਕੀ ਹੈ। ਨਾ ਸਾਨੂੰ ਪਤਾ ਹੈ ਕਿ ਅਸੀਂ ਮੈਲੇ ਹਾਂ, ਬਾਹਰੋਂ ਬਹੁਤ ਸੋਹਣੇ ਕੱਪੜੇ ਪਾ ਲੈਂਦੇ ਹਾਂ, ਨਾਹ ਲੈਂਦੇ ਹਾਂ, ਸਾਬਣ ਵਧੀਆ ਤੋਂ ਵਧੀਆ, ਸੈਂਟ ਅਸੀਂ ਲਾ ਲੈਂਦੇ ਹਾਂ, ਪਤਾ ਹੀ ਨਹੀਂ ਕਿ ਅੰਦਰ ਕਿੰਨੀ ਕੁ ਮੈਲ ਭਰੀ ਪਈ ਹੈ। ਮਹਾਰਾਜ ਕਹਿੰਦੇ, ਥੋੜ੍ਹੀ ਬਹੁਤੀ ਨਹੀਂ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ ॥* *ਅੰਗ - ੬੫੧*

ਕੋਹਲੂ ਦੀ ਲੀਰ ਨੂੰ ਜਿੰਨਾ ਜੀਅ ਕਰਦਾ ਹੈ ਧੋ ਲਓ, ਕਹਿੰਦੇ ਉਹਦੇ ਵਿੱਚ ਚਟਿਆਈ ਨਹੀਂ ਰਹਿੰਦੀ, ਪਿਲੱਤਣ ਹੀ ਰਹਿੰਦੀ ਹੈ। ਐਸੇ ਤਰ੍ਹਾਂ ਦੇ ਨਾਲ ਹਉਮੈ ਦੀ ਮੈਲ ਨਾ ਤੀਰਥ ਕੀਤਿਆਂ, ਨਾ ਤਪ ਕਰਿਆਂ, ਨਾ ਜਪ ਕਰਿਆਂ, ਨਾ ਦਾਨ ਕਰਿਆਂ, ਕੋਈ ਤਰੀਕਾ ਹੀ ਨਹੀਂ ਹੈ, ਜਦ ਤਕ ਅੰਦਰਲੇ ਸਰੋਵਰ ਦਾ ਪਤਾ ਨਹੀਂ ਲਗਦਾ, ਉਹਦੇ ਵਿੱਚ ਇਸ਼ਨਾਨ ਨਹੀਂ ਕਰਦਾ, ਅੰਦਰਲੇ ਸਰੋਵਰ ਨੂੰ ਅੰਮ੍ਰਿਤਸਰ ਕਹਿੰਦੇ ਨੇ। ਸਿਆਣਿਆਂ ਨੇ ਬਾਹਰਲੇ ਸਰੋਵਰ ਨੂੰ ਵੀ ਅੰਮ੍ਰਿਤਸਰ ਕਹਿ ਦਿਤਾ। ਉਹ ਸ਼ਰਧਾ ਦਾ ਪ੍ਰਤੀਕ ਹੈ, ਉਹ ਹਰੇਕ ਦੇ ਅੰਦਰ ਅੰਮ੍ਰਿਤਸਰ ਸਰੋਵਰ ਹੈ। ਮਹਾਰਾਜ ਕਹਿੰਦੇ ਓਸ ਅੰਮ੍ਰਿਤਸਰ 'ਚ ਤੂੰ ਨਹਾ, ਰੋਜ਼ ਨਹਾ।

ਕਹਿੰਦੇ ਸਿੱਖ ਹੈਂ ਤੂੰ ਗੁਰੂ ਦਾ?

ਕਹਿੰਦਾ ਹਾਂ।

ਮੱਥੇ ਟੇਕਣ ਵਾਲਾ ਹੀ ਸਿੱਖ ਹੈਂ ਕਿ ਸੱਚਮੁੱਚ ਦਾ ਸਿੱਖ ਹੈਂ?

ਕਹਿਣ ਲੱਗਿਆ, ਮਹਾਰਾਜ! ਮੈਂ ਸੱਚੀਮੁੱਚੀਂ ਸਿੱਖ ਹਾਂ, ਕਹਿੰਦੇ ਫੇਰ ਤੈਨੂੰ ਦਸ ਦਿੰਦੇ ਹਾਂ, ਸਿੱਖ ਦੀ ਰਹਿਤ ਹੁੰਦੀ ਹੈ। ਉਸ ਰਹਿਤ ਦੇ ਮੁਤਾਬਿਕ ਤੂੰ ਚੱਲ। ਫੇਰ ਤੈਨੂੰ ਸਿੱਖੀ ਪ੍ਰਾਪਤ ਹੋ ਜਾਏਗੀ। ਸਿੱਖੀ ਦਾ ਉਮੀਦਵਾਰ ਹੈਂ ਤੂੰ, ਸਿੱਖ ਨਹੀਂ ਅਜੇ ਬਣ ਸਕਿਆ, ਕਿਉਂਕਿ ਤੂੰ ਰਹਿਤ ਨਹੀਂ ਰੱਖੀ। ਕਹਿਣ ਲੱਗਿਆ ਮਹਾਰਾਜ! ਸਾਨੂੰ ਤਾਂ ਪੰਜ ਪਿਆਰਿਆਂ ਨੇ ਰਹਿਤਾਂ ਦੱਸੀਆਂ ਨੇ। ਕਹਿੰਦੇ ਉਹ ਤਾਂ ਠੀਕ ਹੈ, ਜਿਹੜੀ ਮੈਂ ਰਹਿਤ ਦਸਦਾ ਹਾਂ ਉਹਨੂੰ ਧਿਆਨ ਨਾਲ ਸੁਣ। ਉਹਦੇ ਬਾਰੇ ਐਸਾ ਫੁਰਮਾਨ ਹੈ, ਪੜ੍ਹੋ ਪਿਆਰ ਨਾਲ -

*ਧਾਰਨਾ - ਭਲਕੇ ਉਠ ਕੇ ਧਿਆਵੇ ਹਰੀ ਨਾਮ ਨੂੰ,*
*ਸਿੱਖ ਜੋ ਕਹਾਵੇ ਗੁਰਾਂ ਦਾ।*

ਗੁਰਮੁਖ ਪਿਆਰਿਓ! ਦੋ ਤਰ੍ਹਾਂ ਦੀਆਂ ਰਹਿਤਾਂ ਹੁੰਦੀਆਂ ਨੇ। ਇੱਕ ਰਹਿਤ ਉਹ ਹੈ ਜੋ ਸਰੀਰ ਦੇ ਉੱਤੇ ਧਾਰਨ ਕਰਨੀ ਪੈਂਦੀ ਹੈ। ਇੱਕ ਰਹਿਤ ਉਹ ਹੈ ਜਿਹੜੀ ਮਨ ਦੇ ਉੱਤੇ ਧਾਰਨ ਕਰਨੀ ਪੈਂਦੀ ਹੈ। ਜਦ ਤੱਕ ਦੋਵੇਂ ਰਹਿਤਾਂ ਨਹੀਂ ਰਖਦਾ, ਤਾਂ ਐਨਰਜੀ ਲੀਕ ਹੋ ਜਾਂਦੀ ਹੈ। ਜੇ ਐਨਰਜੀ ਲੀਕ ਹੋ ਜਾਵੇ, ਸਾਰੇ ਹੀ ਜਾਣਦੇ ਨੇ, ਮਸ਼ੀਨਰੀ ਚਲਦੀ ਹੀ ਨਹੀਂ ਹੈ। ਸੋ ਮਹਾਰਾਜ ਕਹਿੰਦੇ-

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥* *ਅੰਗ - ੩੦੪*

ਕਹਿੰਦੇ ਦਿਨ ਚੜ੍ਹੇ ਨਹੀਂ, ਅੰਮ੍ਰਿਤ ਵੇਲੇ ਉਦਮ ਕਰਕੇ ਉੱਠੇ। ਫੇਰ ਕੀ ਕਰੇ? ਇਸ਼ਨਾਨ ਕਰੇ। ਹੁਣ ਇੱਥੇ ਤੱਕ ਤਾਂ ਅਸੀਂ ਕਰ ਸਕਦੇ ਹਾਂ, ਸਾਨੂੰ ਕੋਈ ਔਖਾ ਨਹੀਂ ਹੈ, ਸਭ ਕਰ ਸਕਦੇ ਹਾਂ ਜਿੰਨੇ ਤੁਸੀਂ ਬੈਠੇ ਓਂ। ਹੁਣ ਅਗਲੀ ਗੱਲ ਨਹੀਂ ਹੋ ਸਕਦੀ। ਉਹ ਕੀ ਗੱਲ ਹੈ? ਮਹਾਰਾਜ ਕਹਿੰਦੇ - 'ਅੰਮ੍ਰਿਤਸਰ ਨਾਵੈ' ਹੁਣ ਜਿਹੜੇ ਅੰਮ੍ਰਿਤਸਰ ਸ਼ਹਿਰ ਦੇ ਵਿੱਚ ਵੀ ਵਸਦੇ ਨੇ, ਉਹ ਵੀ ਰੋਜ਼ ਨਹੀਂ ਨਹਾ ਸਕਦੇ, ਕਿਤੇ ਨਾ ਕਿਤੇ ਅੜਿੱਕਾ ਲਗ ਹੀ ਜਾਂਦਾ ਹੈ। ਮਹਾਰਾਜ ਕਹਿੰਦੇ, ਰੋਜ਼ ਨਾਵੈ ਤਾਂ ਸਿੱਖ ਹੈ। ਫੇਰ ਤਾਂ ਜਿਹੜੇ ਦੂਰ-ਦਰਾਜ਼ ਦੇਸਾਂ-ਪ੍ਰਦੇਸਾਂ 'ਚ ਬੈਠੇ ਨੇ, ਉਹ ਤਾਂ ਵਿਚਾਰੇ ਰਹਿ ਗਏ ਸਿੱਖੀ 'ਚ ਆ ਹੀ ਨਾ ਸਕੇ। ਸਿਆਣੇ ਬੰਦਿਆਂ ਨੂੰ ਸੋਚਣਾ ਪੈਂਦਾ ਹੈ ਕਿ ਗੁਰੂ ਮਹਾਰਾਜ ਨੇ ਬਾਹਰਲੀਆਂ ਚੀਜ਼ਾਂ ਤਾਂ ਮੰਨੀਆਂ ਨਹੀਂ ਗੁਰੂ ਸਾਹਿਬ ਨੇ ਤੇ ਅੰਦਰਲੀਆਂ ਚੀਜ਼ਾਂ ਦਸੀਆਂ ਨੇ, ਅੰਦਰਲੀਆਂ ਦਾ ਨਾਉਂ ਅਸੀਂ ਬਾਹਰ ਰੱਖ ਲਿਆ, ਬਈ ਇਹਦੀ ਖੋਜ ਕਰੋ ਕਿ ਮਹਾਰਾਜ ਕੀ ਕਹਿ ਗਏ। ਮਹਾਰਾਜ ਕਹਿ ਗਏ ਕਿ ਅੰਮ੍ਰਿਤਸਰ ਨਹਾਓ। ਦੂਜੇ ਪਾਸੇ 'ਆਸਾ ਜੀ ਦੀ ਵਾਰ' 'ਚ ਮਹਾਰਾਜ ਨੇ ਕਹਿ ਦਿੱਤਾ ਕਿ -

*ਸਚੁ ਤਾਂ ਪਰੁ ਜਾਣੀਐ*
*ਜਾ ਆਤਮ ਤੀਰਥਿ ਕਰੇ ਨਿਵਾਸੁ ॥* *ਅੰਗ - ੪੬੮*

ਓਥੇ ਇਸ ਚੀਜ਼ ਦਾ ਨਾਮ ਆਤਮ ਤੀਰਥੁ ਦਸ ਦਿੱਤਾ।

*ਸਤਿਗੁਰੂ ਨੋ ਪੁਛਿ ਕੈ*
*ਬਹਿ ਰਹੈ ਕਰੇ ਨਿਵਾਸੁ ॥* *ਅੰਗ - ੪੬੮*

ਉਹ ਤੀਰਥ 'ਤੇ ਬੈਠਣਾ ਜਿਹੜਾ ਹੈ ਉਹ ਵੀ

ਆਉਂਦਾ ਨਹੀਂ ਆਪਣੇ ਆਪ। ਉਹ ਵੀ ਸਤਿਗੁਰੂ ਨੂੰ ਪੁੱਛ ਕੇ ਬੈਠਣਾ ਪੈਂਦਾ ਹੈ। ਫੇਰ ਇਹ ਚੀਜ਼ ਲੱਭਦੀ ਹੈ। ਮਹਾਰਾਜ ਕਹਿੰਦੇ ਜੇ ਓਸ ਤੀਰਥ ਦੇ ਵਿੱਚ ਇਸ਼ਨਾਨ ਕਰ ਲਏਂ ਤੂੰ ਪਵਿੱਤਰ ਹੋ ਜਾਏਂਗਾ, ਪਵਿੱਤਰ ਹੀ ਨਹੀਂ ਪੁਨੀਤ ਹੋ ਜਾਏਂਗਾ। ਸੌ ਵਾਰੀ ਪਵਿੱਤਰ-ਪਵਿੱਤਰ ਕਹੋ, ਇੱਕ ਵਾਰੀ ਪੁਨੀਤ ਕਹਿ ਦਿਓ। ਉਹ ਹੋ ਜਾਇਆ ਕਰਦਾ ਹੈ ਬਰਾਬਰ। ਹੁਣ ਉਹ ਤੀਰਥ ਨਹੀਂ ਅਸੀਂ ਜਾਣਦੇ ਕਿਸ ਥਾਂ ਦੇ ਉੱਤੇ ਹੈ, ਕਿਵੇਂ ਅਸੀਂ ਉਥੇ ਪਹੁੰਚੀਏ, ਹੁਕਮ ਗੁਰੂ ਦਾ ਹੈ ਕਿ ਰੋਜ਼ ਓਥੇ ਇਸ਼ਨਾਨ ਕਰੋ। ਜੇ ਤਾਂ ਸਾਡੇ ਮਨ ਵਿੱਚ ਲਗਨ ਹੁੰਦੀ ਬਚਪਨ ਤੋਂ ਤਾਂ, ਤਾਂ ਫਿਕਰ ਪਿਆ ਰਹਿੰਦਾ ਕਿ ਗੁਰੂ ਸਾਹਿਬ ਕਹਿੰਦੇ ਨੇ ਕਿ ਅੰਮ੍ਰਿਤਸਰ ਨਾਵੇ, ਰੋਜ਼ ਨਾਵੇ ਤੇ ਮੈਨੂੰ ਪਤਾ ਨਹੀਂ ਲਗ ਸਕਿਆ ਅੰਮ੍ਰਿਤਸਰ ਦਾ ਤੇ ਮੈਂ ਜਾ ਵੀ ਨਹੀਂ ਸਕਦਾ। ਬਾਹਰਲੇ ਤੀਰਥ 'ਤੇ ਤੇ ਹੋਇਆ ਕਿੱਥੇ, ਮਹਾਰਾਜ ਕਹਿੰਦੇ ਉਹ ਤੀਰਥ ਤੇਰੇ ਅੰਦਰ ਹੈ ਬਾਹਰ ਨਾ ਭਾਲੀਂ।

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ*
*ਮਨਮੁਖਾ ਸਾਦੁ ਨ ਪਾਇਆ ॥*
*ਜਿਉ ਕਸਤੂਰੀ ਮਿਰਗੁ ਨ ਜਾਣੈ*
*ਭ੍ਰਮਦਾ ਭਰਮਿ ਭੁਲਾਇਆ ॥*
*ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ*
*ਕਰਤੈ ਆਪਿ ਖੁਆਇਆ ॥* ਅੰਗ - ੬੪੪

ਉਹ ਤਾਂ ਅੰਮ੍ਰਿਤ ਤੇਰੇ ਅੰਦਰ ਪਿਆ ਹੈ, ਅੰਮ੍ਰਿਤ ਦਾ ਸਰੋਵਰ ਲਬਾਲਬ ਭਰਿਆ ਪਿਆ ਹੈ। ਉਹ ਹੈ ਅੰਦਰ ਹੀ। ਹੁਣ ਸਾਡੇ ਅੰਦਰ ਤਾਂ ਬਹੁਤ ਕੁਛ ਹੈ। ਮੈਡੀਕਲ ਸਾਇੰਸ ਦਸਦੀ ਹੈ, ਯੋਗੀ ਦਸਦੇ ਨੇ ਕਿ 14 ਖਰਬ ਸੈਲ ਜਿਵੇਂ ਇੱਟਾਂ ਲਗ ਕੇ ਮਕਾਨ ਬਣਦਾ ਹੈ, ਐਉਂ ਜੋ ਲੱਗੇ ਹੋਏ ਨੇ ਇਸ ਸਰੀਰ ਦੇ ਵਿੱਚ, ਉਹ ਸੈਲ ਕਹਾਉਂਦੇ ਨੇ। 14 ਖਰਬ 15 ਅਰਬ ਸੈਲ ਇਹਦੀ ਬਣਤਰ 'ਤੇ ਲੱਗਿਆ ਹੋਇਆ। ਇਹ ਸਾਇੰਸ ਨੇ ਕੰਪਿਊਟਰ ਦੀ ਮਦਦ ਨਾਲ ਕੱਢਿਆ ਹੈ।ਪਰ ਬੇਅੰਤਤਾਈ ਹੈ ਇਹਦੇ ਵਿੱਚ, ਕੋਈ ਸਹੀ ਗੱਲ ਨਹੀਂ ਕਹਿ ਸਕਦਾ। ਮਤਾ ਅਸੀਂ ਇਥੇ ਹੀ ਠਹਿਰ ਜਾਈਏ। ਐਉਂ ਲਾ ਲਓ ਕਿ ਬੇਅੰਤ ਸੈਲ ਲੱਗੇ ਹੋਏ ਨੇ ਖਰਬਾਂ ਤੋਂ ਵੀ ਜ਼ਿਆਦਾ। ਯੋਗੀਆਂ ਨੇ ਯੋਗ ਬਲ ਦੇ ਨਾਲ ਦੇਖਿਆ ਕਿ ਇਹਨੂੰ ਜੀਉਂਦਾ ਰੱਖਣ ਵਾਸਤੇ ਜਿਹੜਾ ਖੂਨ ਚਲਦਾ ਹੈ, ਉਹ ਕਿੰਨੇ ਖਾਲ੍ਹੇ ਬਣਾਏ ਹੋਏ ਨੇ ਪ੍ਰਮੇਸ਼ਰ ਨੇ, ਜਿਵੇਂ ਨਹਿਰ ਦਾ ਪਾਣੀ ਖਾਲ੍ਹਿਆਂ ਰਾਹੀਂ ਜਾਂਦਾ ਹੈ। ਕਿੰਨੇ ਖਾਲ੍ਹੇ ਨੇ - ਕਹਿੰਦੇ 72 ਕਰੋੜ 72 ਲੱਖ 72 ਹਜ਼ਾਰ ਦੋ ਸੌ ਬਲੱਡ ਚੈਨਲ ਹੈ ਇਹਦੇ ਵਿੱਚ। ਹੈਰਾਨ ਹੋਈਦਾ ਹੈ ਵਾਹਿਗੁਰੂ ਦੇ ਵਲ ਦੇਖ ਕੇ ਕਿ ਸੱਚੇ ਪਾਤਸ਼ਾਹ! ਐਨਾ ਵਿਹਲ ਤੈਨੂੰ ਕਿੱਥੋਂ ਮਿਲ ਗਿਆ। ਇਕ ਨਹੀਂ ਹੈ ਕਰੋੜਾਂ ਹੀ, ਅਰਬਾਂ ਖਰਬਾਂ ਬ੍ਰਹਿਮੰਡ ਨੇ ਉਨ੍ਹਾਂ ਦੇ ਵਿੱਚ ਅਬਾਦੀਆਂ ਨੇ, ਉਨ੍ਹਾਂ ਦੇ ਵਿਚ ਸਰੀਰ ਬਣਾਏ ਨੇ ਤੂੰ। ਤੂੰ ਕਿੱਡਾ ਬੇਅੰਤ ਤੇ ਕਿੱਡਾ ਸ਼ਕਤੀਸ਼ਾਲ ਹੈਂ। ਐਹੋ ਜਿਹੀਆਂ ਜਿਹੜੀਆਂ ਚੀਜ਼ਾਂ ਬਣਾਈ ਜਾਂਦਾ ਹੈਂ।

ਅੱਜ ਅਖਬਾਰ 'ਚ ਸੀ ਕਿ ਸਾਇੰਸਦਾਨਾਂ ਨੇ, ਇਜ਼ਰਾਈਲ ਦੇ ਇੱਕ ਸਾਇੰਸਦਾਨ ਨੇ ਦਿਮਾਗ ਦੀ ਖੋਜ ਕਰਦਿਆਂ ਇੱਕ ਚੀਜ਼ ਲੱਭ ਲਈ। ਬਈ ਨੀਂਦ ਕਿੱਥੋਂ ਆਉਂਦੀ ਹੁੰਦੀ ਹੈ। ਆਦਮੀ ਨੂੰ ਨੀਂਦ ਕਿਉਂ ਆਉਂਦੀ ਹੈ, ਜਾਗ ਕਿਉਂ ਆਉਂਦੀ ਹੈ। ਬਿਨਾਂ ਜਗਾਏ ਕਿਉਂ ਜਾਗਦਾ ਹੈ ਇਹ, ਬਿਨਾਂ ਸੁਲਾਏ ਸੌਂ ਕਿਉਂ ਜਾਂਦਾ ਹੈ। ਉਹਨੇ ਦੇਖਿਆ ਕਿ ਦਿਮਾਗ ਦੇ ਅੰਦਰ ਨਾੜੀਆਂ ਦਾ ਇੱਕ ਛੋਟਾ ਜਿਹਾ ਗੁੱਛਾ ਹੈ, ਉਹਦੇ ਵਿੱਚ ਸਵਿੱਚ ਲੱਗੀ ਹੋਈ ਹੈ, ਜਿਵੇਂ ਆਪਾਂ ਬਾਹਰ ਬਿਜਲੀ ਚਲਾਉਣ ਵਾਸਤੇ ਸਵਿੱਚ ਲਾ ਲੈਂਦੇ ਹਾਂ। ਜਦ ਉਹ ਸਵਿੱਚ ਦਬ ਜਾਂਦੀ ਹੈ ਉਸ ਵੇਲੇ ਨੀਂਦ ਆ ਜਾਂਦੀ ਹੈ। ਜਦੋਂ ਓਨ ਹੋ ਜਾਂਦੀ ਹੈ ਉਸੇ ਵੇਲੇ ਸਰੀਰ ਨੂੰ ਜਾਗ ਆ ਜਾਂਦੀ ਹੈ। ਉਹ ਕਾਰਖਾਨਾ ਖੜ੍ਹ ਜਾਂਦਾ ਹੈ। ਜਿਹੜਾ ਨੀਂਦ ਵਾਲਾ ਕਾਰਖਾਨਾ ਹੈ ਉਹਦੇ ਵਿੱਚ ਸੁਰਤ ਐਉਂ ਭੁੱਲ ਜਾਂਦੀ ਹੈ ਕਿ ਸਾਨੂੰ ਨਹੀਂ ਪਤਾ ਹੈ। ਉਹ ਸਾਰਾ ਹੀ ਕੰਮ ਸਰੀਰ ਦਾ ਸਾਂਭ ਲੈਂਦੀ ਹੈ। ਨਾ ਮਿਹਦੇ ਨੂੰ ਰੁਕਣ ਦਿੰਦੀ ਹੈ, ਨਾ ਦਿਲ ਨੂੰ ਰੁਕਣ ਦਿੰਦੀ ਹੈ, ਨਾ ਖੂਨ ਦੀਆਂ ਨਾੜੀਆਂ ਦੇ ਵਿੱਚ ਖੂਨ ਨੂੰ ਰੁਕਣ ਦਿੰਦੀ ਹੈ। ਨਾ ਇਹ ਸਾਡੇ ਸਰੀਰ ਦੇ ਤਾਪਮਾਨ ਨੂੰ ਰੁਕਣ ਦਿੰਦੀ ਹੈ- ਨਾ ਪੰਜਾਂ ਪ੍ਰਾਣਾਂ ਦਾ ਕੰਮ ਰੁਕਣ ਦਿੰਦੀ ਹੈ। ਸਾਰਾ ਕੰਮ ਕਰਾਉਂਦੀ ਹੈ ਉਹ ਸ਼ਕਤੀ ਤੇ ਜਦੋਂ ਜਾਗ ਪੈਂਦਾ ਹੈ ਆਦਮੀ ਉਹ ਚੁੱਪ ਕਰ ਜਾਂਦੀ ਹੈ, ਇਹ ਫੇਰ ਜਾਗ ਕੇ ਆਪਣਾ ਕੰਮ ਕਰਦੀ ਹੈ। ਐਸੀ ਵਾਹਿਗੁਰੂ ਦੀ ਵਚਿੱਤਰ ਲੀਲਾ ਹੈ ਜਿਹਨੂੰ ਜਾਣਿਆ ਨਹੀਂ ਜਾ ਸਕਦਾ। ਸੋ ਉਹਦੇ ਨਾਲ 72 ਕਰੋੜ 72 ਲੱਖ 72 ਹਜ਼ਾਰ ਦੋ ਸੌ ਬਲੱਡ ਚੈਨਲ ਬਣਾਈ ਹੈ। ਕਿਤੇ ਨਹੁੰ ਮਾਰ ਲਓ, ਖੂਨ ਉਦੋਂ ਹੀ ਨਿਕਲ ਆਏਗਾ, ਕਿਉਂਕਿ ਐਸਾ ਇੰਤਜ਼ਾਮ ਕਰਿਆ ਹੋਇਆ ਹੈ। ਪੰਜ ਪ੍ਰਾਣ vital forces ਇਹਦੇ ਅੰਦਰ ਲਾਈਆਂ ਨੇ। ਇੱਕ ਹਰ ਵਕਤ ਮੈਲ ਕੱਢਦਾ ਹੈ। ਸਾਢੇ ਤਿੰਨ ਕਰੋੜ ਰੋਮ ਰਾਹੀਂ ਬਾਹਰ ਕੱਢੀ ਜਾਂਦਾ ਹੈ। ਹੁਣੇ ਨਹਾ ਕੇ ਅੱਧੇ ਘੰਟੇ ਬਾਅਦ ਜੀਭ ਲਾ ਕੇ ਦੇਖੋ ਸਲੂਣਾ ਸਵਾਦ ਆਏਗਾ, ਕਿਉਂਕਿ ਮੈਲ ਕੱਢ ਦਿੱਤੀ ਉਹਨੇ ਓਦੋਂ ਹੀ। ਉਹ ਨਾ ਕੱਢੇ ਸਰੀਰ ਬਿਮਾਰ ਹੋ ਜਾਂਦਾ ਹੈ। ਖੂਨ ਉਹਨੂੰ ਹਰ ਵਕਤ ਪਹੁੰਚਾਉਂਦਾ ਹੈ, ਜੇ ਥੋੜ੍ਹਾ ਜਿਹਾ ਚਿਰ ਨਾ ਪਹੁੰਚੇ, ਇੱਕ ਸਕਿੰਟ ਦੀ ਦੇਰੀ ਹੋ ਜਾਵੇ, ਆਦਮੀ ਗਸ ਖਾ ਕੇ ਉਥੇ ਹੀ ਗਿਰ ਜਾਂਦਾ ਹੈ। ਡਾਕਟਰ ਕਹਿੰਦੇ ਨੇ ਖੂਨ ਨਹੀਂ ਜਾ ਰਿਹਾ ਸਰੀਰ ਵਿੱਚ ਸਹੀ ਤਰੀਕੇ ਨਾਲ। ਇਸ ਕਰਕੇ ਇਹਨੂੰ ਬੇਹੋਸ਼ੀ ਹੋ ਜਾਂਦੀ ਹੈ। ਤੀਸਰਾ ਜਿਹੜਾ ਹੈ ਉਹ ਹਰ ਵਕਤ ਮੈਲ ਬਾਹਰ ਕੱਢਦਾ ਹੈ, ਸਾਢੇ ਤਿੰਨ ਕਰੋੜ ਰੋਮ ਤੇ ਨਾਲ ਜਿਹੜਾ ਪ੍ਰਾਣ ਹੈ ਇਹ ਬਾਹਰੋਂ ਆਕਸੀਜਨ ਨੂੰ ਖਿੱਚੀ ਜਾਂਦਾ ਹੈ। ਕਾਰਬਨ ਨੂੰ ਬਾਹਰ

ਕੱਢੀ ਜਾਂਦਾ ਹੈ, ਕਿੱਡਾ ਵੱਡਾ ਕਾਰਖਾਨਾ ਹੈ ਇਹਦੇ ਅੰਦਰ ਲੱਗਿਆ ਹੋਇਆ। ਇਕ ਦਮ ਹਵਾ ਨੂੰ ਛਾਣ ਕੇ ਆਕਸੀਜਨ ਖਿੱਚ ਲੈਂਦਾ ਹੈ, ਕਾਰਬਨ ਬਾਹਰ ਕੱਢ ਦਿੰਦਾ ਹੈ, ਬਾਹਰ ਕੱਢੀ ਹੋਈ ਕਾਰਬਨ, ਦਰਖਤ ਤਿਆਰ ਹੀ ਖੜ੍ਹੇ ਨੇ ਉਸੇ ਵੇਲੇ ਖਾ ਲੈਂਦੇ ਨੇ, ਓਨੀਂ ਹੀ ਫੁਰਤੀ ਦੇ ਨਾਲ ਓਦੋਂ ਹੀ ਆਕਸੀਜਨ ਫੇਰ ਬਣਾ ਦਿੰਦੇ ਨੇ, ਆਪਾਂ ਸਾਰੇ ਜੁੜੇ ਪਏ ਹਾਂ ਇਨ੍ਹਾਂ ਬੂਟਿਆਂ ਦੇ ਨਾਲ, ਫਸਲਾਂ ਦੇ ਨਾਲ। ਇੰਤਜ਼ਾਮ ਵਾਹਿਗੁਰੂ ਦਾ ਬੇਅੰਤ ਹੈ। ਇੱਕ ਪ੍ਰਾਣ ਹੈ ਜਿਹੜਾ ਦਿਲ ਨੂੰ ਹਰ ਵਕਤ ਚਾਲੂ ਰਖਦਾ ਹੈ। ਜੇ ਇੱਕ ਸਕਿੰਟ ਵਾਸਤੇ ਖੜ੍ਹ ਜਾਵੇ, ਆਦਮੀ ਓਦੋਂ ਹੀ ਮਰ ਜਾਂਦਾ ਹੈ। ਪੰਜਵਾਂ ਜਿਹੜਾ ਹੈ ਉਹ ਤਾਪਮਾਨ ਰਖਦਾ ਹੈ ਇਹਦੇ 'ਚ, ਇੱਕ ਪ੍ਰਾਣ ਹੈ ਜਿਹੜਾ ਜੋ ਕੁਛ ਅਸੀਂ ਖਾਂਦੇ ਹਾਂ ਉਹਨੂੰ ਥਾਂ-ਥਾਂ 'ਤੇ ਪਹੁੰਚਾਉਂਦਾ ਹੈ। ਅੱਖਾਂ ਦੁਖਦੀਆਂ ਹੋਣ, ਦਵਾਈ ਦੀ ਗੋਲੀ ਖਾ ਲਈ ਉਹ ਬਾਕੀ ਸਰੀਰ 'ਚ ਨਹੀਂ ਪਹੁੰਚਾਉਂਦਾ, ਜਿੱਥੇ ਅੱਖਾਂ 'ਚ ਜਿਥੇ ਵਿਕਾਰ ਪਿਆ ਹੈ ਉਥੇ ਹੀ ਪਹੁੰਚਾਉਂਦਾ ਹੈ। ਉਹਦਾ ਵੀ ਬੜਾ ਛਾਣ-ਬੀਣ ਦਾ ਕੰਮ ਹੈ, ਕਿਤੇ ਗਲਤ ਥਾਂ ਨਹੀਂ ਦਿੰਦਾ। ਜਿਹੜਾ ਇਹਦੇ ਵਿੱਚ ਜਿਗਰ ਹੈ ਉਹ ਜੇ ਕਾਰਖਾਨਾ ਬਾਹਰ ਲਾਉਣਾ ਹੋਵੇ ਤੇ ਕਹਿੰਦੇ ਸੈਂਕੜੇ ਮੀਲਾਂ 'ਚ ਲਗਦਾ ਹੈ। ਉਹਦੇ 'ਚ ਸਾਢੇ ਤਿੰਨ ਸੌ ਬਨਦੀ ਹੈ ਨਿਊਟਰੈਂਟ। ਐਹੋ ਜਿਹੀਆਂ ਚੀਜ਼ਾਂ ਬਣਦੀਆਂ ਨੇ, ਜੇ ਉਹ function ਨਾ ਕਰੇ ਸਰੀਰ ਲੰਗੜਾ ਹੋ ਜਾਂਦਾ ਹੈ। ਐਵੇਂ ਹੋ ਜਾਂਦਾ ਹੈ, ਕੰਬੀ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਵਾਹਿਗੁਰੂ ਜੀ ਨੇ ਇੱਕ ਰੱਖਿਆ ਹੈ ਇਹਦੇ ਅੰਦਰ ਜਿਹੜਾ ਸਾਢੇ 98% ਤੇ ਤਾਪਮਾਨ ਰਖਦਾ ਹੈ ਹਰ ਵਕਤ। ਉਹਦੇ ਬਾਅਦ ਇਹਦਾ ਸਾਰਿਆਂ ਦਾ ਨਿਚੋੜ ਜੋ ਅਸੀਂ ਖਾਂਦੇ ਹਾਂ, ਜੋ ਅਸੀਂ ਪੜ੍ਹਦੇ ਹਾਂ, ਜਿਨ੍ਹਾਂ ਨੂੰ ਮਿਲਦੇ ਹਾਂ, ਜਿਨ੍ਹਾਂ ਲੋਕਾਂ 'ਚ ਰਹਿੰਦੇ ਹਾਂ। ਉਹਦਾ ਬਣਦਾ ਹੈ 'ਮਨ'। 'ਜੈਸਾ ਅੰਨ ਤੈਸਾ ਮਨ'। ਉਹਦੀ ਬਣਦੀ ਹੈ ਬੁੱਧੀ, ਉਹਦਾ ਬਣਦਾ ਹੈ ਚਿੱਤ ਤੇ ਮੈਂ ਭਾਵ ਵੀ ਇਹਦੇ ਵਿਚੋਂ ਹੀ ਨਿਕਲ ਆਉਂਦਾ ਹੈ, ਮੈਂ ਵੀ ਬਣ ਜਾਂਦਾ ਹੈ।ਹੁਣ ਆਹ ਤਾਂ ਹੈਗਾ ਕਾਰਖਾਨੇ ਦਾ ਹਿਸਾਬ-ਕਿਤਾਬ, ਇਥੇ ਤਾਂ ਆਇਆ ਹੀ ਨਾ ਉਹ ਤੀਰਥ। ਇਕੱਲੀ-ਇਕੱਲੀ ਚੀਜ਼ ਫਰੋਲ ਲਈ ਇੱਥੇ ਅੰਮ੍ਰਿਤ ਤੀਰਥ ਤਾਂ ਆਇਆ ਹੀ ਨਾ। ਹੁਣ ਫੇਰ ਨਹਾਈਏ ਕਿੱਥੇ।

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥* *ਅੰਗ - ੩੦੫*

ਇਹਦੇ ਅੰਦਰ ਤਿੰਨ ਨਦੀਆਂ ਫੜ ਲਓ। ਇੱਕ ਦਾ ਨਾਉਂ ਈੜਾ ਹੈ, ਦੂਜੀ ਦਾ ਨਾਉਂ ਪਿੰਗਲਾ ਹੈ, ਤੀਸਰੀ ਦਾ ਨਾਉਂ ਸੁਖਮਨਾ ਹੈ; ਉਹ ਵਿਚਾਲੇ ਦੀ ਜਾਂਦੀ ਹੈ ਰੀੜ੍ਹ ਦੀ ਹੱਡੀ ਦੇ, ਉਹ ਆਲੇ-ਦੁਆਲੇ ਦੀ ਚਲਦੀਆਂ ਨੇ। ਉਨ੍ਹਾਂ ਦੇ ਵਿੱਚ ਰਹਿ ਕੇ ਸਵਾਰੀ ਕਰਨੀ ਸ਼ੁਰੂ ਕਰ ਦਿਓ। ਪੰਜ ਐਨਰਜੀ ਸੈਂਟਰ ਆਉਣਗੇ, ਛੇਵਾਂ ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ ਹੈ ਜਿੱਥੇ, ਇੱਥੇ ਆਏਗਾ। ਇੱਥੇ ਆ ਕੇ ਤਿੰਨੋ ਨਾੜੀਆਂ ਜਿਹੜੀਆਂ ਨੇ ਉਹ ਇਕੱਠੀਆਂ ਹੋ ਕੇ ਇੱਕ ਮੂੰਹ ਹੋ ਜਾਂਦਾ ਹੈ ਉਨ੍ਹਾਂ ਦਾ। ਇਹਨੂੰ ਆਗਿਆ ਚੱਕਰ ਕਹਿੰਦੇ ਨੇ ਇਹਦੇ ਉੱਤੇ ਅੰਮ੍ਰਿਤ ਸਰੋਵਰ ਹੈ, ਇਹਨੂੰ ਗੰਗ ਜਮੁਨ ਵੀ ਕਹਿੰਦੇ ਨੇ।

*ਕਬੀਰ ਗੰਗ ਜਮੁਨ ਕੇ ਅੰਤਰੇ*
*ਸਹਜ ਸੁੰਨ ਕੇ ਘਾਟ ॥*
*ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ ॥*
*ਅੰਗ - ੧੩੭੨*

ਗੱਲ ਸਮਝ ਲਓ ਸਾਰੇ, ਇਥੇ ਜਦ ਬਿਰਤੀ ਟਿਕਾ ਕੇ ਨਾਮ ਜਪਦਾ ਹੈ, ਗੁਰੂ ਦਾ ਧਿਆਨ ਧਰਦਾ ਹੈ, ਗੁਰੂ ਕਹਿੰਦਾ ਹੈ ਕਿ ਪਿਆਰਿਆ! ਵਾਹਿਗੁਰੂ ਦੇ ਧਿਆਨ 'ਚ ਰਹਿ। ਕੋਈ ਔਖੀ ਚੀਜ਼ ਨਹੀਂ। ਜੇ ਸੱਪ ਨਿਕਲ ਆਵੇ, ਸੱਪ ਦੇ ਧਿਆਨ 'ਚ ਬੰਦਾ ਹੋ ਜਾਂਦਾ ਹੈ। ਜੇ ਕਿਸੇ ਨੇ ਦਸ ਦਿਤਾ ਕਿ ਤੁਹਾਡਾ ਦੁਸ਼ਮਨ ਤੁਹਾਡੇ ਫਾਰਮ ਦੇ ਆਲੇ-ਦੁਆਲੇ ਘੁੰਮਦਾ ਹੈ, ਸਾਰਾ ਦਿਨ ਉਹਦੇ ਧਿਆਨ 'ਚ ਹੋ ਜਾਏਗਾ, ਰੋਟੀ ਚੰਗੀ ਨਹੀਂ ਲੱਗਣੀ। ਸੋ ਮਹਾਰਾਜ ਕਹਿੰਦੇ ਜੇ ਤਾਂ ਇਸ ਅੰਮ੍ਰਿਤ ਤੀਰਥ ਨੂੰ ਜਾਨਣਾ ਹੈ ਤਾਂ ਅਸੀਂ ਤੈਨੂੰ ਇੱਕ ਗੱਲ ਦਸਦੇ ਹਾਂ ਸਮਝ ਲੈ।

*ਧਾਰਨਾ - ਧਰੀਏ ਮਨ ਵਿਚ ਧਿਆਨ*
*ਗੁਰਾਂ ਦੀ ਮੂਰਤ ਦਾ।*
*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥* *ਅੰਗ - ੮੬੪*

ਜਦ ਅਸੀਂ ਓਸ ਧਿਆਨ ਦੇ ਵਿੱਚ ਪੱਕਾ ਕਰ ਲਵਾਂਗੇ ਜਿਵੇਂ ਪਾਸ ਕਰੀਦਾ ਹੈ, ਸਮਝ ਲਓ ਜਿਵੇਂ ਕੋਈ ਜਮਾਤ ਪਾਸ ਕਰੀਦੀ ਹੈ। ਉਹਨੂੰ ਸਿੱਧ ਕਰ ਲਵਾਂਗੇ, ਸਾਡਾ ਸਰੂਪ ਜਿਹੜਾ ਹੈ ਉਹਦੇ ਵਿੱਚ ਲੀਨ ਹੋ ਜਾਏਗਾ, ਖਤਮ ਹੋ ਜਾਏਗਾ, ਬਾਕੀ ਨਹੀਂ ਰਹੇਗਾ। ਉਸ ਤੋਂ ਜਿਹੜੀ ਅਗਲੀ ਥਾਂ ਆਉਣੀ ਹੈ, ਓਸ ਥਾਂ ਤੋਂ ਅੰਮ੍ਰਿਤ ਸਰੋਵਰ ਸ਼ੁਰੂ ਹੋ ਜਾਇਆ ਕਰਦਾ ਹੈ। ਉਹਦੇ ਵਿੱਚ ਮਹਾਨ ਰਸ ਹੈ, ਮਹਾਨ ਅਨੰਦ ਹੈ। ਆਪੇ ਹੀ ਪਤਾ ਲਗ ਜਾਂਦਾ ਹੈ ਕਿ ਹੁਣ ਮਨ ਉਹਦੇ 'ਚ ਇਸ਼ਨਾਨ ਕਰ ਰਿਹਾ ਹੈ। ਭਜਨ ਬੰਦਗੀ ਕਰਨ ਵਾਲਿਆਂ ਨੂੰ ਪਤਾ ਲਗਦਾ ਹੈ, ਐਵੇਂ ਗੱਲਾਂ ਕਰਨ ਵਾਲਿਆਂ ਨੂੰ ਨਹੀਂ ਪਤਾ ਲਗਦਾ ਇਸ ਚੀਜ਼ ਦਾ। ਓਸ ਅਨੰਦ ਦੇ ਸਰੋਵਰ ਦੇ ਵਿੱਚ ਇਸ਼ਨਾਨ ਕਰਦੇ ਨੇ। ਉਹ ਜਾਣ ਲਿਆ ਕਿ ਈੜਾ, ਪਿੰਗਲਾ ਤੇ ਸੁਖਮਨਾ ਜਿੱਥੇ ਮਿਲਦੀਆਂ ਨੇ ਉਥੇ ਅੰਮ੍ਰਿਤ ਸਰੋਵਰ ਹੈ, ਉਥੇ ਹੁਣ ਪਹੁੰਚੇ ਕਿਵੇਂ, ਮਹਾਰਾਜ ਕਹਿੰਦੇ ਪਹੁੰਚ ਹੁੰਦਾ ਹੈ ਪਿਆਰਿਓ! ਸ਼ਬਦ ਦੇ ਬਲ ਨਾਲ, ਐਵੇਂ ਨਹੀਂ ਪਹੁੰਚ ਸਕਦੀ ਸੁਰਤ। ਸੁਰਤ ਨੂੰ ਰਾਹ ਹੀ ਨਹੀਂ ਲੱਭਦਾ, ਰਾਹ ਬੰਦ ਹੋਇਆ ਪਿਆ ਹੈ।

*ਬਜਰ ਕਪਾਟ ਜੜੇ ਜੜਿ ਜਾਣੈ*
*ਗੁਰ ਸਬਦੀ ਖੋਲਾਇਦਾ ॥ ਅੰਗ - ੧੦੩੩*

ਉਹ ਬਜਰ ਕਪਾਟ ਲੱਗੇ ਹੋਏ ਨੇ, ਉਹ ਅੱਗੇ ਸੁਰਤ ਨੂੰ ਚੜ੍ਹਨ ਨਹੀਂ ਦਿੰਦੇ। ਗੁਰੂ ਦਾ ਸ਼ਬਦ ਹੋਵੇ, ਗੁਰੂ ਦੀ ਹੋਵੇ ਮਿਹਰ ਤਾਂ ਚੜ੍ਹਦਾ ਹੈ। ਸੋ ਉਹ ਤੀਰਥ ਦੇ ਵਿੱਚ ਰੋਜ਼ ਹੁਕਮ ਹੈ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ........॥*

ਉਹਦੇ ਨਾਲ ਕੀ ਹੋਏਗਾ, ਜਿਹੜੀ ਕਰੋੜਾਂ ਜਨਮਾਂ ਦੀ -

*.......ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਅੰਗ - ੩੦੪*

ਪਾਪ ਵੀ ਲਹਿ ਜਾਣਗੇ, ਜਿਹੜੀਆਂ ਵੱਡੀਆਂ-ਵੱਡੀਆਂ ਹੱਤਿਆਂ ਲੱਗੀਆਂ ਹੋਈਆਂ ਨੇ, ਦੋਖ ਲੱਗੇ ਹੋਏ ਨੇ; ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਸਾਰੇ ਲਹਿ ਜਾਣਗੇ। ਫੇਰ ਅੱਗੇ -

*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਅੰਗ - ੩੦੪*

ਗੁਰਬਾਣੀ ਦੇ ਨਾਲੋਂ ਨਹੀਂ ਟੁੱਟਣਾ, ਗੁਰਬਾਣੀ ਗਾਂਦੇ ਰਹਿਣਾ ਹੈ, ਗੁਰਬਾਣੀ ਪੜ੍ਹਦੇ ਰਹਿਣਾ, ਗੁਰਬਾਣੀ ਵਿਚਾਰਦੇ ਰਹਿਣਾ ਹੈ।'ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥' ਇਥੇ ਅੱਖਰ ਧਿਆਉਣਾ ਲਿਖਿਆ ਹੈ, ਜਪਣਾ ਨਹੀਂ ਲਿਖਿਆ, 'ਸਿਮਰਨ' ਕਹਿੰਦੇ ਨੇ ਯਾਦ ਨੂੰ, ਧਿਆਉਣਾ ਕਹਿੰਦੇ ਨੇ 'ਧਿਆਨ' ਨੂੰ। ਨਾਮ ਦਾ ਜੇ ਧਿਆਨ ਹੈ ਉਹਦੇ ਅੰਦਰ, ਨਾਮ ਹੈ ਪ੍ਰੀਪੂਰਨ ਸ਼ਕਤੀ।

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥*
*ਅਕਾਲ ਉਸਤਤਿ*

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਅੰਗ - ੨੮੪*

ਉਹ ਨਾਮ ਸ਼ਕਤੀ ਨੇ ਸਾਰੀ ਚੀਜ਼ ਨੂੰ ਸਾਂਭ ਕੇ ਰੱਖਿਆ ਹੋਇਆ ਹੈ, ਉਹਦੇ ਧਿਆਨ 'ਚ ਜਦੋਂ ਰਹਿੰਦਾ ਹੈ ਤਾਂ ਪਤਾ ਲਗਦਾ ਹੈ ਕਿ ਇਹ ਤਾਂ 'ਨਾਮ' ਹੀ ਹੈ। ਇੱਕ ਵਾਹਿਗੁਰੂ ਹੀ ਪ੍ਰੀਪੂਰਨ ਹੈ ਇੱਥੇ ਹੋਰ ਕੋਈ ਹੈ ਨਹੀਂ, ਇਸ ਧਿਆਨ 'ਚ ਰਹੇ ਦਿਨ ਰਾਤ ਤੇ ਮਹਾਰਾਜ ਕਹਿੰਦੇ ਜਿਹੜਾ ਹਰ ਸਵਾਸ, ਅੰਦਰ ਨੂੰ ਸਵਾਸ ਜਾਂਦੇ, ਬਾਹਰ ਨੂੰ ਸਵਾਸ ਜਾਂਦੇ। ਇਸ ਧਿਆਨ 'ਚ ਰਹਿੰਦਾ ਹੈ-

*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਅੰਗ - ੩੦੫*

ਇੱਕ ਤਾਂ ਹੈ ਕਿ ਸਾਹ ਅੰਦਰ ਨੂੰ ਜਾਂਦਾ ਹੈ 'ਵਾਹਿ' ਕਹੋ, ਬਾਹਰ ਨੂੰ ਆਉਂਦਾ ਹੈ 'ਗੁਰੂ' ਕਹੋ। ਇਹ ਨਹੀਂ ਜੇ ਕਹਿ ਹੁੰਦਾ ਤਾਂ ਅੰਦਰ ਨੂੰ ਸਾਹ ਜਾਂਦੇ 'ਸਤਿਨਾਮੁ' ਕਹੋ, ਬਾਹਰ ਨੂੰ ਆਉਂਦੇ ਵਾਹਿਗੁਰੂ ਕਹੋ। ਇਹ ਤਾਂ ਜੀਭ ਦਾ ਕੰਮ ਹੈ, ਧਿਆਨ ਦਾ ਕੰਮ ਨਹੀਂ ਹੈ, ਧਿਆਨ ਦਾ ਕੰਮ ਇਸ ਤੋਂ ਸੂਖਸ਼ਮ ਹੋਇਆ ਕਰਦਾ ਹੈ। ਕੋਈ ਸ਼ਬਦ ਲੈਣਾ, ਕੋਈ ਮੰਤਰ ਜਪ ਲੈਣਾ, ਜਪੁਜੀ ਸਾਹਿਬ ਅਸੀਂ ਪੜ੍ਹਦੇ ਹਾਂ, ਬੋਲ-ਬੋਲ ਕੇ ਪੜ੍ਹਦੇ ਹਾਂ, ਪਤਾ ਹੀ ਨਹੀਂ ਲਗਦਾ ਕਿ 'ਸੁਣਿਐ' ਦੀਆਂ ਚਾਰ ਪਉੜੀਆਂ ਪੜ੍ਹ ਲਈਆਂ ਤੇ 'ਅਸੰਖ ਜਪੁ' ਵਾਲੀਆਂ ਪੜ੍ਹ ਲਈਆਂ। ਕਿਹੜੀ ਪੜ੍ਹੀ ਕਿਹੜੀ ਛੱਡ ਦਿੱਤੀ ਕਿਉਂਕਿ ਬੋਲੀ ਤਾਂ ਅਸੀਂ ਜਾਂਦੇ ਹਾਂ, ਲੇਕਿਨ ਧਿਆਨ ਨਹੀਂ ਆਇਆ। ਧਿਆਨ ਹੋਰ ਚੀਜ਼ ਹੈ, ਤਵੱਜੋ ਹੋਰ ਚੀਜ਼ ਹੈ। ਜਾਪ ਹੋਰ ਚੀਜ਼ ਹੈ। ਮਹਾਰਾਜ ਕਹਿੰਦੇ, ਜਾਪ ਨਹੀਂ, ਅਸੀਂ ਜਾਪ ਦੀ ਗੱਲ ਨਹੀਂ ਕਰਦੇ, ਜਾਪ ਤਾਂ ਜੀਭ ਤੋਂ ਕਰਿਆ ਜਾਂਦਾ ਹੈ, ਮਹਾਰਾਜ ਕਹਿੰਦੇ ਮੂੰਹ ਨਾਲ ਕਹੀ ਜਾਓ - ਤੂੰ ਹੀ, ਤੂੰ ਹੀ, ਤੂੰ ਹੀ। ਮਨ ਛਾਲਾਂ ਮਾਰਦਾ ਫਿਰਦਾ ਹੈ। ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਜੀਭ ਨਾਲ ਕਹੀ ਜਾਓ, ਮਨ ਟਿਕਦਾ ਹੀ ਨਹੀਂ। ਕਹਿੰਦੇ, ਟਿਕਦਾ ਹੈ ਤੇਰਾ ਮਨ? ਕਹਿੰਦਾ ਨਾ ਜੀ। ਉਹ ਇਸ ਕਰਕੇ ਨਹੀਂ ਟਿਕਦਾ, ਕਿਉਂਕਿ ਧਿਆਨ ਦਾ ਨਹੀਂ ਪਤਾ ਲੱਗਿਆ। ਕਹਿੰਦੇ, ਜਿਹੜਾ ਧਿਆਨ 'ਚ ਰਹਿੰਦਾ ਹੈ ਨਾ, ਸਾਹ ਅੰਦਰ ਨੂੰ ਜਾਂਦੇ, ਬਾਹਰ ਨੂੰ ਜਾਂਦੇ। ਇਹਦਾ ਮਤਲਬ ਹੈ non stop ਧਿਆਨ ਰਹਿੰਦਾ ਹੈ। ਉਹ ਕਹਿੰਦੇ ਮੇਰੇ ਗੁਰੂ ਨੂੰ ਭਾਅ ਜਾਂਦਾ ਹੈ।

ਹੁਣ ਗੁਰੂ ਇਹ ਦੇਖਦਾ ਹੈ ਕਿ ਹੁਣ ਇਹ ਕਾਬਲ ਹੋ ਗਿਆ, ਇਹ ਵਪਾਰੀ ਬਣ ਗਿਆ, ਇਹ ਹੁਣ ਸੌਦੇ ਲੈਣ ਦੇ ਕਾਬਿਲ ਹੋ ਗਿਆ। ਪਹਿਲਾਂ ਗੁਰੂ ਨੇ ਦੁਕਾਨ ਨਹੀਂ ਸੀ ਖੋਲ੍ਹੀ, ਬੰਦ ਰੱਖੀ, ਕਿਉਂਕਿ ਗਾਹਕ ਨਹੀਂ ਸੀ -

*ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ ॥*
*ਨਹੀ ਪਟਣੁ ਨਹੀ ਪਾਰਖੂ*
*ਨਹੀ ਗਾਹਕੁ ਨਹੀ ਮੋਲੁ ॥ ਅੰਗ - ੧੩੬੫*

ਜਦ ਹੈ ਹੀ ਨਹੀਂ ਚਾਰੇ ਚੀਜ਼ਾਂ, ਫੇਰ ਐਵੇਂ ਤਖਤੇ ਖੋਲ੍ਹੇ ਦੁਕਾਨ ਦੇ। ਕਹਿੰਦੇ ਫੇਰ ਤਾਂ ਬੰਦ ਰਹੇਗਾ ਸੌਦਾ। ਕਹਿੰਦੇ ਨਹੀਂ ਪਿਆਰਿਓ! ਬੰਦ ਨਹੀਂ ਰਹਿੰਦਾ-

*ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੇ ਮੋਲਿ ॥*
*ਅੰਗ - ੧੩੭੬*

ਆ ਜਾਏਗਾ ਕੋਈ ਗਾਹਕ ਜਿਹੜਾ ਸਿਰ ਦੇ ਬਦਲੇ ਤਨ, ਮਨ, ਧਨ ਦੇ ਕੇ ਚੀਜ਼ ਲੈ ਲਏਗਾ। ਇੱਕੋ ਹੀ

*(ਬਾਕੀ ਪੰਨਾ 39 'ਤੇ)*

## ਪਿਛਲੇ ਮਹੀਨੇ, ਵੱਖ-ਵੱਖ ਇਲਾਕਿਆਂ ਵਿੱਚ, ਸੰਤ ਬਾਬਾ ਲਖਬੀਰ ਸਿੰਘ ਜੀ ਵੱਲੋਂ ਸਜਾਏ ਗਏ ਗੁਰਮਤਿ ਸਮਾਗਮਾਂ ਦੇ ਦ੍ਰਿਸ਼।

ਗੁ. ਬਾਬਾ ਬੁੱਢਾ ਸਾਹਿਬ ਜੀ ਉਤਮ ਨਗਰ (ਉਤਰਾਖੰਡ)





ਰਾਜਪੁਰਾ
(ਗੋਬਿੰਦ ਕਲੌਨੀ)

ਗੁ. ਸਾਹਿਬ ਮਥਨਾ ਜਪਤੀ ਪੀਲੀਭੀਤ (ਯੂ.ਪੀ)




ਗੁ. ਨਾਨਕਸਰ ਬੱਡਾਪੁਰਾ (ਯੂ.ਪੀ.)



## ਗੁ. ਗੁਰੂ ਤੇਗ ਬਹਾਦਰ ਸਾਹਿਬ ਡੇਰਾ ਕਾਰਸੇਵਾ ਸਵਾਰ (ਯੂ.ਪੀ.)



## ਗੁ. ਸੰਗਤਪੁਰਾ ਰਾਮਪੁਰਾਕਲਾਂ ਸਾਹਜਹਾਨਪੁਰ (ਯੂ.ਪੀ.)



## ਨੇਤਾਜੀ ਨਗਰ ਰੁਦਰਪੁਰ (ਉਤਰਾਂਚਲ)



## ਪਿੰਡ ਗਿੱਲ (ਫਰੀਦਕੋਟ)



# ਅਸਥਾਨ ਛਾਹੜ (ਸੰਗਰੂਰ)



ਮਿਸ਼ਨ ਦੀ ਬਰਾਂਚ ਗੁ. ਸੰਤ ਬੇਲਾ (ਸ੍ਰੀ ਅਨੰਦਪੁਰ ਸਾਹਿਬ) ਵਿਖੇ ਮਹੀਨਾ ਵਾਰੀ ਚੜ੍ਹਦੀ ਪੂਰਨਮਾਸ਼ੀ ਰਾਤ ਸਮੇਂ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ। ਹੇਠਾਂ ਇਲਾਕੇ ਦੀਆਂ ਸੰਗਤਾਂ ਕੀਰਤਨ ਦਾ ਅਨੰਦ ਮਾਣਦੀਆਂ ਹੋਈਆਂ।



ਗੁਰਦੁਆਰਾ ਈਸ਼ਰ ਪ੍ਰਕਾਸ਼ ਬਨੂੰੜ ਵਿਖੇ ਸਾਲਾਨਾ ਸਮਾਗਮ ਸਮੇਂ ਸੰਤ ਬਾਬਾ ਹਰਪਾਲ ਸਿੰਘ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।






ਗੁ. ਈਸ਼ਰ ਪ੍ਰਕਾਸ ਸਵਾਲੇਪੁਰ ਵਿਖੇ ਸਾਲਾਨਾ ਸਮਾਗਮ ਵਿਚ ਸੰਤ ਬਾਬਾ ਹਰਪਾਲ ਸਿੰਘ ਜੀ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।



ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਅਤੇ ਸੰਤ ਮਾਤਾ ਰਣਜੀਤ ਕੌਰ ਜੀ ਰਤਵਾੜਾ ਸਾਹਿਬ ਦੀ ਨਿੱਘੀ ਯਾਦ ਵਿੱਚ

**ਸਾਲਾਨਾ ਰੂਹਾਨੀ ਸਮਾਗਮ, ਪਿੰਡ ਪੈਂਤਪੁਰ (ਨੇੜੇ ਰਤਵਾੜਾ ਸਾਹਿਬ)**

ਮਿਤੀ 24-25-26-27-28 ਜਨਵਰੀ 2018

ਸਮਾਂ : ਹਰ ਰੋਜ਼ ਦੁਪਿਹਰ 12.00 ਤੋਂ 3.00 ਵਜੇ

**ਸੰਤ ਬਾਬਾ ਹਰਪਾਲ ਸਿੰਘ ਜੀ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਨਗੇ।**

*(ਪੰਨਾ 30 ਦੀ ਬਾਕੀ)*

ਗਾਹਕ ਬਹੁਤ ਹੈ, ਹੀਰੇ ਜਵਾਰਾਤ ਦੇ ਕੇ ਜੇ ਜੌਹਰੀ ਨਹੀਂ ਵੀ ਆਉਂਦਾ ਦੁਕਾਨ 'ਤੇ, ਗਾਹਕ ਆ ਗਿਆ, ਉਹਦਾ ਸੇਵਾਦਾਰ ਬੈਠਾ ਹੈ। ਉਹ ਕਹਿੰਦਾ ਜੇ ਤੁਸੀਂ ਸੱਚਮੁੱਚ ਗਾਹਕ ਹੋਂ ਤਾਂ ਮੈਂ ਜੌਹਰੀ ਨੂੰ ਘਰੋਂ ਬੁਲਾ ਦਿੰਦਾ ਹਾਂ। ਉਹ ਕਹਿੰਦੇ ਹਾਂ ਅਸੀਂ ਆਹ ਚੀਜ਼ਾਂ ਲੈਣੀਆਂ ਨੇ। ਉਹ ਨਿਰਣਾ ਕਰ ਲੈਂਦਾ ਹੈ ਕਿ ਹਾਂ ਗਾਹਕ ਨੇ ਸਹੀ ਇਹ। ਟੈਲੀਫੋਨ ਕਰ ਦਿੰਦਾ ਹੈ ਕਿ ਸ਼ਾਹ ਜੀ! ਐਸ ਤਰ੍ਹਾਂ ਦੇ ਕੋਈ ਵਪਾਰੀ ਆਏ ਹੋਏ ਨੇ ਤੇ ਹੀਰਾ ਲੈਣਾ ਚਾਹੁੰਦੇ ਨੇ, ਲਾਲ ਜਾਂ ਪੰਨੇ। ਉਹ ਆ ਜਾਂਦਾ ਹੈ, ਇੱਕ ਦੇ ਵਿਚੋਂ ਹੀ ਹਜ਼ਾਰਾ ਰੁਪਏ ਦਾ ਮੁਨਾਫਾ ਹੋ ਜਾਂਦਾ ਹੈ। ਤੂੜੀ ਦਾ ਜਿਹੜਾ ਵਪਾਰੀ ਹੈ, ਸਾਰਾ ਦਿਨ ਤੋਲਦਾ ਰਹਿੰਦਾ ਹੈ, ਕਿੰਨੀ ਕੁ ਉਸ ਤੋਂ ਗਾਹਕੀ ਹੋ ਜਾਂਦੀ ਹੈ, ਕਿੰਨੀ ਕੁ ਉਹਨੂੰ ਬਚਤ ਹੋ ਜਾਂਦੀ ਹੈ। ਸੋ ਨਾਮ ਦਾ ਵਪਾਰੀ ਕੋਈ-ਕੋਈ ਆਉਂਦਾ ਹੈ। ਜ਼ਿੰਦਗੀ 'ਚ ਇੱਕ ਅੱਧਾ ਲੱਭ ਜਾਵੇ, ਆ ਜਾਵੇ-ਆ ਜਾਵੇ। ਉਹ ਵੀ ਬੜੀ ਖੁਸ਼ਕਿਸਮਤੀ ਹੈ। ਉਹ ਜਿਹੜੀ window shopping ਵਾਲੀ ਦੁਨੀਆਂ ਹੈ ਉਹ ਤਾਂ ਬੇਅੰਤ ਆਉਂਦੀ ਹੈ। ਆਹ 17 ਸੈਕਟਰ, ਚੰਡੀਗੜ੍ਹ; ਸ਼ੀਸ਼ੇ ਦੇ ਵਿੱਚ ਚੀਜ਼ਾਂ ਰੱਖ ਦਿੰਦੇ ਨੇ ਸਾਡੀ ਦੁਕਾਨ 'ਚ ਆਹ ਚੀਜ਼ਾਂ ਨੇ। ਉਥੇ ਦੁਨੀਆਂ ਤੁਰੀ ਫਿਰਦੀ ਹੈ, ਦੇਖਦੇ ਨੇ ਖੜ੍ਹ-ਖੜ੍ਹ ਕੇ ਕਿ ਇਨ੍ਹਾਂ ਦੇ ਆਹ ਵੀ ਹੈ, ਆਹ ਵੀ ਹੈ; ਇਹਨੂੰ window shopping ਕਹਿੰਦੇ ਨੇ। ਲੈਣਾ ਦੇਣਾ ਕੁਛ ਵੀ ਨਹੀਂ। ਦੇਖੀ ਜਾਣਾ ਹੈ। ਇਸ ਤਰ੍ਹਾਂ ਸਾਧੂ ਮਹਾਂਪੁਰਸ਼ਾਂ ਦੇ ਕੋਲ window shopping ਵਾਲੇ ਤਾਂ ਲੱਖਾਂ ਆਉਂਦੇ ਨੇ। ਸਾਰੀ ਜ਼ਿੰਦਗੀ ਆਈ ਜਾਂਦੇ ਨੇ, ਵਪਾਰੀ ਕਦੀ-ਕਦੀ ਕੋਈ ਆਉਂਦਾ ਹੈ। ਸੋ ਮਹਾਰਾਜ ਕਹਿੰਦੇ ਜਿਹਦੇ 'ਤੇ ਦਇਆਲ ਹੋ ਜਾਂਦਾ ਹੈ ਨਾ, ਕਿ ਵਪਾਰੀ ਆ ਗਿਆ ਹੁਣ, ਸਤਿਗੁਰੂ ਸ਼ਾਹ ਆਪਣਾ ਦਰਵਾਜ਼ਾ ਖੋਲ੍ਹ ਲੈਂਦਾ ਹੈ।

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਅੰਗ - ੩੦੫*

ਜੀਵ ਤੇ ਬ੍ਰਹਮ ਦੀ ਏਕਤਾ ਵਾਲਾ ਉਪਦੇਸ਼ ਸ਼ਕਤੀ ਨਾਲ ਦਿੰਦਾ ਹੈ, ਉਹਦੇ ਜਿਹੜਾ ਹਿਰਦੇ 'ਚ ਉਤਰ ਜਾਵੇ, ਅੰਦਰ ਧੁਰ ਚਲਿਆ ਜਾਵੇ ਤੇ ਉਹਦੇ ਛੌੜ ਕੱਟ ਹੋ ਜਾਣ। ਫੇਰ ਉਹਦਾ ਦਰਜਾ ਕਿੱਡਾ ਹੋ ਜਾਂਦਾ ਹੈ -

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ - ੩੦੫*

ਜਿਹੜਾ ਆਪ ਵੀ ਨਾਮ ਜਪਦਾ ਹੈ, ਦੂਜਿਆਂ ਨੂੰ ਵੀ ਜਪਾਉਂਦਾ ਹੈ। ਉਨ੍ਹਾਂ ਦੀ ਗੁਰੂ ਸਾਹਿਬ ਕਹਿੰਦੇ ਮੈਂ ਵੀ ਧੂੜ ਮੰਗਦਾ ਹਾਂ।

ਇਹ ਬੇਨਤੀ ਮੈਂ ਤਾਂ ਕਰੀ ਹੈ ਕਿ ਅੰਮ੍ਰਿਤਸਰ ਦਾ ਨਹੀਂ ਸਾਨੂੰ ਪਤਾ। ਜਦੋਂ ਸਾਨੂੰ ਅੰਮ੍ਰਿਤਸਰ ਦੇ ਇਸ਼ਨਾਨ ਦਾ ਪਤਾ ਲਗ ਜਾਂਦਾ ਹੈ। ਮਹਾਰਾਜ ਕਹਿੰਦੇ ਨੇ -

*ਅੰਤਰਿ ਤੀਰਥੁ ਗਿਆਨੁ ਹੈ*
*ਸਤਿਗੁਰਿ ਦੀਆ ਬੁਝਾਇ ॥ ਅੰਗ - ੫੮੭*

ਜਿੰਨਾ ਚਿਰ ਗਿਆਨ ਨਹੀਂ ਹੁੰਦਾ, ਓਨਾਂ ਚਿਰ ਕੋਈ ਗੱਲ ਨਹੀਂ ਬਣਦੀ। ਉਹ ਗਿਆਨ ਦਾ ਜਿਹੜਾ ਅਨੁਭਵ ਹੈ ਮਹਾਰਾਜ ਕਹਿੰਦੇ ਅੰਦਰਲਾ ਤੀਰਥ ਉਹ ਹੈ। ਓਸ ਤੀਰਥ ਵਿੱਚ ਅਸੀਂ ਇਸ਼ਨਾਨ ਕਰਨਾ ਹੈ।

*ਮੈਲੁ ਗਈ ਮਨੁ ਨਿਰਮਲੁ ਹੋਆ*
*ਅੰਮ੍ਰਿਤ ਸਰਿ ਤੀਰਥਿ ਨਾਇ ॥ ਅੰਗ - ੫੮੭*

ਹੁਣ ਸਾਰੀ ਜਨਮਾਂ-ਜਨਮਾਂਤਰਾਂ ਦੀ ਮੈਲ ਲਹਿ ਗਈ ਤੇ ਮਨ ਨਿਰਮਲ ਹੋ ਗਿਆ, ਜਦੋਂ ਮਨ ਨਿਰਮਲ ਹੋ ਗਿਆ -

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥*
*ਅੰਗ - ੧੩੬੭*

ਕਬੀਰ ਸਾਹਿਬ ਕਹਿੰਦੇ ਪਹਿਲਾਂ ਤਾਂ ਅਸੀਂ ਕਹਿੰਦੇ ਸੀਗੇ 'ਰਾਮ-ਰਾਮ-ਰਾਮ' ਕਹਿੰਦੇ ਹੁਣ ਰੱਬ ਕਹਿੰਦਾ ਹੈ 'ਕਬੀਰ ਕਬੀਰ ਕਬੀਰ'। ਉਹ ਕਿਉਂ ਕਹਿੰਦਾ ਹੈ ਕਿਉਂਕਿ ਮਨ ਨਿਰਮਲੁ ਹੋ ਗਿਆ। ਮੈਲ ਲਹਿ ਗਈ, ਹਉਮੈ ਦੀ ਅੰਸ ਖਤਮ ਹੋ ਗਈ। ਉਹ ਹੁਣ ਪਛਾਣ ਨਹੀਂ ਸਕਦੇ। ਪਤਾ ਨਹੀਂ ਲਗਦਾ -

*ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥*
*ਅੰਗ - ੯੬੯*

ਹੁਣ ਪਤਾ ਨਹੀਂ ਕਿ ਕਬੀਰ ਕਿਹੜਾ ਹੈ ਤੇ ਰਾਮ ਕਿਹੜਾ ਹੈ, ਦੋਵੇਂ ਇਕ-ਮਿਕ ਹੋ ਗਏ।

*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥ ਅੰਗ - ੨੭੮*

ਜਿਵੇਂ ਪਾਣੀ 'ਚ ਪਾਣੀ ਆ ਕੇ ਰਲ ਗਿਆ, ਟੋਲ ਕੇ ਦੇਖੋ ਕਿ ਉਹ ਪਾਣੀ ਕਿੱਥੇ ਗਿਆ ਫਲਾਣੇ ਦਰਿਆ ਵਾਲਾ। ਲੱਭਦਾ ਹੈ ਕਿਤੇ, ਉਹ ਤਾਂ ਪਾਣੀ 'ਚ ਰਲ ਗਿਆ। ਸੋ ਉਸ ਤੀਰਥ ਦੇ ਉੱਤੇ ਇਸ਼ਨਾਨ ਕਰਨ ਦੇ ਨਾਲ ਇੱਕ ਤਾਂ ਮੈਲ ਗਈ, ਇਕ ਮਨ ਨਿਰਮਲ ਹੋ ਗਿਆ। ਹੋਇਆ ਕਾਹਦੇ ਨਾਲ?

*........ਅੰਮ੍ਰਿਤ ਸਰਿ ਤੀਰਥਿ ਨਾਇ ॥ ਅੰਗ - ੫੮੭*

ਅੰਮ੍ਰਿਤਸਰ ਤੀਰਥ ਨਾਲ ਇਸ਼ਨਾਨ ਕਰ ਲਿਆ ਅਸੀਂ। ਅੰਦਰੋਂ ਤੀਰਥ ਲੱਭ ਗਿਆ। ਜਿਹਨੂੰ ਲੱਭ ਗਿਆ, ਉਹ ਜਿੱਥੇ ਪੈਰ ਧਰਦਾ ਹੈ, ਉਥੇ ਤੀਰਥ ਬਣ ਜਾਂਦਾ ਹੈ, ਜਿੱਥੇ ਚਰਨ ਰਖਦਾ ਹੈ ਉਥੇ ਹੀ ਤੀਰਥ, ਜਿਥੇ ਚਰਨ ਰਖਦਾ ਹੈ ਉਥੇ ਹੀ ਤੀਰਥ। ਉਹ ਜੰਗਮ ਤੀਰਥ ਬਣ ਜਾਂਦਾ ਹੈ, ਥਾਂ-ਥਾਂ। ਜਿਥੇ ਬਹਿ ਗਿਆ ਉਥੇ ਤੀਰਥ, ਜਿਥੇ ਤੁਰਿਆ ਜਾਂਦਾ ਹੈ ਉਥੇ ਤੀਰਥ, ਥੋੜ੍ਹਾ ਨਹੀਂ 68 ਤੀਰਥ ਬਣਦੇ ਤੁਰੇ ਜਾਂਦੇ ਨੇ, ਜਿੱਥੇ ਉਹ ਪੈਰ ਰਖਦਾ

ਹੈ, ਜਿਹਨੂੰ ਓਸ ਤੀਰਥ ਦਾ ਥਾਉ ਲਗ ਗਿਆ।

*ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥*

*ਅੰਗ - ੯੯੦*

68 ਤੀਰਥ ਬਣ ਜਾਂਦੇ ਨੇ ਜਿੱਥੇ ਸਾਧੂ ਪੈਰ ਧਰ ਦੇਵੇ। ਤੀਰਥ ਹੀ ਨਹੀਂ ਬਣਦੇ -

*ਤਹ ਬੈਕੁੰਠੁ ਜਹ ਨਾਮੁ ਉਚਰਹਿ ॥ ਅੰਗ - ੯੯੦*

ਜਿੱਥੇ ਨਾਮ ਦਾ ਉਚਾਰਨ ਹੁੰਦਾ ਹੈ ਉਥੇ ਬੈਕੁੰਠ ਬਣਾ ਦਿੰਦਾ ਹੈ। ਕਹਿੰਦੇ -

*ਜਨ ਕੀ ਧੂਰਿ ਕੀਓ ਮਜਨੁ ਨਾਨਕ*
*ਜਨਮ ਜਨਮ ਕੇ ਹਰੇ ਕਲੰਗਾ ॥ ਅੰਗ - ੯੨੮*

ਐਸੇ ਮਹਾਤਮਾ ਦੇ ਚਰਨਾਂ ਦੀ ਧੂੜ ਲੈ ਕੇ ਇਸ਼ਨਾਨ ਕਰਿਆ, ਉਹਦੇ ਬਚਨ ਸੁਣੇ। ਮਨ ਦਾ ਇਸ਼ਨਾਨ ਕਰਾਇਆ, ਉਹਦਾ ਫਲ ਕੀ ਹੋਇਆ? ਕਰੋੜਾਂ ਜਨਮਾਂ ਦੇ ਪਾਪ ਮਿੰਟ 'ਚ ਲਾਹ ਕੇ ਪਰ੍ਹੇ ਮਾਰੇ। ਮਹਾਰਾਜ ਕਹਿੰਦੇ ਹੁਣ ਤੀਰਥ ਨੂੰ ਜਾਣ ਗਏ। ਇਹ ਤੀਰਥ ਦਾ ਪਤਾ ਲਗ ਗਿਆ ਤੁਹਾਨੂੰ। ਜਿਹਨੇ ਇਸ ਤੀਰਥ ਨੂੰ ਜਾਣ ਲਿਆ, ਪਵਿੱਤਰ ਹੀ ਨਹੀਂ ਹੋ ਗਿਆ, ਉਹ ਪੁਨੀਤ ਹੋ ਗਿਆ-

*ਧਾਰਨਾ - ਮਾਘਿ ਪੁਨੀਤ ਭਏ*
*ਤੀਰਥ ਅੰਤਰਿ ਜਾਨਿਆ।*

ਗੁਰੂ ਮਹਾਰਾਜ ਨੇ ਗੁੰਝਲ ਖੋਲ੍ਹ ਦਿੱਤੀ। ਅੰਮ੍ਰਿਤਸਰ ਦਾ ਵੀ ਪਤਾ ਦਸ ਦਿਤਾ, ਨਾਲ ਇਹ ਕਹਿ ਦਿੱਤਾ ਕਿ ਜਿਹੜਾ ਇਸ਼ਨਾਨ ਕਰਦਾ ਹੈ। ਉਹ ਪਵਿੱਤਰ ਹੀ ਨਹੀਂ ਹੋਇਆ, ਪੁਨੀਤ ਹੋ ਗਿਆ। ਸੌ ਗੁਣਾਂ ਵੱਧ ਪਵਿੱਤਰ ਤੋਂ ਪੁਨੀਤ ਹੋਇਆ ਕਰਦਾ ਹੈ। ਕਹਿੰਦੇ ਮਾਘਿ ਦੇ ਮਹੀਨੇ ਅਸੀਂ ਇਸ਼ਨਾਨ ਕਰਿਆ ਤੇ ਪਵਿੱਤਰ ਹੋ ਗਏ। ਕਿਉਂਕਿ ਸਾਨੂੰ ਅੰਦਰਲੇ ਤੀਰਥ ਦਾ ਪਤਾ ਲਗ ਗਿਆ।

*ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥*
*ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ॥*

*ਅੰਗ - ੧੧੦੯*

ਹੁਣ ਕੀ ਹੋਇਆ, ਨਹਾ ਲਏ। ਸਰੀਰ ਖੁਸ਼ਬੂਦਾਰ ਹੋ ਗਿਆ ਅੰਦਰਲਾ। ਸੁਗੰਧੀਆਂ ਆਉਣ ਲਗ ਗਈਆਂ, ਮੈਲ ਹਟ ਗਈ, ਜਿਹੜਾ ਅੰਦਰ ਰਹਿੰਦਾ ਸੱਜਣ ਸੀ, ਉਹਨੂੰ ਪਿਆਰੇ ਲੱਗੇ ਉਹਨੇ ਖਿੱਚ ਕੇ ਆਪਣੇ ਨਾਲ ਮਿਲਾ ਲਿਆ। ਪਹਿਲਾਂ ਕਿਉਂ ਨਹੀਂ ਸੀ ਮਿਲਾਉਂਦਾ। ਮਹਾਰਾਜ ਕਹਿੰਦੇ ਪਹਿਲਾਂ ਗੰਦੇ ਸਰੀਰ ਨੂੰ ਕੋਈ ਲਾਉਂਦਾ ਹੈ ਨੇੜੇ, ਬਦਬੂ ਮਾਰਦੀ ਹੋਵੇ। ਕਿਹੜਾ ਬੰਦਾ ਹੈ ਜਿਹੜਾ ਕੋਲ ਬਿਠਾਲ ਲਏਗਾ, ਨੱਕ ਬੰਦ ਕਰਨਾ ਪੈਂਦਾ ਹੈ। ਡਰ ਜਾਂਦਾ ਹੈ ਕਿ ਇਹਦਾ ਸਾਹ ਨਾ ਮੈਨੂੰ ਕਿਤੇ ਆ ਜਾਵੇ। ਉਹ ਜਦੋਂ ਸੁਥਰਾ ਹੈ, ਬਹੁਤ ਹੀ ਸੋਹਣਾ ਸੁੰਦਰ ਹੋ ਗਿਆ। ਮੈਲ ਦਾ ਨਾਮ ਨਿਸ਼ਾਨ ਨਹੀਂ ਰਿਹਾ, ਕਹਿੰਦੇ ਉਹਨੇ ਗਹਿ ਕੇ ਅੰਕ ਸਮਾਨਿਆ, ਬਾਹਾਂ ਵਿੱਚ ਲੈ ਲਿਆ।

*ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ*
*ਤੁਧੁ ਭਾਵਾ ਸਰਿ ਨਾਵਾ ॥ ਅੰਗ - ੧੧੦੯*

ਤੈਨੂੰ ਭਾਇਆ ਤਾਂ ਮੈਨੂੰ ਇਹ ਤੀਰਥ ਲੱਭਿਆ ਤਾਂ ਮੈਂ ਨਾਤ੍ਹਾ ਇਹਦੇ ਵਿੱਚ। ਆਪਣਾ ਅਹੰਕਾਰ ਨਹੀਂ ਕਰਦੇ ਕਿ ਮੈਂ ਟੋਲ੍ਹ ਲਿਆ ਤੀਰਥ। ਕਹਿੰਦੇ -

*ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ॥*

*ਅੰਗ - ੧੧੦੯*

ਉਥੇ ਗੰਗਾ, ਜਮੁਨਾ ਤੇ ਸੁਰਸਤੀ ਦਾ ਸੰਗਮ ਹੋ ਗਿਆ, ਜਿਵੇਂ ਇਲਾਹਬਾਦ ਸੰਗਮ ਹੁੰਦਾ ਹੈ, ਉਥੇ ਦੁਨੀਆਂ ਜਾ ਕੇ ਇਸ਼ਨਾਨ ਕਰਦੀ ਹੈ। ਮਹਾਰਾਜ ਕਹਿੰਦੇ, ਤੁਹਾਡੇ ਅੰਦਰ ਹੀ ਹੈ। ਸੱਤਾਂ ਸਮੁੰਦਰਾਂ 'ਚ ਸਮਾਅ ਗਿਆ।

*ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ॥*
*ਨਾਨਕ ਮਾਘਿ ਮਹਾ ਰਸੁ ਹਰਿ ਜਪਿ*
*ਅਠਸਠਿ ਤੀਰਥ ਨਾਤਾ ॥ ਅੰਗ - ੧੧੦੯*

ਮਹਾਨ ਰਸ ਦਾ ਪਤਾ ਲਗ ਗਿਆ ਕਿ ਹਰੀ ਦਾ ਨਾਮ ਜਪ ਕੇ। ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਿਆ ਅੰਦਰ ਹੀ। ਨਾ ਪੈਸਾ ਖਰਚਣ ਦੀ ਲੋੜ, ਨਾ ਨੱਠਣ ਭੱਜਣ ਦੀ ਲੋੜ। ਇੱਥੇ ਅੰਦਰ ਹੀ ਪਿਆ ਹੈ ਸਭ ਕੁਛ। ਸਾਰੇ ਤੀਰਥ ਅੰਦਰ ਪਏ ਨੇ। ਦੌੜੇ ਜਾਂਦੇ ਹਾਂ ਅਸੀਂ ਕਿ ਫਲਾਣੇ ਥਾਂ 'ਤੇ ਰੱਬ ਰਹਿੰਦਾ ਹੈ, ਫਲਾਣੇ ਥਾਂ 'ਤੇ ਗੁਰੂ ਰਹਿੰਦਾ ਹੈ। ਕਿਉਂ ਦੌੜਦੇ ਹਾਂ ਕਿਉਂਕਿ ਅੰਦਰ ਦਾ ਪਤਾ ਨਹੀਂ। ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ ਪਿਆਰਿਓ-

*ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥ ਅੰਗ - ੧੧੯੫*

ਤੁਹਾਡੇ ਅੰਦਰ ਹੀ ਹੈ ਜਿਹਨੂੰ ਤੁਸੀਂ ਟੋਲ੍ਹਦੇ ਫਿਰਦੇ ਓਂ, ਕਿਉਂ ਨੱਠੇ ਫਿਰਦੇ ਓਂ। ਉਥੇ ਫੇਰ ਨਹੀਂ ਲੱਭਣਾ, ਕਿਉਂਕਿ ਤੁਹਾਡੇ ਕੋਲ ਉਹ ਅੱਖ ਨਹੀਂ ਹੈ ਜਿਹਦੇ ਨਾਲ ਉਹ ਦਿਸਦਾ ਹੈ। ਉਹ ਜੇ ਅੱਖ ਇੱਥੇ ਖੁਲ੍ਹ ਗਈ ਤਾਂ ਇੱਥੇ ਹੀ ਦਿਸਦਾ ਹੈ। ਕਬੀਰ ਸਾਹਿਬ ਕਹਿੰਦੇ ਕਿ ਮੈਨੂੰ ਕਹੀ ਗਏ ਕਿ ਰੱਬ ਮੱਕੇ ਰਹਿੰਦਾ ਹੈ। ਮੈਂ ਉਨ੍ਹਾਂ ਦੀ ਗੱਲ ਮੰਨ ਲਈ। ਕਬੀਰ ਸਾਹਿਬ! ਜੇ ਤੁਹਾਨੂੰ ਨਾ ਦਿਖਾਇਆ ਰੱਬ ਤਾਂ ਤੁਸੀਂ ਜੋ ਕਰਨਾ ਹੈ ਕਰ ਲੈਣਾ ਸਾਡੇ ਨਾਲ। ਕਹਿੰਦੇ ਮੈਂ ਉਨ੍ਹਾਂ ਦੀ ਗੱਲ ਮੰਨ ਲਈ ਤੇ ਮੈਂ ਕਾਹਬੇ ਨੂੰ ਤੁਰ ਪਿਆ ਕਿ ਚੱਲ ਇਹ ਹੱਜ ਕਰਨ ਜਾਂਦੇ ਹਾਂ ਆਪਾਂ ਵੀ ਕਰ ਆਉਂਦੇ ਹਾਂ। ਨਾਲੇ ਰੱਬ ਨੂੰ ਦੇਖ ਆਵਾਂਗੇ ਕਿਹੋ ਜਿਹਾ ਹੈ, ਇਨ੍ਹਾਂ ਦਾ ਰੱਬ। ਕਹਿੰਦੇ ਜਦੋਂ ਮੈਂ ਘਰੋਂ ਕਦਮ ਪੁੱਟਿਆ ਗਲੀ 'ਚ। ਮੈਂ ਕੀ ਦੇਖਦਾ ਹਾਂ ਕਿ ਸਾਮ੍ਹਣੇ ਰੱਬ ਖੜ੍ਹਾ ਹੈ। ਉਹ ਕਹਿੰਦਾ ਕਿ ਕਬੀਰਾ! ਇਹ ਤਾਂ ਮੂਰਖ ਬੰਦੇ ਨੇ, ਤੂੰ ਇਨ੍ਹਾਂ ਮੂਰਖਾਂ ਦਾ ਕਹਿਣਾ ਕਿਵੇਂ ਮੰਨ ਲਿਆ।

*ਕਬੀਰ ਹਜ ਕਾਬੇ ਹਉ ਜਾਇ ਥਾ*
*ਆਗੈ ਮਿਲਿਆ ਖੁਦਾਇ ॥*

*ਸਾਂਈ ਮੁਝ ਸਿਉ ਲਰਿ ਪਰਿਆ*
*ਤੁਝੈ ਕਿਨਿ ਫੁਰਮਾਈ ਗਾਇ ॥* ਅੰਗ - ੧੩੭੫

ਮਾੜਾ ਮੋਟਾ ਨਹੀਂ ਗੁੱਸੇ ਹੋਇਆ, ਲੜ ਪਿਆ ਚੰਗੀ ਤਰ੍ਹਾਂ ਨਾਲ। ਕਹਿੰਦਾ, ਕਿਹੜੇ ਕਮਲੇ ਨੇ ਤੈਨੂੰ ਦਸ ਦਿਤਾ ਕਿ ਮੈਂ ਕਾਹਬੇ 'ਚ ਰਹਿੰਦਾ ਹਾਂ, ਮੈਂ ਫਲਾਣੀ ਜਗ੍ਹਾ ਰਹਿੰਦਾ ਹਾਂ।

*ਦਖਨ ਦੇਸਿ ਹਰੀ ਕਾ ਬਾਸਾ*
*ਪਛਿਮਿ ਅਲਹ ਮੁਕਾਮਾ॥* ਅੰਗ - ੧੩੪੯

ਆਪੇ ਹੀ ਵੰਡ ਲਿਆ ਮੈਨੂੰ ਕਿ ਪੱਛਮ 'ਚ ਰਹਿੰਦਾ ਹੈ ਅੱਲਾਹ ਤੇ ਇਧਰ ਹਰੀ ਰਹਿੰਦਾ ਹੈ। ਐਹੋ ਜਿਹੇ ਮੂਰਖਾਂ ਦਾ ਕਹਿਣਾ ਤੂੰ ਮੰਨ ਲਿਆ। ਕਹਿੰਦਾ, ਮੈਂ ਤਾਂ ਘਰ ਹੀ ਹਾਂ, ਬਾਹਰ ਨਹੀਂ ਹਾਂ। ਗੁਰੂ ਨੇ ਦਿਖਾਲ ਦਿੱਤਾ ਮੈਨੂੰ ਕਿ ਇਹ ਤਾਂ ਅੰਦਰ ਹੀ ਰਹਿੰਦਾ ਹੈ, ਕੋਲ ਹੀ ਰਹਿੰਦਾ ਹੈ, ਮੇਰੇ ਨਾਲੋਂ ਕਦੇ ਵਿਛੜਦਾ ਹੀ ਨਹੀਂ ਹੈ। ਅਸੀਂ ਕਦੇ ਅੱਡ ਹੀ ਨਹੀਂ ਹੁੰਦੇ। ਸੋ -

*ਨਾਨਕ ਮਾਘਿ ਮਹਾ ਰਸੁ ਹਰਿ ਜਪਿ*
*ਅਠਸਠਿ ਤੀਰਥ ਨਾਤਾ ॥* ਅੰਗ - ੧੧੦੯

68 ਤੀਰਥ ਨਹਾ ਲਏ। ਬਾਂਗਾਂ ਦਿੰਦਾ ਸੀ, ਉੱਚੀ-ਉੱਚੀ ਖੜ੍ਹਾ। ਕਬੀਰ ਸਾਹਿਬ ਕਹਿੰਦੇ, ਮੁੱਲਾਂ ਜੀ ਕੀ ਕਰ ਰਹੇ ਓਂ? ਉੱਚੀ-ਉੱਚੀ ਹਾਕਾਂ ਮਾਰਦਾ ਹੈਂ ਅੱਲਾਹ ਹੂ ਅਕਬਰ, ਕਹਿੰਦੇ ਸਾਂਈ ਬਹਿਰਾ ਹੈ?

*ਦਖਨ ਦੇਸਿ ਹਰੀ ਕਾ ਬਾਸਾ*
*ਪਛਿਮਿ ਅਲਹ ਮੁਕਾਮਾ ॥* ਅੰਗ - ੧੩੭੪

ਉਥੇ ਮੈਨੂੰ ਬ੍ਰਹਿਮਿੰਘਮ, ਇੰਗਲੈਂਡ 'ਚ ਸਿੰਘ ਮਿਲੇ। ਕਹਿੰਦੇ ਅਸੀਂ ਉੱਚੀ-ਉੱਚੀ ਸ਼ਬਦ ਪੜ੍ਹਦੇ ਹੁੰਦੇ ਹਾਂ। ਇੱਕ ਦਿਨ ਗੋਰੇ ਸਾਡੇ ਨਾਲ ਸੀ। ਉਹ ਕਹਿੰਦੇ, ਸਿੰਘੋ! ਤੁਸੀਂ ਬਹੁਤ ਉੱਚੀ-ਉੱਚੀ ਗਾਉਂਦੇ ਓਂ, ਵਾਹਿਗੁਰੂ-ਵਾਹਿਗੁਰੂ, ਇਹ ਕੀ ਗੱਲ? ਉਹ ਕਹਿੰਦਾ, ਸਾਥੀ ਸਾਡੇ ਵਾਲਾ ਰੱਬ ਬੋਲਾ ਹੈ, ਤਾਂ ਵੀ ਨਹੀਂ ਸੁਣਦਾ, ਐਨਾ ਰੌਲਾ ਪਾਉਣ ਤੋਂ ਵੀ। ਉਹਦੀ ਤਰਕ ਸੀ, ਉਹਨੇ ਸਹੀ ਗੱਲ ਕਹਿ ਦਿੱਤੀ ਕਿ ਰੱਬ ਤਾਂ ਅੰਦਰ ਬੈਠਾ ਹੈ। ਅੰਦਰ ਜਾਣ ਦਾ ਪਤਾ ਲਗ ਜਾਵੇ, ਤਾਂ ਜਾ ਕੇ ਰੱਬ ਨਾਲ ਮੇਲ ਹੁੰਦਾ ਹੈ। ਮਹਾਰਾਜ ਕਹਿੰਦੇ ਜਿਨ੍ਹਾਂ ਨੂੰ ਤੀਰਥ ਦਾ ਪਤਾ ਲਗ ਗਿਆ ਉਹ ਪੁਨੀਤ ਹੋ ਗਏ ਤੇ ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਿਆ। ਐਸੇ ਜਿਹੜੇ ਪ੍ਰੇਮੀ ਨੇ ਜਿਨ੍ਹਾਂ ਨੂੰ ਇਹ ਗੱਲਾਂ ਦਾ ਪਤਾ ਲਗ ਜਾਂਦਾ ਹੈ, ਉਨ੍ਹਾਂ ਦੀ ਧੂੜ ਮੰਗਦੇ ਹਾਂ ਅਸੀਂ -

*ਜਨ ਕੀ ਧੂਰਿ ਕੀਓ ਮਜਨੁ ਨਾਨਕ*
*ਜਨਮ ਜਨਮ ਕੇ ਹਰੇ ਕਲੰਗਾ ॥* ਅੰਗ - ੮੨੮

ਉਨ੍ਹਾਂ ਦੀ ਧੂੜੀ ਨਾਲ ਇਸ਼ਨਾਨ ਕਰਕੇ, ਕਰੋੜਾਂ ਜਨਮਾਂ ਦੇ ਜਿਹੜੇ ਪਾਪ ਸੀ ਉਹ ਲਹਿ ਗਏ। ਕਹਿੰਦੇ, ਅਸੀਂ ਤਾਂ ਮੰਗਦੇ ਹੀ ਹਾਂ ਜਿਹੜੇ ਦੇਵਤੇ ਨੇ ਅਠਾਹਠ ਤੀਰਥਾਂ ਦੇ, ਉਹ ਵੀ ਉਹਦੇ ਚਰਨਾਂ ਦੀ ਧੂੜ ਮੰਗਦੇ ਨੇ-

*ਧਾਰਨਾ - ਤੀਰਥ ਵੀ ਲੋਚਦੇ*
*ਸੰਤਾਂ ਦੀ ਧੂੜੀ ਤਾਂਈ।*

ਗੰਗਾ, ਜਮੁਨਾ, ਗੋਦਾਵਰੀ, ਸੁਰਸਤੀ ਇਹ ਵੱਡੇ ਤੀਰਥ ਇਨ੍ਹਾਂ ਦੇ ਦੇਵਤੇ -

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥* ਅੰਗ - ੧੨੬੩

ਉਦਮ ਕਰਦੇ ਨੇ ਕਿ ਜਿਨ੍ਹਾਂ ਨੇ ਅੰਦਰਲੇ ਤੀਰਥ 'ਤੇ ਇਸ਼ਨਾਨ ਕਰ ਲਿਆ, ਕਰੋੜਾਂ ਪਾਪਾਂ ਨੂੰ ਦੂਰ ਕਰ ਦਿੱਤਾ, ਓਸ ਸਾਧੂ ਦੀ ਧੂੜੀ ਸਾਨੂੰ ਵੀ ਮਿਲਣੀ ਚਾਹੀਦੀ ਹੈ।ਕਿਉਂਕਿ -

*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥* ਅੰਗ - ੧੨੬੩

ਸੋ ਅਠਾਹਠ ਤੀਰਥ ਦੇ ਜਿਹੜੇ ਅਭਿਮਾਨੀ ਦੇਵਤੇ ਨੇ, ਉਹ ਕਹਿੰਦੇ ਸਾਡੇ ਵਿੱਚ ਪਾਪੀਆਂ ਨੇ ਨਹਾ-ਨਹਾ ਕੇ ਮੈਲ ਛੱਡ ਦਿੱਤੀ। ਅਸੀਂ ਕਾਲੇ ਹੋ ਗਏ ਤੇ ਸਾਡੀ ਜਿਹੜੀ ਮੈਲ ਹੈ, ਜੇ ਸਾਧੂ ਦੀ ਧੂੜ ਮਿਲ ਜਾਵੇ, ਉਹ ਸਾਧੂ ਜਿਹੜਾ ਅੰਦਰਲੇ ਤੀਰਥ ਵਿੱਚ ਇਸ਼ਨਾਨ ਕਰਦਾ ਹੈ। ਅਸੀਂ ਵੀ ਪਵਿੱਤਰ ਹੋ ਜਾਈਏ।

*ਤੀਰਥਿ ਅਠਸਠਿ ਮਜਨੁ ਨਾਈ ॥*
*ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ*
*ਸਭ ਦੁਰਮਤਿ ਮੈਲੁ ਗਵਾਈ ॥* ਅੰਗ - ੧੨੬੩

ਜਿੰਨੀ ਖੋਟੀ ਮਤ ਸੀ ਸਾਰੀ ਦੂਰ ਹੋ ਗਈ ਤੇ ਇਹ ਧੂੜੀ ਦੇ ਵਿੱਚ ਬਰਕਤ ਹੈ।

ਇਕ ਵਾਰੀ ਇਕ ਕੋਈ ਸੌਦਾਗਰ ਸੀ ਲਾਹੌਰ ਵਿੱਚ ਰਹਿੰਦਾ। ਉਹ ਬਾਹਰ ਗਿਆ ਹੋਇਆ ਸੀ, ਘਰਵਾਲੀ ਸੀ। ਉਥੇ ਇੱਕ ਬਹੁਤ ਉੱਚ ਕੋਟੀ ਦੇ ਮਹਾਤਮਾ ਰਹਿੰਦੇ ਸੀ, ਬੀਤਰਾਗ ਅਵਸਥਾ ਦੇ। ਐਸਾ ਹੋਇਆ ਕਿ ਉਹ ਇੱਕ ਦਿਨ ਇਸ਼ਨਾਨ ਕਰਕੇ ਤੀਸਰੀ ਮੰਜ਼ਲ 'ਤੇ ਖੜ੍ਹੀ ਵਾਲ ਸੁਕਾ ਰਹੀ ਸੀ ਤੇ ਓਧਰਲੇ ਪਾਸੇ ਲਾਹੌਰ ਦਾ ਨਵਾਬ ਸੀ, ਉਹ ਵੀ ਉੱਤੇ ਚੜ੍ਹਿਆ ਹੋਇਆ ਸੀ। ਉਹਦੀ ਨਿਗ੍ਹਾਂ ਉਸ ਬੀਬੀ 'ਤੇ ਪੈ ਗਈ, ਦੇਖਿਆ ਕਿ ਬਹੁਤ ਸੁੰਦਰ ਸਡੌਲ ਸਰੀਰ ਹੈ, ਮੰਦ ਬਿਰਤੀ ਜਾਗ ਪਈ। ਹੇਠਾਂ ਆ ਗਿਆ, ਆ ਕੇ ਕਹਿਣ ਲੱਗਿਆ ਕਿ ਔਹ ਜਿਹੜਾ ਮਕਾਨ ਹੈ, ਦੇਖੋ ਔਹ ਜਿਹੜੀ ਔਰਤ ਹੈ ਮੇਰੇ ਕੋਲ ਲੈ ਕੇ ਆਓ ਉਹਨੂੰ। ਉਹ ਵਜ਼ੀਰ ਸਿਆਣਾ ਸੀ, ਕਾਜ਼ੀ ਜਿਹੜਾ ਸੀ ਇਨਸਾਫ ਕਰਦਾ ਸੀ, ਉਹ ਕਹਿੰਦਾ ਹਜ਼ੂਰ! ਇਸ ਤਰ੍ਹਾਂ ਜੇ ਮੰਗਾਇਆ ਤਾਂ ਬਦਨਾਮੀ ਬਹੁਤ ਹੋ ਜਾਏਗੀ। ਕਹਿੰਦੇ ਫੇਰ? ਉਹ ਤਾਂ ਆਉਣੀ ਚਾਹੀਦੀ ਹੈ। ਕਹਿੰਦਾ ਮੇਰੇ ਕੋਲ ਮੰਤਰ ਬਲ ਹੈ, ਮੈਂ ਮੰਤਰ ਬਲ ਨਾਲ

ਮੰਗਾ ਦਿੰਦਾ ਹਾਂ। ਸਿਪਾਹੀ ਕਹਿੰਦਾ ਭੇਜ ਦਓ ਪਹਿਲਾਂ, ਜੇ ਤਾਂ ਐਵੇਂ ਹੀ ਆ ਜਾਵੇ ਤਾਂ ਫੇਰ ਠੀਕ ਹੈ। ਸਿਪਾਹੀ ਭੇਜ ਦਿੱਤੇ, ਉਨ੍ਹਾਂ ਨੇ ਕਿਹਾ ਕਿ ਤੈਨੂੰ ਨਵਾਬ ਸਾਹਿਬ ਬੁਲਾਉਂਦੇ ਨੇ। ਉਹ ਕਹਿਣ ਲੱਗੀ ਕਿ ਦੇਖ, ਮੈਂ ਹਾਂ ਪਤੀਵਰਤਾ ਇਸਤਰੀ ਤੇ ਮੈਂ ਪਰਪੁਰਖ ਬਾਰੇ ਕਦੇ ਸੋਚ ਵੀ ਨਹੀਂ ਸਕਦੀ। ਮੈਂ ਨਹੀਂ ਆਉਣਾ, ਚਾਹੇ ਮੇਰੇ ਟੁਕੜੇ-ਟੁਕੜੇ ਹੋ ਜਾਣ। ਉਹ ਕਹਿੰਦਾ, ਬੀਬੀ! ਤੇਰੇ ਬਾਲ ਬੱਚੇ ਮਾਰ ਦਏਗਾ ਉਹ। ਤੇਰੇ ਪਤੀ ਨੂੰ ਕੈਦ ਕਰ ਦਏਗਾ। ਕਹਿੰਦੀ, ਕੁਛ ਵੀ ਹੋ ਜਾਵੇ, ਮੈਂ ਆਪਣਾ ਪਤੀਵਰਤਾ ਧਰਮ ਨਿਭਾਉਣਾ ਹੈ। ਕਾਜ਼ੀ ਕਹਿਣ ਲੱਗਿਆ ਕਿ ਤੁਸੀਂ ਇਸ ਤਰ੍ਹਾਂ ਨਾ ਕਰੋ। ਮੰਤਰ ਪੜ੍ਹਿਆ ਮੰਜੇ ਦੇ ਪਾਵੇ ਹੇਠ ਦੱਬ ਦਿੱਤਾ। ਉਹਦੇ ਵੀ ਮਨ 'ਚ ਸੋਚ ਆ ਗਈ ਕਿ ਜੇ ਬੱਚੇ ਮਾਰ ਦਿੱਤੇ, ਪਤੀ ਮਾਰ ਦਿੱਤਾ। ਬੜਾ ਮਾੜਾ ਕੰਮ ਹੋਊ। ਸੋਚ-ਸੋਚ ਕੇ ਕਹਿਣ ਲੱਗੀ ਕਿ ਮੈਨੂੰ ਜਾਣਾ ਚਾਹੀਦਾ ਹੈ। ਕਪੜੇ ਬਦਲਣ ਲਗ ਗਈ। ਦੂਸਰਾ ਮੰਤਰ ਦੱਬ ਦਿੱਤਾ ਤਾਂ ਉਸ ਵੇਲੇ ਜਾਣ ਨੂੰ ਬਿਲਕੁਲ ਤਿਆਰ ਹੋ ਗਈ, ਸ਼ਿਗਾਰ ਲਾਉਣ ਲਗ ਗਈ। ਤੀਸਰ ਪਾਵੇ ਥੱਲੇ ਜਦ ਮੰਤਰ ਦੱਬਿਆ, ਤਿਆਰੀ ਕਰ ਲਈ ਬਾਹਰ ਨਿਕਲਣ ਦੀ, ਤਾਲਾ ਲਾ ਦਿੱਤਾ। ਚੌਥੇ ਮੰਤਰ ਵੇਲੇ ਖਿੱਚੀ ਓਧਰ ਨੂੰ ਹੀ ਜਾਂਦੀ ਹੈ, ਜਿਧਰੋਂ ਮੰਤਰ ਪੜ੍ਹਿਆ ਹੈ। ਰਸਤੇ 'ਚ ਮਹਾਤਮਾ ਬੈਠੇ ਸੀ, ਇਹਦੇ ਖਿਆਲ 'ਚ ਆਇਆ ਕਿ ਮੈਂ ਮੱਥਾ ਟੇਕ ਜਾਵਾਂ। ਜਦ ਮੱਥਾ ਟੇਕਣ ਲੱਗੀ ਤਾਂ ਮਹਾਤਮਾ ਨੇ ਇਕਦਮ ਸਾਰਾ ਮੱਥਾ ਪੜ੍ਹ ਲਿਆ ਕਿ ਇਹਦੇ ਤਾਂ ਮਨ ਵਿੱਚ ਵਿਕਾਰ ਹੈ। ਕਹਿਣ ਲੱਗੇ, ਬੇਟਾ! ਤੇਰਾ ਪਤੀ ਤਾਂ ਬਾਹਰ ਗਿਆ ਹੋਇਆ ਤੇ ਤੂੰ ਸ਼ਿੰਗਾਰ ਕਾਹਦੇ ਵਾਸਤੇ ਲਾਏ ਨੇ, ਇਹਨੇ ਸਾਰੀ ਗੱਲ ਦੱਸ ਦਿੱਤੀ, ਕਹਿਣ ਲੱਗੀ, ਮਹਾਂਪੁਰਸ਼ੋ! ਮੈਨੂੰ ਕੁਛ ਨਹੀਂ ਪਤਾ, ਮੈਨੂੰ ਕੀ ਹੋ ਗਿਆ, ਮੇਰਾ ਤਾਂ ਦਿਮਾਗ ਖਿੱਚ ਖਾ ਗਿਆ। ਮੈਨੂੰ ਨਹੀਂ ਪਤਾ ਕਿ ਮੈਂ ਭਲਾ ਕਰ ਰਹੀ ਹਾਂ ਕਿ ਬੁਰਾ ਕਰ ਰਹੀ ਹਾਂ। ਕੋਈ ਚੀਜ਼ ਮੈਨੂੰ ਖਿੱਚੀਂ ਲਈ ਜਾ ਰਹੀ ਹੈ। ਉਸ ਵੇਲੇ ਮਹਾਤਮਾ ਨੇ ਆਪਣੇ ਚਰਨਾਂ ਦੇ ਥੱਲਿਓਂ ਧੂੜ ਕੱਢੀ, ਉਹਦੇ ਮੱਥੇ 'ਤੇ ਮਲ ਕੇ ਕਾਟਾ ਮਾਰ ਦਿੱਤਾ। ਕਹਿੰਦੇ ਜਾਹ, ਹੁਣ ਨਹੀਂ ਕੁਛ ਵੀ ਹੁੰਦਾ। ਉਸੇ ਵੇਲੇ ਹੋਸ਼ ਆ ਗਈ। ਨਵਾਬ ਨੇ ਕਾਜ਼ੀ ਨੂੰ ਪੁੱਛਿਆ, ਕਿ ਐਨਾ ਚਿਰ ਹੋ ਗਿਆ ਆਈ ਨਹੀਂ। ਉਹ ਕਹਿੰਦਾ, ਮਹਾਰਾਜ! ਘਰੋਂ ਤੁਰ ਪਈ, ਸਭ ਕੁਛ ਹੋ ਗਿਆ। ਮੇਰੀ ਵਿਦਿਆ ਇਹ ਦਸਦੀ ਹੈ ਕਿ ਰਸਤੇ ਦੇ ਵਿੱਚ ਕੋਈ ਐਡੀ ਵੱਡੀ ਸ਼ਕਤੀ ਮਿਲ ਗਈ, ਮਹਾਂਪੁਰਸ਼ ਉਨ੍ਹਾਂ ਨੇ ਨਾਲੇ ਤਾਂ ਉਹਦੇ ਮੱਥੇ ਦਾ ਲੇਖ ਕੱਟ ਦਿੱਤਾ ਨਾਲੇ ਵਾਪਸ ਕਰ ਦਿੱਤੀ। ਮੇਰਾ ਹੁਣ ਬਲ ਨਹੀਂ ਚਲਦਾ। ਚੰਗਾ ਇਹ ਹੈ ਕਿ ਤੁਸੀਂ ਮੰਦੀ ਵਾਸ਼ਨਾ ਦਿਲ ਵਿਚੋਂ ਕੱਢ ਦਿਓ। ਉਹ ਮਹਾਤਮਾ ਨੇ ਕਿਹਾ ਕਿ ਬੇਟਾ! ਤੇਰੇ ਮੱਥੇ 'ਚ ਲਿਖਿਆ ਹੋਇਆ ਸੀ, ਇਹ ਮੰਦ ਕੰਮ ਕਰਨਾ, ਉਹ ਚਰਨਾਂ ਦੀ ਧੂੜੀ ਨੇ ਲੇਖ ਮਿਟਾ ਕੇ ਰੱਖ ਦਿੱਤਾ।

ਸੋ ਇੱਥੇ ਗੁ. ਰਤਵਾੜਾ ਸਾਹਿਬ ਵੀ ਅਸੀਂ ਆਹੀ ਕਰਦੇ ਹਾਂ ਕਿ ਭਾਈ! ਬੀਮਾਰ ਹੈ ਤੂੰ ਤਾਂ ਇੱਥੇ ਝਾੜੂ ਦੇਹ, ਸੰਗਤਾਂ ਫਿਰਦੀਆਂ ਨੇ, ਪਤਾ ਨਹੀਂ ਇਨ੍ਹਾਂ 'ਚ ਕਿਹੜਾ ਪੂਰਨ ਪੁਰਸ਼ ਹੈ। ਕਿਸੇ ਨਾ ਕਿਸੇ ਦਾ ਤਾਂ ਹੋਏਗਾ ਹੀ, ਜਿਹੜੇ ਆਉਂਦੇ ਨੇ ਸਮੁੰਦਰੋਂ ਗਹਿਰੇ ਹੁੰਦੇ ਨੇ। ਕੀ ਪਤਾ ਕਿਹੜੇ ਪੁਰਸ਼ ਨੂੰ ਪ੍ਰਵਾਨਗੀ ਹੈ ਵਾਹਿਗੁਰੂ ਵਲੋਂ। ਤੂੰ ਚਰਨਧੂੜ ਇਕੱਠੀ ਕਰ ਲੈ, ਜਿੱਥੇ ਦੁਖਦਾ ਹੈ ਉਥੇ ਲਾ ਲੈ, ਮਸਤਕ ਨੂੰ ਲਾ ਲੈ, ਜੇ ਸਰੀਰ ਖਰਾਬ ਹੈ ਜਿੱਥੇ ਸਿੰਘ ਨਹਾਉਂਦੇ ਨੇ ਉਥੋਂ ਗਾਰਾ ਲੈ ਕੇ ਲਾ ਲੈ। ਉਹ ਧੂੜੀ ਜਿਹੜੀ ਹੈ ਉਸੇ ਵੇਲੇ ਫਲ ਦੇਣਾ ਸ਼ੁਰੂ ਕਰ ਦਿੰਦੀ ਹੈ। ਕਿੰਨੇ ਸੈਂਕੜਿਆਂ ਦੀ ਤਾਦਾਦ 'ਚ ਰਾਜ਼ੀ ਹੋ-ਹੋ ਕੇ ਜਾਂਦੇ ਨੇ।

ਇੱਕ ਪ੍ਰੇਮੀ ਆਏ ਸਾਡੇ ਕੋਲ ਵੱਡੇ ਆਫੀਸਰ ਸੀ। ਮੂੰਹ ਦਿਖਾਇਆ ਅੱਡ ਕੇ, ਕਾਲਾ ਹੋਇਆ ਹੋਇਆ ਸਾਰਾ ਮੂੰਹ। ਕਹਿਣ ਲੱਗਿਆ ਕਿ ਮੈਂ ਬੜੇ ਸੰਕਟ 'ਚ ਫਸਿਆ ਹੋਇਆ ਹਾਂ। ਬਿਮਾਰ ਹਾਂ ਕੋਈ ਇਲਾਜ ਨਹੀਂ ਹੁੰਦਾ। ਡਿਪਟੀ ਏਅਰ ਮਾਰਸ਼ਲ ਸੀ ਉਹ, ਏਅਰ ਮਾਰਸ਼ਲ ਜਹਾਜ਼ਾਂ ਦਾ ਸਭ ਤੋਂ ਵੱਡਾ ਹੁੰਦਾ ਹੈ, ਇਹ ਉਸ ਤੋਂ ਥੋੜ੍ਹਾ ਛੋਟਾ ਸੀ। ਕਹਿੰਦਾ, ਮੈਂ ਬਹੁਤ ਦੁਖੀ ਹਾਂ। ਮੈਂ ਕਿਹਾ ਕਿ ਤੂੰ ਐਉਂ ਕਰ ਧੂੜੀ ਦਾ ਬੜਾ ਮਹਾਤਮ ਆਇਆ ਹੈ ਬਾਰ-ਬਾਰ, ਐਡਾ ਵੱਡਾ ਮਹਾਤਮ ਹੈ ਕਿ ਧੂੜੀ ਮੰਗੀ ਜਾਂਦੀ ਹੈ। ਐਸ ਤਰ੍ਹਾਂ ਨਾਲ ਪੜ੍ਹ ਲਓ -

*ਧਾਰਨਾ - ਦੇਈਂ ਮਾਲਕਾ ਮੈਨੂੰ ਧੂੜੀ ਸਾਧੂਆਂ ਦੀ।*
*ਸੰਤਨ ਕੀ ਮਹਿਮਾ ਕਵਨ ਵਖਾਨਉ ॥*
*ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ ॥*
*ਪਾਰਬ੍ਰਹਮ ਮੋਹਿ ਕਿਰਪਾ ਕੀਜੈ ॥*
*ਧੂਰਿ ਸੰਤਨ ਕੀ ਨਾਨਕ ਦੀਜੈ ॥* *ਅੰਗ - ੧੮੧*

ਹੇ ਪ੍ਰਭੂ! ਕ੍ਰਿਪਾ ਕਰ, ਮੈਨੂੰ ਆਪਣੇ ਪਿਆਰਿਆਂ ਦੀ ਧੂੜੀ ਦੇ-ਦੇ। ਮੈਂ ਕਿਹਾ ਦੇਖੋ, ਗੁਰੂ ਮਹਾਰਾਜ ਜੀ ਨੇ ਆਪਣੇ ਬਚਨਾਂ ਦੇ ਅੰਦਰ ਜੋ ਸਤਿ ਬਚਨ ਨੇ ਕਿੱਡਾ ਉੱਚਾ ਫੁਰਮਾਨ ਕਰਿਆ ਹੈ ਤੇ ਤੁਸੀਂ ਐਉਂ ਕਰੋ ਸਾਧੂ ਲੱਭਦਾ ਤਾਂ ਹੈ ਨਹੀਂ ਮੈਂ ਉਂਗਲੀ ਕਰ ਦੇਵਾਂ ਕਿ ਆਹ ਸਾਧੂ ਹੈ। ਇਹ ਵੀ ਨਹੀਂ ਹੈ ਕਿ ਉਹਦੀ ਅਣਹੋਂਦ ਹੈ, ਵਿਚੇ ਹੀ ਤੁਰੇ ਫਿਰਦੇ ਨੇ ਸੰਗਤ ਦੇ। ਕੋਈ ਪਤਾ ਨਹੀਂ ਹੈ ਕਿਹੜਾ ਪ੍ਰਵਾਨ ਹੈ ਕਿਹੜਾ ਬੇ-ਪ੍ਰਵਾਨ ਹੈ। ਫੇਰ ਕਹਿੰਦੇ ਕੀ ਕਰਿਆ ਜਾਵੇ। ਮੈਂ ਕਿਹਾ ਗੁਰਦੁਆਰੇ ਜਦੋਂ ਸੰਗਤ ਜਾਂਦੀ ਹੈ, ਬਹੁਤ ਸਾਰੇ ਗੁਰਦਵਾਰਿਆਂ ਦੇ ਅੱਗੇ ਚੁਵੱਚਾ ਜਿਹਾ ਬਣਿਆ ਹੁੰਦਾ ਹੈ, ਉਹਦੇ ਵਿੱਚ ਉਹ ਚਰਨ ਧੋ ਕੇ ਜਾਂਦੇ ਨੇ। ਉਹ ਜਿਹੜੀ ਚਰਨਾਂ ਦੇ ਨਾਲ ਧੂੜੀ ਲੱਗੀ ਹੁੰਦੀ ਹੈ, ਉਹ ਉਥੇ ਹੀ ਰਹਿ ਜਾਂਦੀ ਹੈ, ਤੂੰ ਉਹਦੀਆਂ ਕੁਰਲੀਆਂ ਕਰ ਲੈ। ਕਹਿੰਦਾ ਠੀਕ ਹੈ। ਉਥੋਂ

ਨੇੜੇ ਹੀ ਅੰਬ ਸਾਹਿਬ ਗੁਰਦੁਆਰਾ ਸਾਹਿਬ ਸੀ, ਉਨ੍ਹਾਂ ਦੇ ਨਾਲ ਇੱਕ ਵੱਡਾ ਅਫਸਰ ਪੁਲਿਸ ਦਾ ਸੀ, ਦੋਵੇਂ ਜਣੇ ਚਲੇ ਗਏ, ਪਹਿਲਾਂ ਉਹ ਬੋਤਲ ਲੈ ਗਿਆ ਕਿ ਮੈਂ ਇਥੋਂ ਪਾਣੀ ਭਰ ਲਵਾਂਗਾ। ਜਦ ਪਾਣੀ ਉਹ ਭਰਨ ਲੱਗੇ ਤਾਂ ਉਹ ਕਹਿਣ ਲੱਗਿਆ ਕਿ ਉਨ੍ਹਾਂ ਨੇ ਕਿਹਾ ਹੈ ਕਿ ਕੁਰਲੀਆਂ ਕੀ ਕਰਨੀਆਂ ਨੇ, ਆਪਾਂ ਪੀ ਹੀ ਲੈਂਦੇ ਹਾਂ। ਗੰਦਲਾ ਹੀ ਪਾਣੀ ਉਹਨੇ ਪੀ ਲਿਆ। ਦੇਖੋ ਇਹਦੇ ਵਿੱਚ ਐਲਰਜੀ ਹੁੰਦੀ ਹੈ, ਡਾਕਟਰ ਇਹ ਕਹੇਗਾ। ਲੋਕਾਂ ਦੇ ਪੈਰ ਧੋਤੇ ਹੋਏ ਪਿਲਾ ਦਿੱਤੇ। ਵੀਹ ਦਿਨ ਤੋਂ ਬਾਅਦ ਉਹ ਮੈਨੂੰ ਮਿਲਿਆ ਮੈਂ ਕਿਹਾ ਕਿ ਤੂੰ ਪਾਠ ਕਰੀਂ ਸ਼ਬਦ ਦਾ। ਉਹ ਕਹਿੰਦਾ ਜੀ ਮੈਂ 75% ਠੀਕ ਹੋ ਗਿਆ। ਮੈਂ ਤਾਂ ਜੀ ਪਾਣੀ ਪੀ ਹੀ ਲਿਆ ਸੀ ਉਥੋਂ। ਫੇਰ ਮਿਲਿਆ ਡੇਢ-ਦੋ ਮਹੀਨੇ ਬਾਅਦ ਮੈਂ ਕਿਹਾ ਕੀ ਹਾਲ ਹੈ ਤੁਹਾਡਾ? ਕਹਿੰਦਾ ਮੈਂ ਤਾਂ ਬਿਲਕੁਲ ਰਾਜ਼ੀ ਹੋ ਗਿਆ, ਡਾਕਟਰ ਕਹਿੰਦੇ, ਤੈਨੂੰ ਤਾਂ ਬਿਮਾਰੀ ਹੀ ਖਤਮ ਹੋ ਗਈ। ਕਿਹੜੀ ਦਵਾਈ ਲਈ ਹੈ ਤੂੰ? ਕਦੇ ਸੁਣਿਆ ਹੈ ਤੁਸੀਂ ਕਿ ਕੈਂਸਰ ਵੀ ਖਤਮ ਹੋ ਜਾਏ। ਸ਼ਰਧਾ ਦੀ ਗੱਲ ਹੈ, ਜਿੰਨੀ ਸ਼ਰਧਾ ਮਨ 'ਚ ਹੈ ਓਨਾਂ ਹੀ ਫਾਇਦਾ, ਗੁਰੂ ਕਿਤੇ ਗਿਆ ਹੋਇਆ ਹੈ? ਅਸੀਂਓਂ ਅੰਨੇ ਹੋਏ-ਹੋਏ ਹਾਂ, ਸਾਨੂੰ ਦਿਸਦਾ ਨਹੀਂ ਹੈ, ਕੋਲ ਹੀ ਰਹਿੰਦਾ ਹੈ, ਨਾਲ ਹੀ ਰਹਿੰਦਾ, ਸਾਡਾ ਵਿਸ਼ਵਾਸ਼ ਨਹੀਂ ਬਣਦਾ, ਉਲਟੀਆਂ ਗੱਲਾਂ 'ਚ ਅਸੀਂ ਫਸ ਗਏ। ਨਿੰਦਿਆ ਕਰੀ ਜਾਂਦੇ ਹਾਂ, ਕੋਈ ਸੰਤਾਂ ਦੀ ਕਰੀ ਜਾਂਦਾ ਹੈ। ਠੀਕ ਹੈ ਸੰਤ ਵੀ ਇਹੋ ਜਿਹੇ ਹੀ ਹੋ ਗਏ। ਪੈਸਿਆਂ ਤੋਂ ਅੱਗੇ ਦੀ ਗੱਲ ਹੀ ਨਹੀਂ ਸੋਚਦੇ। ਦੂਜੇ ਪਾਸੇ ਦੁਨੀਆਂ ਵੀ ਐਸੀ ਹੋ ਗਈ -

*ਨਾਨਕ ਦੁਨੀਆ ਕੈਸੀ ਹੋਈ ॥*
*ਸਾਲਕੁ ਮਿਤੁ ਨ ਰਹਿਓ ਕੋਈ ॥* *ਅੰਗ - ੧੪੧੦*

ਇਸ ਤਰ੍ਹਾਂ ਦੇ ਨਾਲ ਸੰਸਾਰ ਵੀ ਇਹੋ ਜਿਹਾ ਹੀ ਹੋ ਗਿਆ, ਸਾਧੂ ਵੀ ਓਹੋ ਜਿਹੇ ਹੋ ਗਏ। ਸਾਧੂ ਤਾਂ ਹੈ ਨਹੀਂ, ਸਾਧੂ ਤਾਂ ਸਾਧੂ ਹੀ ਹੁੰਦਾ ਹੈ, ਉਹਨੂੰ ਤਾਂ ਕੋਈ ਬੰਦਾ ਦੋਸ਼ ਨਹੀਂ ਦੇ ਸਕਦਾ। ਕਿਉਂਕਿ ਉਹਦੇ ਵਿੱਚ ਕੋਈ ਵੀ ਦੋਸ਼ ਨਹੀਂ ਹੋਇਆ ਕਰਦਾ, ਉਹ ਰੱਬ ਹੀ ਹੁੰਦਾ ਹੈ। ਲੇਕਿਨ ਪ੍ਰਚਲਤ ਹਾਲਤ ਦੇ ਨਾਲ ਭੇਖ ਦੇ ਵਿਚੋਂ ਟੋਲ੍ਹਣਾ ਬੜਾ ਔਖਾ ਹੈ ਕਿ ਕਿਹੜਾ ਅਸਲੀ ਹੈ, ਕਿਹੜਾ ਨਕਲੀ ਹੈ, ਵਾਹਿਗੁਰੂ ਜਾਣੇ, ਕਿਤੇ ਕਿਸਮਤ ਹੋਵੇ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥* *ਅੰਗ - ੨੦੪*

ਕਰਮ ਜਾਗ ਪੈਣ ਫੇਰ ਕਿਸੇ ਮਹਾਂਪੁਰਸ਼ ਦਾ ਮੇਲ ਹੋ ਜਾਏ ਤਾਂ ਹੋ ਜਾਏ।ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਫੁਰਮਾਨ ਕਰਦੇ ਨੇ ਕਿ ਪਿਆਰਿਓ! ਜਿਨ੍ਹਾਂ ਨੇ ਅੰਦਰਲਾ ਤੀਰਥ ਜਾਣ ਲਿਆ ਨਾ, ਉਨ੍ਹਾਂ ਦੇ ਚਰਨ ਜਿਹੜੇ ਨੇ ਇੱਕ ਥਾਂ 'ਤੇ ਰੱਖ ਦੇਣ, ਕਰੋੜ ਗੰਗਾ ਜਿੰਨਾਂ ਫਲ ਹੈ ਉਨ੍ਹਾਂ ਦੀ ਧੂੜੀ 'ਚ। ਫੇਰ ਅਸੀਂ ਤਾਂ ਪ੍ਰਤਿਆ ਕੇ ਹੀ ਦੇਖ ਲਏ। ਕਿੰਨਾ ਚਿਰ ਹੋ ਗਿਆ ਅਸਥਾਨ (ਰਤਵਾੜਾ ਸਾਹਿਬ) ਬਣੇ ਨੂੰ, ਸੇਵਾ ਕਰਦੇ ਨੇ, ਚਰਨ ਧੂੜ ਲੈ ਜਾਂਦੇ ਨੇ। ਕਿਹੜਾ ਆਉਂਦਾ ਹੈ ਕਿਹੜਾ ਨਹੀਂ ਆਉਂਦਾ, ਸਾਡੇ ਕੋਲ ਕੋਈ ਹਿਸਾਬ ਕਿਤਾਬ ਨਹੀਂ। ਪਹਿਲਾਂ ਰੱਖਿਆ ਸੀ, ਫੇਰ ਹਟ ਗਏ ਅਸੀਂ। ਸਾਡੀ ਕੀ ਇਹਦੇ 'ਚ ਮਿਲਾਪਲੀ ਹੈ, ਉਹ ਸ਼ਰਧਾ ਨਾਲ ਆਉਂਦੇ ਨੇ, ਇੱਥੇ ਸੰਗਤ ਆਉਂਦੀ ਹੈ, ਸੰਗਤ ਵਿੱਚ ਕਿਹੜਾ ਹੇਠਾਂ ਲੱਗਿਆ ਹੋਇਆ, ਕਿਹੜਾ ਹੇਠਾਂ ਹੈ; ਇਹ ਅਸਾਨੂੰ ਨਹੀਂ ਜਾਨਣ ਦੀ ਲੋੜ। ਇਹ ਗੁਰੂ ਜਾਣੇ ਉਹਦਾ ਕੰਮ ਜਾਣੇ। ਸੋ ਇਸ ਤਰ੍ਹਾਂ ਦੇ ਨਾਲ ਆਪਾਂ ਮਾਘ ਦੇ ਮਹੀਨੇ ਵਿੱਚ ਸੰਗਰਾਂਦ ਮਨਾ ਕੇ ਇਸਦੀ ਮਹੱਤਤਾ -

*ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥*
*ਅੰਗ - ੧੧੦੯*

ਜਿਨ੍ਹਾਂ ਨੇ ਜਾਣਿਆ ਹੈ ਆਪਾਂ ਉਨ੍ਹਾਂ ਦੀ ਮਹੱਤਤਾ ਜਾਨਣ ਦਾ ਯਤਨ ਕੀਤਾ ਹੈ। ਸੋ ਇਹਦੇ ਬਾਰੇ ਮਹਾਰਾਜ ਫੁਰਮਾਨ ਕਰਦੇ ਨੇ ਕਿ ਐਸੇ ਸਾਧੂਆਂ ਦੇ ਨਾਲ ਮਿਲ ਤੂੰ। ਫੇਰ ਕੀ ਕਰ? ਉਨ੍ਹਾਂ ਦੀ ਧੂੜੀ 'ਚ ਇਸ਼ਨਾਨ ਕਰ। ਐਉਂ ਪੜ੍ਹ ਲਓ -

*ਧਾਰਨਾ - ਮਾਘਿ ਮਜਨ ਸੰਗਿ ਸਾਧੂਆਂ,*
*ਧੂੜੀ ਕਰ ਇਸ਼ਨਾਨ।*

ਮਾਘ ਦੀ ਸੰਗਰਾਂਦ ਮਨਾਉਂਦੇ ਹਾਂ, ਮਹਾਰਾਜ ਕਹਿੰਦੇ, ਪਿਆਰਿਆਂ! ਤੂੰ ਸੰਤਾਂ ਦੇ ਬਚਨਾਂ ਰੂਪੀ ਧੂੜੀ 'ਚ ਇਸ਼ਨਾਨ ਕਰ। ਜਿੱਥੇ ਉਹ ਚਰਨ ਧਰਦੇ ਨੇ, ਉਹ ਵੀ ਧੂੜੀ ਪਵਿੱਤਰ ਹੈ। ਜਿਹੜੇ ਮੁਖ ਤੋਂ ਬਚਨ ਆਉਂਦੇ ਨੇ, ਉਹ ਮੁੱਖ ਦੀ ਧੂੜੀ ਵੀ ਪਵਿੱਤਰ ਹੈ। ਇੱਕ ਦੇ ਵਿੱਚ ਤੂੰ ਇਸ਼ਨਾਨ ਕਰ, ਮਨ ਦਾ ਇਸ਼ਨਾਨ ਕਰਾ। ਉਨ੍ਹਾਂ ਦੇ ਬਚਨਾਂ ਦੇ ਅੰਦਰ। ਉਹਦਾ ਫਲ ਕੀ ਹੋਏਗਾ? ਕਰੋੜਾਂ ਜਨਮਾਂ ਦੀ ਮੈਲ ਲੱਗੀ ਹੋਈ ਹੈ ਸਾਨੂੰ।

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥* *ਅੰਗ - ੬੫੧*

ਸਿਆਹੁ ਹੋਇਆ ਪਿਆ ਹੈ, ਦੇਖਣ ਨੂੰ ਜੀਅ ਨਹੀਂ ਕਰਦਾ, ਐਉਂ ਮੰਨ ਲਓ। ਐਸਾ ਮਹਾਰਾਜ ਕਹਿੰਦੇ ਤਾਂ ਇਹ ਰੱਬ ਨੂੰ ਨਹੀਂ ਭਾਉਂਦਾ, ਕਿਉਂਕਿ ਮੈਲਾ ਬਹੁਤਾ ਹੋ ਗਿਆ।

*ਇਹੁ ਤਨੁ ਮਾਇਆ ਪਾਹਿਆ ਪਿਆਰੇ*
*ਲੀਤੜਾ ਲਬਿ ਰੰਗਾਏ ॥*
*ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ*
*ਕਿਉ ਧਨ ਸੇਜੈ ਜਾਏ ॥* *ਅੰਗ - ੭੨੧*

*'ਚਲਦਾ...........।'*

# ਇੰਗਲੈਂਡ ਸੰਗਤ ਟੀ.ਵੀ. 'ਤੇ ਇੰਟਰਵਿਊ

*ਸੰਤ ਬਾਬਾ ਹਰਪਾਲ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-51)*

**ਟੀ.ਵੀ. ਵਕਤਾ –** ਸੰਤ ਬਾਬਾ ਵਰਿਆਮ ਸਿੰਘ ਜੀ ਆਪਣੇ ਆਪ 'ਚ ਬਹੁਤ ਵੱਡੀ ਹਸਤੀ ਸਨ। ਸੰਤ ਬਾਬਾ ਵਰਿਆਮ ਸਿੰਘ ਜੀ ਨੇ ਗੁਰਮਤਿ ਰੂਹਾਨੀ ਟਰੱਸਟ ਕਾਇਮ ਕੀਤਾ ਜਿਹਦੇ ਚੇਅਰਮੈਨ ਨੇ ਅੱਜ ਦੇ ਸਮੇਂ 'ਚ ਸੰਤ ਬਾਬਾ ਲਖਬੀਰ ਸਿੰਘ ਜੀ। ਔਰ ਵਾਇਸ ਚੇਅਰਮੈਨ ਨੇ ਜਿਹੜੇ ਇਸ ਵੇਲੇ ਸਾਡੇ ਨਾਲ ਬੈਠੇ ਨੇ ਬਾਬਾ ਹਰਪਾਲ ਸਿੰਘ ਜੀ। ਰਤਵਾੜਾ ਸਾਹਿਬ ਟਰੱਸਟ ਵਲੋਂ ਲੋਕ ਭਲਾਈ ਦੇ ਅਨੇਕਾਂ ਕੰਮ ਕੀਤੇ ਜਾਂਦੇ ਨੇ। ਸਕੂਲ, ਹਸਪਤਾਲ, ਨਾਲ-ਨਾਲ ਨਾਮ ਸਿਮਰਨ ਦੀ ਗੱਲ ਵੀ ਕੀਤੀ ਜਾਂਦੀ ਹੈ, ਸੇਵਾ ਤੇ ਸਿਮਰਨ ਦੋਵੇਂ ਇਕੱਠੇ ਚਲਦੇ ਹਨ।

ਬਾਬਾ ਜੀ! ਜਿਵੇਂ ਸ਼ਤਾਬਦੀਆਂ ਪਿਛਲੇ ਸਮੇਂ 'ਚ ਲੰਘ ਕੇ ਗਈਆਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਹੁਤ ਵੱਡੀ ਸ਼ਤਾਬਦੀ ਲੰਘ ਕੇ ਗਈ। ਤੁਸੀਂ ਉਥੇ ਸ਼ਬਦ ਲੰਗਰ ਦੀ ਗੱਲ ਵੀ ਕੀਤੀ, ਨੇਪਾਲ ਦੇ ਵਿਚ ਦੁਖਿਆਰਿਆਂ ਦੀ ਸੇਵਾ ਦੀ ਗੱਲ ਵੀ ਕੀਤੀ। ਹੁਣ ਗੁਰੂ ਨਾਨਕ ਸਾਹਿਬ ਜੀ ਦਾ ਸਾਢੇ ਪੰਜ ਸੌ ਸਾਲਾ ਆ ਰਿਹਾ ਹੈ, 2019 ਦੇ ਵਿਚ ਉਹਦੇ ਲਈ ਕੋਈ ਖਾਸ ਤਿਆਰੀ ਚੱਲ ਰਹੀ ਹੈ?

ਉੱਤਰ – ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਾਢੇ ਪੰਜ ਸੌ ਸਾਲਾ ਆ ਰਿਹਾ ਹੈ। ਇਹਦੇ ਵਿਚ ਜਿਵੇਂ ਗੁਰੂ ਨਾਨਕ ਪਾਤਸ਼ਾਹ ਦਾ ਇਕ ਮਿਸ਼ਨ ਹੈ, ਉਹ ਇਕੱਲੇ ਸਿੱਖਾਂ ਦੇ ਗੁਰੂ ਹੀ ਨਹੀਂ, ਉਹ ਸਾਰਿਆਂ ਦੇ ਗੁਰੂ ਨੇ। ਸਭ ਤੋਂ ਵੱਡਾ ਸਤਿਗੁਰ ਨਾਨਕ' ਕਿਉਂਕਿ ਕਿਸੇ ਨਾ ਕਿਸੇ ਦਾ ਕੋਈ ਗੁਰੂ ਜ਼ਰੂਰ ਹੋਇਐ। ਗੁਰੂ ਨਾਨਕ ਪਾਤਸ਼ਾਹ ਜੀ ਨੂੰ ਪੁੱਛਿਆ ਕਿ ਆਪ ਜੀ ਦਾ ਗੁਰੂ? ਆਪ ਨੇ ਕਿਹਾ, ਮੇਰਾ ਗੁਰੂ ਪਾਰਬ੍ਰਹਮ ਪ੍ਰਮੇਸ਼ਰ ਹੈ। ਉਹਨਾਂ ਨੇ ਮੂਲਮੰਤ੍ਰ ਦੇ ਵਿਚ ਐਸਾ ਹੀ ਦੱਸਿਆ। ਇਸ ਕਰਕੇ ਉਨ੍ਹਾਂ ਨੂੰ ਫੇਰ ਗੁਰੂ ਪ੍ਰਮੇਸ਼ਰ ਕਿਹਾ ਜਾਂਦਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਸਾਨੂੰ ਸੰਸਾਰ 'ਤੇ ਤਾਂ ਗੁਰੂ ਕੋਈ ਮਿਲਿਆ ਨਹੀਂ –

*ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ ॥ ਅੰਗ – ੯੩੬*

ਜਿਹੜਾ ਸਾਡੇ ਸਾਮ੍ਹਣੇ ਟਿਕ ਸਕੇ। ਉਨ੍ਹਾਂ ਦਾ ਤਪ ਤੇਜ ਐਨਾ ਜਿਆਦਾ ਹੋਵੇ। ਗੁਰਮੰਤ੍ਰ ਤੋਂ ਬਗੈਰ ਨਾਮ ਤੱਕ ਰੁਸਵਾਈ ਨਹੀਂ ਹੁੰਦੀ। ਉਹ ਫੇਰ ਮੰਤ੍ਰ ਲੈਣ ਵਾਸਤੇ ਦਰਗਾਹ ਵਿਚ ਪਹੁੰਚੇ। ਜਿਹੜਾ ਇਹ 'ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।' ਇਹ ਮੰਤ੍ਰ ਗੁਰੂ ਨਾਨਕ ਸਾਹਿਬ ਲੈ ਕੇ ਆਏ। ਕਲਜੁਗ 'ਚ ਉਮਰਾਂ ਛੋਟੀਆਂ ਨੇ। ਸਮਾਂ ਘੱਟ ਹੈ, ਇਸ ਕਰਕੇ ਮੰਤਰ ਵੀ ਇਹ ਛੋਟਾ ਹੈ, ਇਹ ਸਵਾਸ ਦੇ ਉਤੇ ਆ ਜਾਂਦਾ ਹੈ ਜਿਵੇਂ ਸਾਹ ਅੰਦਰ ਨੂੰ ਜਾਂਦਾ ਹੈ, 'ਵਾਹਿ' ਬਾਹਰ ਨੂੰ ਆਉਂਦਾ 'ਗੁਰੂ'। ਫੇਰ ਉਨ੍ਹਾਂ ਨੇ ਸ਼ਕਤੀਸ਼ਾਲੀ ਮੰਤਰ ਲਿਆਂਦਾ। ਫੇਰ ਉਹਦਾ ਸਰੂਪ ਮੂਲਮੰਤ੍ਰ ਦੱਸਿਆ। ਨਾਮ ਕੋਈ ਨਹੀਂ ਦਿੰਦਾ ਸੰਸਾਰ 'ਤੇ। ਇਹ ਵੀ ਬੜੀ ਵੱਡੀ ਗਲਤਫਹਿਮੀ ਹੋ ਜਾਂਦੀ ਹੈ ਕਿ ਅਸੀਂ ਨਾਮ ਲੈ ਰਹੇ ਹਾਂ, ਫਲਾਣੇ ਤੋਂ। ਮੰਤ੍ਰ ਦਿੰਦਾ ਹੈ ਗੁਰੂ। ਗੁਰੂ ਘਰ 'ਚ ਜਿਵੇਂ ਪੰਜ ਪਿਆਰੇ ਮੰਤ੍ਰ ਦਿੰਦੇ ਨੇ, ਫੇਰ ਮੰਤ੍ਰ ਦੀ ਕਮਾਈ ਕਰਕੇ ਨਾਮ ਤੱਕ ਰੁਸਵਾਈ ਹੁੰਦੀ ਹੈ। ਨਾਮ ਅੰਦਰ ਹੈ –

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ- ੨੯੩*

ਸੋ ਇਸ ਕਰਕੇ ਜੋ ਸਤਿਗੁਰ ਸੱਚੇ ਪਾਤਸ਼ਾਹ ਜੀ ਨੇ ਨਾਮ ਬਾਣੀ ਦਾ ਪ੍ਰਵਾਹ ਚਲਾਇਆ। ਉਹਨੂੰ ਅੱਗੇ ਕਿਵੇਂ ਵਧਾਉਣੈ, ਇਹ ਸਾਡੀ ਸੰਪਰਦਾ ਹੈ ਰਾੜਾ ਸਾਹਿਬ, ਰਤਵਾੜਾ ਸਾਹਿਬ ਹੈ, ਇਸ ਗੱਲ ਦੇ ਉਤੇ ਪਹਿਰਾ ਦੇ ਰਹੀ ਹੈ ਕਿ ਕਿੰਨੇ ਜਥੇ ਦੇਸਾਂ-ਪ੍ਰਦੇਸਾਂ ਦੇ ਵਿਚ ਇਸ ਗੱਲ ਦਾ ਪ੍ਰਚਾਰ ਕਰ ਰਹੇ ਨੇ। ਫੇਰ ਵੱਡੀ ਗੱਲ ਹੈ ਕਿ ਸਾਡੀ ਸੰਪਰਦਾ ਦਾ ਇਹ ਅਸੂਲ ਹੈ ਕਿ ਕੀਰਤਨ ਕਰਨਾ ਹੈ, ਗੁਰਦਵਾਰੇ ਜਾਣਾ ਹੈ, ਸਿਰਪਾਓ ਤਾਂ ਚਲੋ ਦਿੰਦੇ ਨੇ ਉਹ, ਉਸ ਦੇ ਉਤੇ ਮਾਇਆ ਉਹ ਕਦੇ ਨਹੀਂ ਲਈ ਜਾਂਦੀ, ਕੀਰਤਨ, ਸ਼ਬਦ ਭੇਟ ਨਹੀਂ ਰਖਾਈ ਜਾਂਦੀ। ਫੇਰ ਇਸ ਸੰਪਰਦਾ ਦੇ ਵਿਚ ਕਦੇ ਅਪੀਲ ਨਹੀਂ ਕਰੀ ਜਾਂਦੀ, ਕੋਈ ਉਗਰਾਹੀ ਨਹੀਂ ਕਰੀ ਜਾਂਦੀ। ਜਦੋਂ ਤੁਸੀਂ ਨਾਮ ਜਪਦੇ ਹੋਂ, ਨਾਮ ਦੀਆਂ ਰਿੱਧੀਆਂ-ਸਿੱਧੀਆਂ 'ਚ ਬਰਕਤਾਂ, ਬਖਸ਼ਿਸ਼ਾਂ ਆਪੇ ਹੀ ਆ ਜਾਂਦੀਆਂ ਨੇ।

ਜਦੋਂ ਵੀ ਤੁਹਾਡੇ ਇਥੇ ਸ੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਆਏ, ਤੁਹਾਨੂੰ ਯਾਦ ਹੋਣਾ, 1974-75 'ਚ ਆਏ, ਸਾਊਥਹਾਲ ਗੁਰਦਵਾਰਾ ਸੀ ਲੰਡਨ ਦਾ। ਦਸ ਹਜ਼ਾਰ ਪੌਂਡ ਦਾ ਉਨ੍ਹਾਂ ਨੇ ਚੈੱਕ ਦਿਤਾ ਕਿ ਲੰਗਰ 'ਚ ਪਾ ਦਿਓ। ਉਹ ਕਹਿੰਦੇ ਕਿ ਇਹ ਲੰਗਰ ਹੈ ਗੁਰੂ ਦਾ, ਇਹ ਇਕ ਜਗ੍ਹਾਂ 'ਚੋਂ ਪੈਸਾ ਕੱਢ ਕੇ, ਦੂਜੀ 'ਚ ਪਾ ਲੈਣਾ ਕਿ ਇਹ ਠੀਕ ਨਹੀਂ ਹੁੰਦਾ। ਇਥੇ ਵੀ ਗੁਰੂ ਘਰ ਹੈ। ਇਸ ਕਰਕੇ ਜਿਹੜਾ ਵੀ ਹੈ, ਇਹ ਸਾਰਾ ਸੰਸਾਰ ਆਪਣਾ ਹੀ, ਸਾਰੇ ਸੰਸਾਰ ਲਈ ਵਿਸ਼ਵਮਈ ਦ੍ਰਿਸ਼ਟੀ ਉਨ੍ਹਾਂ ਦੀ ਹੋਣ ਕਰਕੇ, ਕਿ ਇਹ ਨਾਮ ਬਾਣੀ ਦੇ ਪ੍ਰਚਾਰ ਦਾ ਸਾਧਨ ਕੋਈ ਸੋਚਿਆ ਜਾਵੇ। ਇਸ ਵਾਸਤੇ ਅਸੀਂ ਇਹ ਟੀਚਾ ਮਿਥਿਆ ਹੈ ਕਿ ਜਿੰਨਾ ਵੀ

ਲਿਟਰੇਚਰ ਹੈ ਸਾਡਾ ਅਤੇ ਆਤਮ ਮਾਰਗ ਮੈਗਜ਼ੀਨ, ਟਰੱਸਟ ਨੇ ਫੈਸਲਾ ਲਿਆ ਹੈ ਕਿ ਇਹ ਅੱਧੀ ਭੇਟਾ 'ਤੇ ਦਿਤਾ ਜਾਵੇਗਾ। ਬਾਕੀ ਲੰਗਰ ਤਾਂ ਚਲਦਾ ਹੀ ਰਹਿੰਦਾ ਹੈ, ਚਲਦਾ ਹੀ ਰਹਿਣਾ ਹੈ। ਸੋ ਇਸ ਤਰ੍ਹਾਂ ਦੇ ਨਾਲ ਉਪਰਾਲੇ ਹੋ ਰਹੇ ਨੇ।

ਪ੍ਰਸ਼ਨ - ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਬਹੁਤ ਵੱਡੇ ਵਿਦਵਾਨ ਸੀ, ਮੈਗਜ਼ੀਨ ਕੱਢਦੇ ਰਹੇ, ਉਨ੍ਹਾਂ ਦੀਆਂ ਕਥਾ ਕੀਤੀਆਂ ਹੋਈਆਂ ਵੀ ਮਿਲਦੀਆਂ ਨੇ, ਉਨ੍ਹਾਂ ਨੇ ਕਿਤਾਬਾਂ ਵੀ ਲਿਖੀਆਂ ਮੈਨੂੰ ਕੁਛ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਕਿੰਨੀਆਂ ਕੁ ਕਿਤਾਬਾਂ ਲਿਖੀਆਂ ਉਨ੍ਹਾਂ ਨੇ?

ਉੱਤਰ - ਉਨ੍ਹਾਂ ਦੀਆਂ ਪੰਜਾਬੀ ਦੀਆਂ ਕਿਤਾਬਾਂ ਤੋਂ ਹਿੰਦੀ ਤੇ ਇੰਗਲਿਸ਼ ਵਿਚ ਟਰਾਂਸਲੇਸ਼ਨ ਹੋ ਕੇ ਅੱਜ ਤਕਰੀਬਨ 150 ਕਿਤਾਬਾਂ ਨੇ ਲਾਇਬ੍ਰੇਰੀ 'ਚ ਜਿਹੜੀਆਂ ਕਿ ਹਰ ਵਾਰੀ ਛਪਦੀਆਂ ਹਨ। ਜਿਹੜੀ ਸੁਰਤਿ ਸਬਦਿ ਮਾਰਗ ਹੈ, ਜਿਹਦੇ ਵਿਚ ਧੰਨ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਸਤਿਕਾਰਯੋਗ ਮਾਤਾ ਜੀਤੋ ਜੀ ਨੂੰ ਉਪਦੇਸ਼ ਦਿਤਾ ਕਿ ਕਿਵੇਂ ਸੁਰਤਿ ਨੂੰ ਸ਼ਬਦ ਦੇ ਨਾਲ ਜੋੜਨਾ ਹੈ, ਉਨ੍ਹਾਂ ਦੇ ਉਹ 7 ਸਤਿਸੰਗਾਂ ਦਾ ਸੰਗ੍ਰਹਿ ਹੈ ਸੂਰਜ ਪ੍ਰਕਾਸ਼ 'ਚੋਂ ਵੀ ਕਥਾ ਆਈ ਹੈ ਸਾਰੀ। ਉਹ ਅਸੀਂ ਛੇਵੀਂ ਵਾਰੀ ਛਪਾਈ ਹੈ, ਹਰ ਵਾਰੀ ਦਸ ਹਜ਼ਾਰ ਦੇ ਕਰੀਬ ਛਪਦੀ ਹੈ। ਇਨ੍ਹਾਂ ਪੁਸਤਕਾਂ ਦੀ ਮੰਗ ਹਰ ਸਾਲ ਵਧਦੀ ਜਾਂਦੀ ਹੈ। ਇਹ ਲਿਟਰੇਚਰ ਉਹ ਹੈ ਜਿਹੜਾ ਉਨ੍ਹਾਂ ਦੇ ਅਨੁਭਵ 'ਚੋਂ ਆਇਆ। ਸਤਿਸੰਗ 'ਚ ਸੁਰਤਿ ਜੋੜ ਕੇ ਕੀਰਤਨ ਕਰਦੇ ਸੀ, ਕਿਸੇ ਵੀ ਵਿਸ਼ੇ 'ਤੇ ਬੋਲਦੇ ਸੀ। ਮੀਡੀਏ ਦਾ ਯੁੱਗ ਹੋਣ ਕਰਕੇ ਰਿਕਾਰਡ 'ਤੇ ਆ ਗਿਆ। ਉਨ੍ਹਾਂ ਦੀ ਵਿਸ਼ਵਮਈ ਦ੍ਰਿਸ਼ਟੀ (Universal approach) ਸੀ। ਲੋਕ ਭਾਸ਼ਾ 'ਚ ਬੋਲਣ ਕਰਕੇ ਉਹ ਹਰ ਇਕ ਦੇ ਦਿਲ ਵਿਚ ਵਸ ਜਾਂਦੀ ਹੈ। ਸੋ ਇਸ ਤਰ੍ਹਾਂ ਲਿਖਤ 'ਚ ਆਈਆਂ ਸਾਰੀਆਂ ਕਿਤਾਬਾਂ।

ਪ੍ਰਸ਼ਨ - ਬਾਬਾ ਜੀ ਦੀਆਂ ਜਿੰਨੀਆਂ ਵੀ ਕਿਤਾਬਾਂ ਨੇ ਉਹ ਸਾਰੀਆਂ ਹੁਣ ਵੀ ਮਿਲ ਜਾਂਦੀਆਂ ਨੇ?

ਉੱਤਰ - ਹਾਂ ਜੀ, ਤਕਰੀਬਨ ਸਾਡੇ ਕੋਲ ਸਾਰੀਆਂ ਹੀ ਹੈਗੀਆਂ। ਜੇ ਕੋਈ ਨਹੀਂ ਹੁੰਦੀ, ਉਹਦੀ ਦੁਬਾਰਾ ਛਪਾਈ ਹੋ ਜਾਂਦੀ ਹੈ। 20-25 ਸਾਲ ਤੋਂ ਜਿਹੜੀ ਕਿਤਾਬਾਂ ਦੀ ਭੇਟਾ ਫਿਕਸ ਹੋਈ ਉਹੀ ਹੈ, ਉਹ ਵੀ ਲਾਗਤ ਮਾਤਰ ਨੇ। ਉਹ ਵੀ ਅੱਧੀ ਭੇਟਾ ਲਈ ਜਾਂਦੀ ਹੈ। ਇਕ ਪਿਆਰ ਦੀ ਭੇਟਾ। ਕਿਉਂਕਿ ਇਹਦੇ ਵਿਚ ਸਾਰੀ ਨਾਮ ਦੀ ਗੱਲ ਹੈ -

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥* *ਅੰਗ - ੭੯੭*

ਬਾਣੀ ਨਾਮ ਦੇ ਨਾਲ ਜੋੜਦੀ ਹੈ। ਭਾਵੇਂ ਕੋਈ ਕਿੱਡਾ ਹੀ ਵੱਡਾ ਆਪਣੇ ਆਪ 'ਚ ਹੋਵੇ, ਪਰ ਬਾਣੀ ਦੇ ਰਾਹੀਂ ਹੀ ਨਾਮ ਨਾਲ ਜੁੜਿਆ ਜਾਂਦੈ। ਇਸ ਤਰ੍ਹਾਂ ਨਹੀਂ ਕਿ ਕੋਈ ਸਰੀਰ ਕਹੇ ਕਿ ਮੈਂ ਇਹ ਕਰ ਸਕਦਾ ਹਾਂ। ਭਾਵੇਂ ਸਤਿਜੁਗ ਸੀ ਉਸ ਸਮੇਂ ਵੀ ਇਹ ਸੀ ਕਿ ' ਰਾਤੀਂ ਜਾਇ ਸੁਣੈ ਗੁਰਬਾਣੀ।' ਉਸ ਸਮੇਂ ਵੀ ਗੁਰਬਾਣੀ ਦਾ ਹੀ ਹੁੰਦਾ ਸੀ। ਸਦਾ ਤੋਂ ਹੀ ਬਾਣੀ ਹੀ ਚੱਲੀ ਆਉਂਦੀ ਹੈ, ਬਾਣੀ ਹੀ ਨਾਮ ਨਾਲ ਜੋੜਦੀ ਹੈ। ਇਸ ਕਰਕੇ ਅਸੀਂ ਇਹਨੂੰ ਦਸ ਨਹੀਂ ਸਕੇ। ਇਹ ਸਾਰੇ ਸੰਸਾਰ ਦੀ ਸਰਬ ਸਾਂਝੀ ਗੁਰਬਾਣੀ ਹੈ।

*ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥*
*ਆਪਿ ਅਡੋਲੁ ਨ ਕਬਹੂ ਡੋਲੈ ॥* *ਅੰਗ- ੨੯੪*

ਇਹ ਸਾਰਿਆਂ ਵਾਸਤੇ ਉਪਦੇਸ਼ ਹੈ -

*ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥*
*ਅੰਗ - ੭੪੮*

ਇਸ ਕਰਕੇ ਇਹਦੇ ਪ੍ਰਚਾਰ ਦਾ, ਪ੍ਰਸਾਰ ਦਾ ਉਪਰਾਲਾ ਕਰਨ ਵਾਸਤੇ ਲਿਟਰੇਚਰ ਵਲ ਖਾਸ ਧਿਆਨ ਇਸ ਸੰਪਰਦਾ ਵਲੋਂ ਦਿਤਾ ਜਾਂਦਾ ਹੈ।

ਪ੍ਰਸ਼ਨ - ਬਾਬਾ ਜੀ ਨੇ ਇਹ ਗੱਲ ਕਹੀ ਸੀ ਕਿ ਗੁਰੂ ਗੁਰਮੰਤਰ ਦਿੰਦਾ ਹੈ, ਨਾਮ ਨਹੀਂ ਦਿੰਦਾ, ਕੋਈ ਕਿਸੇ ਨੂੰ ਨਾਮ ਦੇ ਵੀ ਨਹੀਂ ਸਕਦਾ। ਜਿਹੜੇ ਕਿ ਗੁਰਮਤਿ ਦੇ ਵਿਰੋਧੀ ਡੇਰੇ ਨੇ, ਜਾਂ ਦੰਭੀ ਗੁਰੂ, ਜਿਹੋ ਜਿਹੇ ਅੱਜਕਲ੍ਹ ਆਪਾਂ ਦੇਖ ਹੀ ਰਹੇ ਹਾਂ। ਉਹ ਜਦੋਂ ਨਾਮ ਦਾਨ ਦੇਣ ਦੀ ਗੱਲ ਕਰਦੇ ਨੇ ਜਾਂ ਨਾਮ ਦਾਨ ਦੇ ਕੇ ਜੋੜਨ ਦੀ ਗੱਲ ਕਰਦੇ ਨੇ, ਜਦੋਂ ਕੋਈ ਇਹ ਗੱਲ ਕਹਿੰਦੈ, ਸਮਝ ਲਓ ਉਹਨੂੰ ਨਾਮ ਦੇ ਬਾਰੇ ਪਤਾ ਹੀ ਨਹੀਂ, ਪਾਖੰਡ ਕਰ ਰਿਹਾ ਹੋਵੇਗਾ। ਸੋ ਸੰਤ ਬਾਬਾ ਵਰਿਆਮ ਸਿੰਘ ਜੀ, ਉਸ ਤੋਂ ਪਹਿਲਾਂ ਸੰਤ ਬਾਬਾ ਈਸ਼ਰ ਸਿੰਘ ਜੀ, ਰਾੜਾ ਸਾਹਿਬ, ਉਸ ਤੋਂ ਪਹਿਲਾਂ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ, ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ, ਸੰਤ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ, ਇਹ ਸੰਪਰਦਾ ਤੁਰੀ ਆ ਰਹੀ ਹੈ ਜਿਹੜੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਵਰੋਸਾਈ ਤੇ ਪੰਜਾਂ ਪਿਆਰਿਆਂ 'ਚੋਂ ਜਿਹੜੇ ਪ੍ਰਥਮ ਪਿਆਰੇ ਸਨ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਉਨ੍ਹਾਂ ਤੋਂ ਵਰੋਸਾਈ ਹੋਈ ਸੰਪਰਦਾ ਜਿਹੜੀਆਂ ਉਦੋਂ ਦੀਆਂ ਪ੍ਰਿਤਾਂ ਸਾਂਭੀਆਂ ਹੋਈਆਂ ਅੱਜ ਤੱਕ ਲਗਾਤਾਰ ਚਲੀਆਂ ਆ ਰਹੀਆਂ ਨੇ ਕਿ ਨਾਮ ਨਹੀਂ ਦਿੰਦਾ, ਗੁਰੂ ਗੁਰਮੰਤਰ ਦਿੰਦਾ ਹੈ। ਗੁਰੂ ਨਾਨਕ ਸਾਹਿਬ ਜਿਹੜਾ ਮੂਲਮੰਤਰ ਲੈ ਕੇ ਆਏ ਸੀ ਉਹਦਾ ਹੀ ਪ੍ਰਚਾਰ ਕੀਤਾ ਜਾਂਦਾ ਹੈ। ਉਹਦੇ ਨਾਲ ਜੁੜਨ ਦੀ ਲੋੜ ਹੈ। ਜੇ ਚਾਹੁੰਦੇ ਹੋ ਅਧਿਆਤਮਕ

ਸਫਰ ਤੁਹਾਡਾ ਅੰਦਰੋਂ ਉੱਚਾ ਹੋਵੇ ਤਾਂ ਦੰਭੀਆਂ ਤੇ ਪਾਖੰਡੀਆਂ ਨੂੰ ਛੱਡ ਕੇ ਗੁਰੂ ਘਰ ਨਾਲ ਜੁੜਨ ਦੀ ਲੋੜ ਹੈ ਤੇ ਜਿਹੜੇ ਸੱਚੇ-ਸੁੱਚੇ ਗੁਰਸਿੱਖ ਨੇ ਜਿਹੜੇ ਜੋੜ ਰਹੇ ਨੇ, ਜਿਹੜੇ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਗੱਲ ਕਰ ਰਹੇ ਹਨ। ਜਦੋਂ ਬਾਬਾ ਜੀ, ਤੁਸੀਂ ਸੁਰਤਿ ਸ਼ਬਦ ਮਾਰਗ ਦੀ ਗੱਲ ਕਰ ਰਹੇ ਸੀ, ਉਦੋਂ ਮੇਰੇ ਮਨ 'ਚ ਖਿਆਲ ਆਇਆ ਕਿ ਅੱਜ ਦੇ ਸਮੇਂ 'ਚ ਬਹੁਤੇ ਲੋਕ ਜਿਹੜੇ ਪਾਖੰਡੀ ਨੇ, ਉਨ੍ਹਾਂ ਲਈ ਕਿ ਭਾਈ ਸਾਡੇ ਮਨ ਦਾ ਟਿਕਾਅ ਆ ਜਾਵੇ। ਮਨ ਦੇ ਟਿਕਾਅ ਦਾ ਸਭ ਤੋਂ ਸੌਖਾ ਤਰੀਕਾ ਕਿਹੜਾ ਹੈ?

ਉੱਤਰ - ਇਹ ਜਿਹੜੀ ਸੰਪਰਦਾ ਹੈ ਇਹ ਨਾਮ ਅਭਿਆਸੀਆਂ ਦੀ ਸੰਪਰਦਾ ਹੈ। ਇਹਦੇ ਵਿਚ ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ -

*ਆਪਸ ਕਉ ਜੋ ਜਾਣੈ ਨੀਚਾ ॥*
*ਸੋਊ ਗਨੀਐ ਸਭ ਤੇ ਊਚਾ ॥* *ਅੰਗ- ੨੬੬*

ਆਪਣੇ ਆਪ ਨੂੰ ਨੀਚਾ ਸਦਾ ਕੇ, ਨੀਵਾਂ ਚਲ, ਕੁਛ ਨਾ ਬਣ ਕੇ ਕਿਉਂਕਿ ਜਿਹੜਾ ਵੀ ਕੁਛ ਨਹੀਂ ਬਣਦਾ, ਓਹਨੂੰ ਹੀ ਅਸਲ ਵਿਚ ਕਿਹਾ ਜਾ ਸਕਦਾ ਹੈ ਕਿ ਇਹ ਨਾਮ ਨਾਲ ਜੁੜ ਗਿਆ। ਕਿਉਂਕਿ ਇਹਦੇ ਵਿਚ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*
*ਅੰਗ - ੧੧੦੨*

ਇਸ ਕਰਕੇ ਇਹਦੇ ਵਿਚ ਜਿਹੜੀ ਤੁਸੀਂ ਗੱਲ ਕਹੀ ਹੈ, ਇਹ ਜੇ ਦੂਜੀਆਂ ਸੰਪਰਦਾਵਾਂ ਹਨ ਕਿਉਂਕਿ ਆਪਣੀ ਜੇ ਤੁਸੀਂ ਲਕੀਰ ਵੱਡੀ ਖਿੱਚ ਲਓ, ਦੂਜੇ ਦੀ ਆਪੇ ਛੋਟੀ ਹੋ ਜਾਂਦੀ ਹੈ। ਉਹ ਵੀ ਬਾਣੀ ਦਾ ਹੀ ਓਟ ਆਸਰਾ ਲੈ ਕੇ ਚਲਦੇ ਨੇ। ਜੇ ਦੇਖਿਆ ਜਾਵੇ ਉਹ ਕਥਾ ਵੀ ਇਹਦੀਓ ਕਰਦੇ ਨੇ, ਵਰਤੋਂ ਵੀ ਇਹਦੀ ਕਰਦੇ ਨੇ, ਪਰ ਅੱਗੇ ਜਦੋਂ ਹੁੰਦੈ ਕਿ ਨਾਮ ਦੇ ਦਾਤੇ ਬਣਨ ਦੀ ਗੱਲ, ਆਪ ਅੱਗੇ ਆ ਜਾਣਾ। ਉਹ ਇਥੇ ਆ ਕੇ ਭੁੱਲ ਪੈ ਜਾਂਦੀ ਹੈ। ਇਸੇ ਕਰਕੇ ਮਹਾਂਪੁਰਸ਼ਾਂ ਨੇ ਭੁਲੇਖੇ ਦੂਰ ਕੀਤੇ ਕਿ ਨਾਮ ਕਿਤੋਂ ਬਾਹਰੋਂ ਨਹੀਂ ਮਿਲਦਾ, ਕੋਈ ਕਹੇ ਕਿ ਮੈਂ ਨਾਮ ਦਿੰਨਾਂ। ਨਾਮ ਤਾਂ ਅੰਦਰੋਂ ਮਿਲਦੈ। ਨਾਮ ਤੱਕ ਪਹੁੰਚਣ ਵਾਸਤੇ ਗੁਰਮੰਤ੍ਰ ਲਿਆ ਜਾਂਦੈ। ਸਾਡੇ ਇਸ ਘਰ ਦੇ ਵਿਚ ਪੰਜ ਪਿਆਰੇ ਓਸ ਗੱਲ ਨੂੰ ਦ੍ਰਿੜ੍ਹ ਕਰਵਾਉਂਦੇ ਨੇ। ਜਦੋਂ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ। ਉਹਨਾਂ ਨੇ ਇਹੀ ਕਿਹਾ ਕਿ ਪ੍ਰੈਕਟੀਕਲ ਰੂਪ ਦੇ ਵਿਚ ਪੰਜ ਪਿਆਰੇ ਮੰਤ੍ਰ ਦੇਣ ਦੀ ਪ੍ਰਕ੍ਰਿਆ ਕਰਨਗੇ ਤੇ ਇਹਦੇ ਵਿਚੋਂ ***'ਖੋਜ ਸਬਦ ਮਹਿ ਲੇਹਿ'।*** ਵਾਹਿਗੁਰੂ ਮੰਤ੍ਰ ਜਦੋਂ ਸਵਾਸ 'ਤੇ ਆ ਜਾਂਦੈ, ਇਹ ਮਨ ਨੂੰ ਰੋਕਦੈ, ਕਿਉਂਕਿ - ***'ਇਹੁ ਮਨੁ ਉਡਨ ਪੰਖੇਰੂ ਬਨ ਕਾ॥'*** ਮਨ ਦਾ ਸੁਭਾਅ ਹੈ ਪਉਣ ਦੀ ਸਵਾਰੀ ਕਰਦਾ ਹੈ। ਸਵਾਸ ਨੂੰ ਕੰਟਰੋਲ ਕਰ ਲਓ, ਇਹਦੀ ਸਵਾਰੀ ਕਰ ਲਓ। ਮਨ ਆਪੇ ਹੀ ਕੰਟਰੋਲ ਵਿਚ ਆ ਜਾਂਦੈ। ਫੇਰ ਇਹਦੇ ਵਿਚ ਜਦੋਂ ਤੁਸੀਂ ਸਵਾਸ ਦੇ ਉਤੇ ਧਿਆਨ ਦਿੰਦੇ ਹੋ, ਅੰਦਰ ਨੂੰ ਸਵਾਸ ਜਾਂਦਾ ਹੈ, ਡੂੰਘਾ ਸਵਾਸ ਲਓ, ਪੇਟ ਬਾਹਰ ਨੂੰ ਆ ਗਿਆ। ਆਕਸੀਜਨ ਅੰਦਰ ਗਈ, ਜਦੋਂ ਛੱਡਣਾ ਹੈ ਬਾਹਰ ਨੂੰ ਉਸ ਸਮੇਂ ਵੀ ਕਾਰਬਨਡਾਈਆਕਸਾਈਡ ਬਾਹਰ ਗਈ। ਇਹਦੇ ਉਤੇ ਮੰਤ੍ਰ ਸਵਾਰ ਕਰ ਦਿਓ। ਖਾਲੀ ਨਾ ਜਾਣ ਦਿਓ। ਅੰਦਰ ਸੁਣਨਾ ਹੈ -

ਵਾਹਿ........................ਗੁਰੂ।

ਜਿੰਨਾਂ ਡੂੰਘਾ ਸਾਹ ਲਓਂਗੇ, ਮਨ ਦੌੜ ਨਹੀਂ ਸਕਦਾ। ਫੇਰ ਜਦੋਂ ਸਾਹ ਛੱਡੋ 'ਗੁਰੂ'। ਜਦੋਂ ਖਾਲੀ ਪੇਟ ਬੈਠ ਕੇ ਇਹ ਕਰਦੇ ਹਾਂ ਫੇਰ ਤੁਹਾਡੀਆਂ ਸਾਰੀਆਂ ਬਿਮਾਰੀਆਂ ਬਾਹਰ ਆ ਜਾਂਦੀਆਂ ਨੇ -

*ਪਰਮੇਸਰਿ ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ ਭੰਨਾ ॥*
*ਅੰਗ- ੬੨੭*

ਜਦੋਂ ਕਾਰਬਨਡਾਈਆਕਸਾਈਡ ਬਾਹਰ ਆਈ, ਪ੍ਰਾਣ ਵਾਯੂ, ਆਕਸੀਜਨ ਅੰਦਰ ਗਈ। ਇਹ ਮੰਤਰ ਦੇ ਬਲ ਨਾਲ ਕਿਉਂਕਿ -

*ਸਰਬ ਰੋਗ ਕਾ ਅਉਖਦੁ ਨਾਮੁ ॥* *ਅੰਗ- ੨੭੪*

ਹੈ ਤਾਂ ਦਵਾਈ ਸਭ ਦੇ ਅੰਦਰ ਪਈ ਹੈ -

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥* *ਅੰਗ- ੨੫੯*

ਜੁਗਤ ਦੀ ਲੋੜ ਪੈਂਦੀ ਹੈ। ਫੇਰ ਗੁਰੂ ਨਾਨਕ ਦੇ ਦਰ ਦੀ ਇਹੀ ਵਿਲੱਖਣਤਾ ਹੈ ਕਿ ਸੰਗਤ ਦੇ ਵਿਚ ਬੈਠ ਕੇ ਜਦੋਂ ਅਸੀਂ ਪੂਰੀ ਤਰ੍ਹਾਂ ਨਾਮ ਬਾਣੀ ਨਾਲ ਜੁੜਦੇ ਹਾਂ, ਜੁਗਤੀਆਂ ਮਿਲਦੀਆਂ ਨੇ। ਜੁਗਤੀਆਂ ਨਾਲ ਫੇਰ ਮੁਕਤੀ ਮਿਲ ਜਾਂਦੀ ਹੈ -

*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥*
*ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥* *ਅੰਗ- ੨੯੫*

ਪ੍ਰਸ਼ਨ - ਜਦੋਂ ਬਾਬਾ ਜੀ ਗੁਰਮੰਤ੍ਰ ਦੇ ਜਾਪ ਦੀ ਗੱਲ ਕਰ ਰਹੇ ਸਨ ਤਾਂ ਉਦੋਂ ਮੈਨੂੰ ਇਕ ਦਮ ਯਾਦ ਆ ਰਿਹਾ ਸੀ ਕਿ ਕਿਸੇ ਕੋਲ ਜਾਈਏ, ਤਾਂ ਇਹ ਕਿਹਾ ਜਾਂਦਾ ਹੈ ਚੰਗੀ ਸਿਹਤ ਦਾ ਰਾਜ਼, ਡੂੰਘੀ ਸਿਹਤ ਦਾ ਰਾਜ ਹੈ ਡੂੰਘਾ ਸਾਹ ਲਓ, ਬਹੁਤ ਡੂੰਘਾ ਸਾਹ ਲਓ ਤੇ ਜਿਹੜਾ ਯੋਗਾ ਹੈ ਉਹਦੇ ਵਿਚ ਵੀ ਡੂੰਘਾ ਸਾਹ ਲੈਣ ਦੀ ਗੱਲ ਹੈ। ਆਪਾਂ ਆਮ ਤੌਰ ਤੇ ਸਾਹ ਉਤੇ-ਉਤੇ ਹੀ ਲੈਂਦੇ ਹਾਂ। ਡੂੰਘਾ ਜਾਂਦਾ ਨਹੀਂ। ਪਰ ਸਾਡਾ ਤਾਂ

ਗੁਰਮੰਤ੍ਰ ਦਾ ਜਾਪ ਹੀ ਇਸ ਤਰੀਕੇ ਦਾ ਹੈ ਕਿ ਉਹਨੂੰ ਤੁਸੀਂ ਲਓ ਡੂੰਘਾ ਸਾਹ ਵੀ ਅੰਦਰ ਲੈ ਹੁੰਦੈ, ਹਵਾ ਅੰਦਰ ਵੀ ਜਾਂਦੀ ਹੈ, ਹਵਾ ਬਾਹਰ ਵੀ ਨਿਕਲਦੀ ਹੈ। ਵਾਹਿਗੁਰੂ ਦੇ ਜਾਪ ਦੇ ਨਾਲ ਤੁਹਾਡਾ ਸਰੀਰ ਵੀ ਅਰੋਗ ਅਤੇ ਨਾਲ-ਨਾਲ ਮਨ ਦਾ ਟਿਕਾਅ ਵੀ ਉਹਦੇ ਵਿਚ ਹੁੰਦੈ। ਸੋ ਇਹ ਤਰੀਕਾ ਜਿਹੜਾ ਬਾਬਾ ਜੀ ਨੇ ਦਸਿਐ ਇਹਨੂੰ ਅਜ਼ਮਾਅ ਕੇ ਦੇਖਣਾ ਚਾਹੀਦੈ। ਜ਼ਰੂਰ ਟਿਕ ਕੇ ਬੈਠਿਓ, ਘਰ ਬੈਠ ਕੇ ਕਿਤੇ ਇਹ ਯਤਨ ਕਰਕੇ ਦੇਖਿਓ, ਤਾਂ ਕਿ ਜਦੋਂ ਤੁਸੀਂ ਹੌਲੀ-ਹੌਲੀ ਡੂੰਘੇ ਸਾਹ ਦੇ ਨਾਲ 'ਵਾਹਿ' ਸ਼ਬਦ ਅੰਦਰ ਨੂੰ ਲੈ ਕੇ ਜਾਓ, ਜਦੋਂ ਸਾਹ ਨੂੰ ਬਾਹਰ ਕੱਢਣੈ, ਉਦੋਂ ਉਹਨੂੰ ਬਿਲਕੁਲ ਸਹਿਜ ਦੇ ਨਾਲ ਆਉਣ ਦਿਓ ਤੇ ਨਾਲ 'ਗੁਰੂ' ਸ਼ਬਦ ਕਹੋ। ਉਹਦੇ ਵਿਚ ਜਦੋਂ ਤੁਸੀਂ ਟਿਕੋਗੇ, ਸਾਹ ਦੇ ਉਤੇ ਟਿਕ ਗਏ, ਫੇਰ ਮਨ ਦਾ ਵੀ ਟਿਕਾਅ ਹੋ ਜਾਏਗਾ। ਬਾਬਾ ਜੀ! ਜਦੋਂ ਕਿਸੇ ਨਾਲ ਵੀ ਗੱਲ ਕਰੀਏ, ਸਾਹ ਪੁਲ ਨੇ ਸੰਸਾਰ ਦੇ ਵਿਚ ਰਹਿਣ ਦਾ। ਸਾਹ ਨਹੀਂ ਤਾਂ ਜ਼ਿੰਦਗੀ ਨਹੀਂ ਜੇ ਸਾਹ ਹੈ ਤਾਂ ਜ਼ਿੰਦਗੀ ਹੈ। ਸੋ ਸਾਹ 'ਤੇ ਹੀ ਸਾਰੀ ਗੱਲ ਖੜ੍ਹੀ ਹੈ।

*ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ ॥*

*ਅੰਗ- ੫੫੬*

ਇਸੇ ਕਰਕੇ ਗੱਲ ਕੀਤੀ ਗਈ ਹੈ। ਤੁਸੀਂ ਬਾਬਾ ਵਰਿਆਮ ਸਿੰਘ ਜੀ ਦੇ ਨਾਲ 1986 ਤੋਂ ਲੈ ਕੇ 2001 ਤਕ, ਤਕਰੀਬਨ 15 ਕੁ ਵਰ੍ਹੇ ਰਹੇ ਉਨ੍ਹਾਂ ਨਾਲ। ਇਨ੍ਹਾਂ 15 ਵਰ੍ਹਿਆਂ 'ਚ ਕੋਈ ਐਸੀ ਯਾਦਗਾਰੀ ਘਟਨਾ, ਬਾਬਾ ਜੀ ਦੇ ਜੀਵਨ 'ਤੇ ਜਿਹਨੇ ਤੁਹਾਨੂੰ ਵੀ ਟੁੰਭਿਆ ਹੋਵੇ ਤੇ ਜਿਹੜੇ ਸੁਣਨ ਵਾਲੇ ਉਹ ਵੀ ਟੁੰਭੇ ਜਾਣ?

ਉੱਤਰ - ਮਹਾਂਪੁਰਸ਼ਾਂ ਦੀ ਜੋ ਸੋਚ ਹੁੰਦੀ ਹੈ, ਉਹ ਗੁਰਬਾਣੀ 'ਤੇ ਅਧਾਰਿਤ ਹੋਣ ਕਰਕੇ, ਜੀਵਨ ਗੁਰਬਾਣੀ ਅਨੁਸਾਰ ਬਣਿਆ ਹੁੰਦੈ। ਉਨ੍ਹਾਂ ਨੂੰ ਸਾਰੇ ਹੀ ਪਿਆਰ ਕਰਦੇ ਨੇ।

*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥*

*ਅੰਗ- ੧੩੮੨*

ਦੋ ਮਿਸਾਲਾਂ ਆਪਣੇ ਸਿੱਖ ਧਰਮ 'ਚ ਮਿਲਦੀਆਂ ਨੇ - ਪਹਿਲੀ ਸੀ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੀ, ਉਨ੍ਹਾਂ ਨੇ ਸੰਸਕ੍ਰਿਤ ਕਾਲਜ ਦਾ ਸ਼ਿਲਾਨਿਆਸ ਰੱਖਿਆ, ਬਨਾਰਸ ਦੇ ਵਿਚ। ਜੋ ਅੱਜ ਹਿੰਦੂ ਯੂਨੀਵਰਸਿਟੀ ਹੈ।

ਬਾਬਾ ਜੀ! ਜਿਹੜੀ ਤੁਸੀਂ ਇਹ ਗੱਲ ਕੀਤੀ ਮੈਂ ਸਾਂਝੀ ਕਰ ਲਵਾਂ ਕਿਉਂਕਿ ਉਹ ਬਹੁਤ ਵੱਡੀ ਗੱਲ ਸੀ ਕਿ ਹਿੰਦੋਸਤਾਨ ਦੀ ਪਹਿਲੀ ਹਿੰਦੂ ਯੂਨੀਵਰਸਿਟੀ ਦਾ ਨੀਂਹ, ਮਦਨ ਮੋਹਨ ਮਾਲਵੀਆ ਹਿੰਦੂ ਸਭਾ ਦੇ ਪ੍ਰਧਾਨ ਸਨ। ਉਨ੍ਹਾਂ ਨੇ ਨੀਂਹ ਰਖਾਈ ਸੀ ਤੇ ਸੰਤ ਬਾਬਾ ਅਤਰ ਸਿੰਘ ਜੀ ਨੇ ਰੱਖੀ ਸੀ। ਉਥੇ ਹੀ ਮਦਨ ਮੋਹਨ ਮਾਲਵੀਆ ਨੇ ਐਲਾਨ ਕੀਤਾ ਸੀ ਕਿ ਜੇ ਹਿੰਦੋਸਤਾਨ ਨੂੰ ਆਜ਼ਾਦ ਕਰਾਉਣਾ ਚਾਹੁੰਦੇ ਹੋ, ਕਿਉਂਕਿ ਉਦੋਂ ਅੰਗਰੇਜ਼ਾਂ ਦਾ ਰਾਜ ਸੀ, ਹਰ ਘਰ ਵਿਚੋਂ ਇਕ ਵੱਡਾ ਬੱਚਾ ਗੁਰਸਿੱਖ ਬਣਾਇਆ ਜਾਵੇ ਤਾਂ ਸੰਤ ਬਾਬਾ ਅਤਰ ਸਿੰਘ ਜੀ ਜਦੋਂ ਅੰਮ੍ਰਿਤ ਸੰਚਾਰ ਕੀਤੇ, ਬਹੁਤ ਸਾਰੇ ਹਿੰਦੂ ਘਰਾਂ ਦੇ ਵਿਚੋਂ ਗੁਰਸਿੱਖ ਬਣੇ। ਜਿਹੜੇ ਸਿੱਖਾਂ ਨਾਲ ਸਾਡੀ ਗਿਣਤੀ 18 ਲੱਖ ਤੋਂ ਘੱਟ ਆ ਗਈ ਸੀ। ਉਹ ਸੰਤ ਮਹਾਰਾਜ ਦੇ ਹੁੰਦਿਆਂ-ਹੁੰਦਿਆਂ ਹੀ ਤਕਰੀਬਨ 40 ਲੱਖ ਤੋਂ ਉੱਤੇ ਟੱਪ ਗਈ।

ਬਾਬਾ ਜੀ - ਦੂਜੀ ਗੱਲ ਅਸੀਂ ਮੈਡੀਕਲ ਕਾਲਜ ਦਾ ਸ਼ਿਲਾਨਿਆਸ ਰੱਖਿਆ। ਉਹ ਨੀਂਹ ਪੱਥਰ ਸੰਤ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਰੱਖਿਆ। 1993 ਦੇ ਵਿਚ ਡਾ. ਸਵਾਮੀ ਰਾਮ ਜੀ ਦੇ ਹਸਪਤਾਲ ਵਿਚ ਦੇਹਰਾਦੂਨ, ਜੌਲੀ ਗਰਾਂਟ ਵਿਖੇ ਰੱਖਿਆ। ਉਹ ਵੀ ਅੱਜਕੱਲ੍ਹ ਮੈਡੀਕਲ ਯੂਨੀਵਰਸਿਟੀ ਬਣ ਗਈ। ਡਾ. ਸਵਾਮੀ ਰਾਮ ਜੀ ਵੀ ਬਹੁਤ ਵੱਡੇ ਯੋਗੀ ਸੀ। ਉਨ੍ਹਾਂ ਦਾ ਪੈਨਸਨਵਾਲੀਆ 'ਚ ਵੀ ਆਸ਼ਰਮ ਸੀ। ਉਹ 1995 'ਚ ਸਰੀਰ ਛੱਡ ਗਏ। ਬਾਬਾ ਜੀ ਨੇ ਵੀ ਉਥੇ ਗੱਲ ਕਰੀ ਸੀ ਕਿ - 'ਸਰਬ ਰੋਗ ਕਾ ਅਉਖਦੁ ਨਾਮੁ'। ਬਈ ਗੁਰਮੰਤ੍ਰ ਦੇ ਨਾਲ ਸਾਰੇ ਇਲਾਜ ਹੋ ਸਕਦੇ ਹਨ, ਮੰਤ੍ਰ ਚਕਿਤਸਾ ਨੂੰ ਅਪਨਾਓ। ਡੂੰਘਾ ਸਵਾਸ ਲੈ ਕੇ ਛੱਡੋ ਕਿ ਬਿਮਾਰੀਆਂ ਬਾਹਰ ਆ ਜਾਂਦੀਆਂ ਨੇ। ਮੰਤ੍ਰ ਗੁਰੂ ਨਾਨਕ ਘਰ ਦਾ ਬਹੁਤ ਸ਼ਕਤੀਸ਼ਾਲੀ ਹੈ।

ਪ੍ਰਸ਼ਨ - ਬਾਬਾ ਜੀ! ਤੁਸੀਂ ਸਵਾਮੀ ਰਾਮ ਜੀ ਦੀ ਗੱਲ ਕੀਤੀ। ਪ੍ਰੋ. ਪੂਰਨ ਸਿੰਘ ਜੀ ਜਿਹੜੇ ਪੰਜਾਬੀ ਦੇ ਬਹੁਤ ਵੱਡੇ ਸ਼ਾਇਰ ਹੋਏ ਨੇ। ਉਹ ਉਨ੍ਹਾਂ ਤੋਂ ਬੜੇ ਪ੍ਰਭਾਵਿਤ ਸੀਗੇ। ਕਿਸੇ ਸਮੇਂ ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਸੰਨਿਆਸੀ ਬਣ ਗਏ ਸੀ ਪ੍ਰੋ. ਪੂਰਨ ਸਿੰਘ ਜੀ।

ਬਾਬਾ ਜੀ - ਉਹ ਸਵਾਮੀ ਰਾਮ ਤੀਰਥ ਸੀ। ਇਹ ਸਵਾਮੀ ਰਾਮ ਜੀ ਸੀ ਦੇਹਰਾਦੂਨ ਵਾਲੇ। ਜਿਹੜੇ ਸਵਾਮੀ ਰਾਮ ਤੀਰਥ ਸੀ, ਉਨ੍ਹਾਂ ਦੇ ਪ੍ਰਭਾਵ ਹੇਠ ਪ੍ਰੋ. ਪੂਰਨ ਸਿੰਘ ਨੇ ਇਕ ਵਾਰੀ ਤਾਂ ਇਨ੍ਹਾਂ ਨੇ ਕੇਸ ਕਟਾ ਕੇ ਪੂਰੀ ਤਰ੍ਹਾਂ ਨਾਲ ਯੋਗੀ ਬਣ ਗਏ ਸੀ। ਫੇਰ ਭਾਈ ਵੀਰ ਸਿੰਘ ਜੀ ਨੇ ਕਿਹਾ ਕਿ 'ਨਾਨਕ ਕੇ ਘਰਿ ਕੇਵਲ ਨਾਮੁ' ਗੁਰੂ ਦੇ ਦਰ 'ਤੇ ਸਭ ਕੁਛ ਹੈ, ਗੁਰਬਾਣੀ ਦੇ ਵਿਚ। ਤੁਸੀਂ ਇਸ ਤਰ੍ਹਾਂ ਦੇ ਨਾਲ ਆਪਣਾ ਧਰਮ ਨਾ ਛੱਡੋ। ਕਿਉਂਕਿ ਜੋ ਧਰਮ ਅਪਣਾਅ ਲਿਆ ਉਹਨੂੰ ਕਦੇ ਛੱਡਣਾ ਨਹੀਂ ਚਾਹੀਦਾ। ਸਿੱਖੀ ਸਿਦਕ ਕੇਸਾਂ ਸਵਾਸਾਂ ਤਕ ਨਿਭੇ। ਫੇਰ ਉਨ੍ਹਾਂ ਦੀ ਪ੍ਰੇਰਨਾ ਦੇ ਨਾਲ ਪ੍ਰੋ. ਪੂਰਨ ਸਿੰਘ ਜੀ ਨੇ ਅੰਮ੍ਰਿਤ ਛਕਿਆ ਸੀ।

*'ਚਲਦਾ...........।'*

# ਟੂਟੀ ਗਾਢਨਹਾਰ ਗੋਪਾਲ.....
## (40 ਮੁਕਤਿਆਂ ਨੂੰ ਸਮਰਪਿਤ)

*ਡਾ. ਜਗਜੀਤ ਸਿੰਘ*

ਸਿੱਖ ਪੰਥ ਵਿਚ ਮੁਕਤਸਰ ਸਾਹਿਬ (ਖਿਦਰਾਣੇ ਦੀ ਢਾਬ) ਵਿਖੇ ਮਾਘ ਦੀ ਸੰਗਰਾਂਦ ਨੂੰ ਵਿਸ਼ੇਸ਼ ਧਾਰਮਿਕ ਦੀਵਾਨ ਸਜਦੇ ਹਨ ਜਿਥੇ ਉਨ੍ਹਾਂ ਅਣਖੀਲੇ ਬਹਾਦਰ ਸਿੰਘਾਂ ਨੂੰ ਯਾਦ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਧਰਮ ਯੁੱਧ ਵਿਚ 1705 ਈਸਵੀ ਵਿਚ ਸਰਹੰਦ ਦੀ ਮੁਗਲ ਫੌਜ ਦੇ ਦੰਦ ਖੱਟੇ ਕੀਤੇ, ਇਕ-ਇਕ ਸਿੰਘ ਹਜ਼ਾਰਾਂ ਤੇ ਭਾਰੂ ਹੋਇਆ, ਅਣਗਿਣਤ ਦੁਸ਼ਮਣਾਂ ਦਾ ਦਲੇਰੀ ਨਾਲ ਮੁਕਾਬਲਾ ਕੀਤਾ। ਆਪ ਸ਼ਹੀਦੀਆਂ ਪਾਈਆਂ ਪਰ ਦੁਸ਼ਮਣ ਨੂੰ ਮੈਦਾਨੇ-ਜੰਗ ਵਿਚ ਭਾਰੀ ਹਾਰ ਦਿਤੀ। ਗੁਰੂ ਜੀ ਦਾ ਇਹ ਵਾਕ ਸੱਚਾ ਸਿੱਧ ਕਰ ਵਿਖਾਇਆ -

*ਸਵਾ ਲਾਖ ਸੇ ਏਕ ਲੜਾਊਂ ਤਬੈ ਗੋਬਿੰਦਸਿੰਘ ਨਾਮ ਕਹਾਊ।*

ਅਨੰਦਪੁਰ ਸਾਹਿਬ ਦੇ ਲੰਮੇ ਘੇਰੇ ਸਮੇਂ ਕੁਝ ਕੁ ਸਿੰਘਾਂ ਦਾ ਮਨੋਬਲ ਡਿੱਗਣ ਕਾਰਣ ਗੁਰੂ ਤੋਂ ਬੇਮੁਖ ਹੋ ਘਰਾਂ ਨੂੰ ਚਲੇ ਗਏ ਸੀ। ਮਾਤਾ ਭਾਗ ਕੌਰ ਨੇ ਉਨ੍ਹਾਂ ਦੀ ਅਣਖ ਨੂੰ ਵੰਗਾਰਿਆ ਅਤੇ ਇਹ ਗੁਰੂ ਸਾਹਿਬ ਤੋਂ ਭੁੱਲ ਬਖਸ਼ਾਉਣ ਘਰੋਂ ਚੱਲੇ ਸੀ ਤੇ ਭਾਲ ਕਰਦਿਆਂ ਖਿਦਰਾਣੇ ਦੀ ਢਾਬ ਤੇ ਹੋਏ ਹਮਲੇ ਨੂੰ ਰੋਕਣ ਲਈ ਮੁਗਲ ਸੈਨਾ ਨਾਲ ਆ ਟਕਰਾਏ, ਮੁਗਲ ਸੈਨਾ ਨੂੰ ਭਾਜੜਾਂ ਪਾਈਆਂ। ਵਜ਼ੀਰਖਾਨ ਦੀਆਂ ਫੌਜਾਂ ਕੁਝ ਸ਼ਹੀਦ ਹੋਈਆਂ, ਕੁਝ ਭੱਜ ਗਈਆਂ। ਬੇਦਾਵਾ ਦੇ ਕੇ ਗਏ ਸਾਰੇ ਸਿੰਘ ਇਸ ਲੜਾਈ ਵਿਚ ਸ਼ਹੀਦ ਹੋ ਗਏ।

ਗੁਰੂ ਮਹਾਰਾਜ ਨੇ ਇਕ-ਇਕ ਸ਼ਹੀਦ ਦਾ ਸਿਰ ਚੁੰਮਿਆ, ਪਿਆਰ ਕੀਤਾ, ਵਰਦਾਨ ਦਿਤੇ, 'ਮੇਰਾ ਪੰਜ ਹਜ਼ਾਰੀ' 'ਮੇਰਾ ਪਿਆਰਾ ਦਸ ਹਜ਼ਾਰੀ' 'ਮੇਰਾ ਨਿਰਭਉ ਯੋਧਾ.....' ਅਤੇ ਜਦੋਂ ਇਨ੍ਹਾਂ ਸਿੰਘ ਦੇ ਜਥੇਦਾਰ ਭਾਈ ਮਹਾਂ ਸਿੰਘ ਪਾਸ ਪੁੱਜੇ ਤਾਂ ਹਾਲੀ ਉਨ੍ਹਾਂ ਨੇ ਪ੍ਰਾਣ ਨਹੀਂ ਤਿਆਗੇ ਸਨ। ਗੁਰੂ ਜੀ ਨੇ ਉਨ੍ਹਾਂ ਦਾ ਸੀਸ ਗੋਦੀ ਵਿਚ ਰਖ ਕੇ ਪਿਆਰ ਕੀਤਾ। ਬਹਾਦਰੀ ਤੇ ਕੁਰਬਾਨੀ ਤੇ ਤਰੁੱਠ ਕੇ ਬੋਲੇ, ਭਾਈ ਮਹਾਂ ਸਿੰਘ! ਅੱਜ ਗੁਰੂ ਤਰੁੱਠਿਆ ਹੈ, ਤੁਹਾਡੀ ਸਭ ਦੀ ਕੁਰਬਾਨੀ ਤੇ ਬਹਾਦਰੀ ਬੇਮਿਸਾਲ ਹੈ। ਅੱਜ ਮੰਗੋ, ਰਾਜ ਭਾਗ, ਸਰਦਾਰੀਆਂ, ਚਾਰੋਂ ਪਦਾਰਥ...ਗੁਰੂ ਘਰ ਤੋਂ ਜੋ ਮੰਗੋ, ਮਿਲੇਗਾ। ਸੇਜਲ ਅੱਖਾਂ ਵਿਚੋਂ ਤ੍ਰਿਪ-ਤ੍ਰਿਪ ਵਗਦੇ ਹੰਝੂ ਸੰਕੋਚਦੇ ਹੋਏ ਭਾਈ ਮਹਾਂ ਸਿੰਘ ਜੀ ਬੋਲੇ, "ਦੋ ਜਹਾਨ ਦੇ ਵਾਲੀ ਸਤਿਗੁਰੂ ਜੀ! ਕੋਟ ਅਪਰਾਧ ਬਖਸ਼ਣਹਾਰੇ ਸਤਿਗੁਰੂ ਜੀ! ਤਰੁੱਠੇ ਹੋ ਤਾਂ ਅਨੰਦਪੁਰ ਸਾਹਿਬ ਦੀ ਜੰਗ ਸਮੇਂ ਭੁੱਖ ਤ੍ਰੇਹ ਤੋਂ ਤੰਗ ਆਏ ਸਿੰਘਾਂ ਵਲੋਂ ਲਿਖਿਆ ਬੇਦਾਵਾ ਪਾੜ ਦਿਉ ਜੀ, ਬੇਮੁਖ ਹੋਇਆਂ ਨੂੰ ਮੁੜ ਗੁਰੂ ਚਰਨਾਂ ਨਾਲ ਜੋੜ ਦਿਉ ਜੀ। ਇਹੋ ਮੇਰੀ ਤੇ ਸਭਨਾਂ ਸ਼ਹੀਦ ਹੋਏ ਸਿੰਘਾਂ ਦੀ ਅਰਦਾਸ, ਬੇਨਤੀ ਤੇ ਜੋਦੜੀ ਹੈ ਜੀ।" ਗੁਰੂ ਜੀ ਵੀ ਵੈਰਾਗ ਵਿਚ ਆਏ, ਰੱਜ ਕੇ ਪਿਆਰ ਕੀਤਾ, ਘੱਟ-ਘੱਟ ਦੀ ਜਾਨਣਹਾਰੇ ਦਸ਼ਮੇਸ਼ ਪਿਤਾ ਨੇ ਬੇਦਾਵਾ-ਪੱਤਰ ਸ਼ਾਇਦ ਏਸੇ ਘੜੀ ਲਈ ਸੰਭਾਲ ਰੱਖਿਆ ਸੀ। ਕਮਰਕੱਸੇ ਵਿਚੋਂ ਪੱਤਰ ਕੱਢਿਆ, ਲੀਰੋ-ਲੀਰ ਕੀਤਾ ਤੇ ਸ਼ਹੀਦ ਸਿੰਘਾਂ ਨੂੰ ਖਿਮਾ ਕਰਦਿਆਂ, ਕੁਰਬਾਨੀਆਂ ਤੋਂ ਕੁਰਬਾਨ ਹੋਂਦਿਆਂ, ਅਨੇਕਾਂ ਬਖਸ਼ਿਸ਼ਾਂ ਕੀਤੀਆਂ, ਵਰ੍ਹ ਦਿਤੇ। ਸੰਗਤਾਂ ਨੇ ਇਸ ਖਿਦਰਾਣੇ ਦੀ ਢਾਬ ਨੂੰ ਇਨ੍ਹਾਂ ਮੁਕਤ ਹੋਏ ਸਿੰਘਾਂ ਦੀ ਯਾਦ ਵਿਚ 'ਮੁਕਤਸਰ' ਦਾ ਨਾਮ ਦਿਤਾ। ਖਦਰਾਣੇ ਦੀ ਢਾਬ (ਸ੍ਰੀ ਮੁਕਤਸਰ ਸਾਹਿਬ) ਵਿਖੇ ਇਹ ਯੁੱਧ ਜਨਵਰੀ 1705 ਵਿਚ ਹੋਇਆ ਸੀ ਅਤੇ ਇਹ ਸ਼ਹੀਦੀ ਸਮਾਗਮ ਮਾਘ ਮਹੀਨੇ ਦੀ ਸੰਗਰਾਂਦ ਨੂੰ ਆਯੋਜਿਤ ਕੀਤੇ ਜਾਂਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖੀ ਜਾਮਾ ਧਾਰਨ ਦਾ ਮਨੋਰਥ ਸਪੱਸ਼ਟ ਤੌਰ ਤੇ ਦਸਿਆ ਹੈ -

*ਯਾਹੀ ਕਾਜ ਧਾਰਾ ਹਮ ਜਨਮੰ*
*ਸਮਝ ਲੇਹੁ ਸਾਧੁ ਸਭ ਮਨਮੰ॥*
*ਧਰਮ ਚਲਾਵਨ ਸੰਤ ਉਬਾਰਨ॥*
*ਦੁਸ਼ਟ ਸਭਨ ਕੋ ਮੂਲ ਉਪਾਰਨ॥*

ਜਬਰ ਜ਼ੁਲਮ ਅਤੇ ਬੇਇਨਸਾਫੀ ਵਿਰੁੱਧ ਪਹਿਲੀ ਪਾਤਸ਼ਾਹੀ ਤੋਂ ਸੰਘਰਸ਼ ਆਰੰਭ ਹੋ ਗਿਆ ਸੀ। ਗੁਰੂ ਮਹਾਰਾਜ ਸਾਰੀ ਮਨੁੱਖਤਾ ਨੂੰ ਪਿਆਰ ਕਰਦੇ ਸੀ, ਸਾਰੀਆਂ ਯਾਤਰਾਵਾਂ ਵਿਚ ***'ਏਕ ਪਿਤਾ ਏਕਸ ਕੇ ਹਮ ਬਾਰਿਕ'*** ਅਤੇ ***'ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ'*** ਦਾ ਹੀ ਸੰਦੇਸ਼ ਦੇਂਦੇ ਰਹੇ। ਉਚ-ਨੀਚ, ਅਮੀਰ-ਗਰੀਬ, ਜਾਤ-ਪਾਤ, ਸਭ ਦਾ ਖੰਡਨ ਕੀਤਾ, ਪਾਪ ਤੇ ਜ਼ੁਲਮ ਕਰਨ ਵਾਲੇ ਹੁਕਮਰਾਨਾਂ ਨੂੰ 'ਰਾਜੇ ਸ਼ੀਂਹ ਮੁਕੱਦਮ ਕੁਤੇ' ਕਹਿ ਕੇ ਸ਼ਰਮਨਾਕ ਕੀਤਾ। ਸ੍ਵੈ-ਮਾਣ ਦਾ ਜੀਵਨ ਜੀਉਣ ਦੀ ਸਿਖਿਆ ਦਿਤੀ। ਸਾਂਝੀ ਸੰਗਤ ਪੰਗਤ ਦੀ ਪਰੰਪਰਾ ਚਾਲੂ ਕੀਤੀ। ਗੁਰੂ ਅਰਜਨ ਦੇਵ ਜੀ ਸੱਚ ਦੀ ਸਾਖ ਭਰਦਿਆਂ ਸ਼ਹੀਦ ਹੋਏ। ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਵੈ-ਮਾਣ ਦੀ

ਰਖਿਆ ਲਈ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਨੂੰ ਗੁਰੂ ਨਾਨਕ ਦੇਵ ਜੀ ਦੇ ਚਲਾਏ ਪੰਥ ਨੂੰ ਖਾਲਸਾ ਪੰਥ ਦੀ ਸਾਜਨਾ ਨਾਲ ਸੰਪੂਰਨਤਾ ਪ੍ਰਦਾਨ ਕੀਤੀ। ਬਦੇਸ਼ੀ ਹਕੂਮਤ ਮੁਗਲ ਸਾਮਰਾਜ ਲਈ ਇਹ ਖਤਰੇ ਦਾ ਨਿਸ਼ਾਨ ਸੀ, ਇਸ ਲਈ ਖਾਲਸੇ ਅਤੇ ਮੁਗਲਾਂ ਵਿਚ ਕਸ਼ਮਕਸ਼ ਸ਼ੁਰੂ ਹੋਈ। ਗੁਰੂ ਜੀ ਨੂੰ ਆਪਣੇ ਜੀਵਨ ਕਾਲ ਵਿਚ 14 ਐਸੇ ਧਰਮ ਯੁੱਧ ਲੜਨੇ ਪਏ ਜਦ ਕਿ ਉਨ੍ਹਾਂ ਨੇ ਜ਼ਮੀਨ, ਜਰ, ਜੋਰੂ ਲਈ ਕੋਈ ਲੜਾਈ ਨਹੀਂ ਲੜੀ, ਨਾ ਹੀ ਅਜਿਹਾ ਉਨ੍ਹਾਂ ਦਾ ਆਦਰਸ਼ ਸੀ। ਉਹ ਤਾਂ ਅਮਨ, ਸ਼ਾਂਤੀ ਦੇ ਪੁਜਾਰੀ ਸੀ ਪਰ ਕਾਇਰ ਹੋਣਾ ਉਨ੍ਹਾਂ ਨੂੰ ਉੱਕਾ ਹੀ ਪਸੰਦ ਨਹੀਂ ਸੀ। ਜਦੋਂ ਹੋਰ ਹੀਲੇ ਕਾਰਗਾਰ ਸਾਬਤ ਨਾਂਹ ਹੋਣ ਤਾਂ ਕਿਰਪਾਨ ਉਠਾਣਾ ਸਾਡਾ ਧਰਮ ਤੇ ਫਰਜ਼ ਹੈ, ਐਸੀ ਉਨ੍ਹਾਂ ਦੀ ਵਿਚਾਰਧਾਰਾ ਹੈ-

*ਚੁਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ।*
*ਹਲਾਲਸਤ ਬੁਰਦਨ ਬਸ਼ਮਸ਼ੀਰ ਦਸਤ।* (ਜ਼ਫਰਨਾਮਾ)

ਜਬਰ ਅਤੇ ਜ਼ੁਲਮ ਵਿਰੁੱਧ ਗੁਰੂ ਮਹਾਰਾਜ ਨੇ ਕੁਲ 14 ਧਰਮ ਯੁੱਧ ਲੜੇ। ਪਹਿਲਾ ਭੰਗਾਣੀ (ਪਾਉਂਟਾ ਸਾਹਿਬ) ਦਾ ਯੁੱਧ ਅਪ੍ਰੈਲ 1686 ਵਿਚ ਪਹਾੜੀ ਰਾਜੇ ਫਤਿਹਸ਼ਾਹ ਅਤੇ ਉਸ ਨਾਲ ਰਲੇ ਹੋਰ ਪਹਾੜੀ ਰਾਜਿਆਂ ਨਾਲ ਹੋਇਆ। ਗੁਰੂ ਜੀ ਅਨੁਸਾਰ -

*ਫਤੇਸ਼ਾਹ ਕੋਪਾ ਤਬੀ ਰਾਜਾ।*
*ਲੋਹ ਪੜਾ ਹਮ ਸੋ ਬਿਨ ਕਾਜਾ॥*

ਇਸ ਜੰਗ ਵਿਚ ਪਹਾੜੀ ਰਾਜਿਆਂ ਨੂੰ ਮੂੰਹ ਦੀ ਖਾਣੀ ਪਈ। ਗੁਰੂ ਜੀ ਦਾ ਫੁਰਮਾਨ ਹੈ -

*ਭਈ ਜੀਤ ਮੇਰੀ।*
*ਕ੍ਰਿਪਾ ਕਾਲ ਕੇਰੀ।*

ਦੂਜਾ ਯੁੱਧ ਬਿਆਸ ਦੇ ਕੰਢੇ ਨਦੌਨ ਵਿਖੇ 20 ਮਾਰਚ 1688 ਨੂੰ ਔਰੰਗਜ਼ੇਬ ਦੇ ਅਹਿਲਕਾਰਾਂ ਦਿਲਾਵਰਖਾਨ ਅਤੇ ਅਲਫਖਾਨ ਨਾਲ ਹੋਇਆ। ਗੁਰੂ ਜੀ ਨੂੰ ਜਿੱਤ ਪ੍ਰਾਪਤ ਹੋਈ। ਤੀਜਾ ਯੁੱਧ ਸ੍ਰੀ ਅਨੰਦਪੁਰ ਸਾਹਿਬ, ਸਤਲਜੁ ਕਿਨਾਰੇ ਦਸੰਬਰ 1695 ਵਿਚ ਦਿਲਾਵਰ ਖਾਨ ਦੀ ਆਪਣੇ ਪੁੱਤਰ ਨਈਮਖਾਨ ਦੀ ਕਮਾਂਡ ਵਿਚ ਭੇਜੀ ਫੌਜ ਨਾਲ ਹੋਇਆ। ਤੀਰਾਂ, ਤੋਪਾਂ ਤੇ ਬੰਦੂਕਾਂ ਦੀ ਗੜਗੜਾਹਟ ਸੁਣ ਕੇ ਮੁਗਲ ਸੈਨਾ ਭੱਜ ਗਈ -

*ਇਤੇ ਬੀਰ ਗੱਜੇ, ਭਏ ਨਾਦ ਭਾਰੇ।*
*ਭਜੇ ਖਾਨ ਖੂਨੀ, ਬਿਨਾਂ ਸ਼ਸਤਰ ਝਾਰੇ।*

ਚੌਥਾ ਯੁੱਧ ਗੁਲੇਰ (ਕਾਂਗੜਾ) ਵਿਖੇ 20 ਫਰਵਰੀ 1696, ਹੁਸੈਨਖਾਨ ਅਤੇ ਪਹਾੜੀ ਰਾਜੇ ਅਜਮੇਰ ਚੰਦ ਕਿਰਪਾਲ ਚੰਦ ਅਤੇ ਹਿੰਮਤ ਰਾਇ ਦੀ ਸੈਨਾ ਨਾਲ ਹੋਇਆ। ਹੁਸੈਨ ਖਾਨ, ਕ੍ਰਿਪਾਲ ਕਾਂਗੜੇ ਦਾ ਅਤੇ ਹਿੰਮਤ ਰਾਇ ਮੌਤ ਦੇ ਘਾਟ ਉਤਰੇ। ਸਿੱਖ ਸੈਨਾ ਨੇ ਫਤਹਿ ਹਾਸਲ ਕੀਤੀ।

ਪੰਜਵਾਂ ਯੁੱਧ ਭੁਲਾਨ ਵਿਖੇ 1696 ਵਿਚ ਦਿਲਾਵਰ ਖਾਨ ਦੀ ਸੈਨਾ ਨਾਲ ਹੋਇਆ ਪਰ ਸਿੱਖ ਫੌਜਾਂ ਨਾਲ ਟੱਕਰ ਨਹੀਂ ਹੋਈ, ਉਸ ਨੇ ਪਹਾੜੀ ਰਾਜਿਆਂ ਵਲ ਰੁੱਖ ਕਰ ਲਿਆ। ਛੇਵਾਂ ਯੁੱਧ ਦੂਨ ਬਿਲਾਸਪੁਰ ਵਿਖੇ 1699 ਵਿਚ ਬਲੀਆ ਚੰਦ ਤੇ ਆਲਮ ਚੰਦ ਨਾਲ ਹੋਇਆ। ਸਿੱਖ ਜਰਨੈਲ ਊਦੈ ਸਿੰਘ ਦੇ ਤਿਖੇ ਵਾਰ ਨੇ ਆਲਮ ਚੰਦ ਦੀ ਸੱਜੀ ਬਾਂਹ ਵੱਢ ਦਿਤੀ। ਭਾਜੜਾਂ ਪੈ ਗਈਆਂ। ਗੁਰੂ ਦੀਆਂ ਫੌਜਾਂ ਨੂੰ ਜਿੱਤ ਪ੍ਰਾਪਤ ਹੋਈ। 7ਵਾਂ ਯੁੱਧ ਕੀਰਤਪੁਰ (ਸ੍ਰੀ ਅਨੰਦਪੁਰ ਸਾਹਿਬ) ਜੁਲਾਈ 1700 ਵਿਚ ਪੈਂਦੇ ਖਾਨ ਤੇ ਦੀਨਾ ਬੇਗ ਨਾਲ ਹੋਇਆ। ਗੁਰੂ ਜੀ ਦੇ ਇਕੋ ਤੀਰ ਨਾਲ ਪੈਂਦੇ ਖਾਨ ਦਾ ਅੰਤ ਹੋ ਗਿਆ, ਦੂਜੇ ਨਾਲ ਦੀਨਾ ਬੇਗ ਫੱਟੜ ਹੋਇਆ। ਫੌਜਾਂ ਵਿਚ ਭਾਜੜ ਪੈ ਗਈ ਤੇ ਫੌਜਾਂ ਨੱਠ ਗਈਆਂ। 8ਵਾਂ ਲੋਹਗੜ੍ਹ (ਅਨੰਦਪੁਰ) ਅਗਸਤ 1701 ਵਿਚ ਹੋਇਆ। ਹਮਲਾਵਰ ਸਨ-ਪਹਾੜੀ ਰਾਜੇ ਕੇਸਰੀ ਚੰਦ, ਜਗਤੁੱਲਾ ਆਦਿ। ਇਸੇ ਯੁੱਧ ਵਿਚ ਗੁਰੂ ਜੀ ਨੇ ਭਾਈ ਬਚਿਤ੍ਰ ਸਿੰਘ ਨੂੰ ਨਾਗਣੀ ਬਰਛਾ ਦੇ ਕੇ ਮਸਤ ਹਾਥੀ ਦਾ ਟਾਕਰਾ ਕਰਨ ਲਈ ਭੇਜਿਆ ਸੀ। 9ਵਾਂ ਯੁੱਧ ਨਿਰਮੋਹਗੜ੍ਹ ਅਕਤੂਬਰ 1701 ਵਿਚ ਹੋਇਆ। ਰੁਸਤਮਖਾਨ ਜੰਗ ਵਿਚ ਮਾਰਿਆ ਗਿਆ, ਫੌਜਾਂ ਨੂੰ ਨਠਦਿਆਂ ਦੇਰ ਨਾ ਲੱਗੀ। 10ਵਾਂ ਯੁੱਧ ਬਸੌਲੀ ਵਿਖੇ 1702 ਨੂੰ ਹੋਇਆ। ਰਾਜਾ ਕਹਿਲੂਰ ਨੇ ਈਨ ਮੰਨ ਕੇ ਜਾਨ ਬਖਸ਼ਾਈ। 11ਵਾਂ ਯੁੱਧ ਅਨੰਦਪੁਰ ਵਿਖੇ 1703 ਵਿਚ ਹੋਇਆ। ਸੈਦਖਾਨ ਨੇ ਹਥਿਆਰ ਸੁਟ ਕੇ ਈਨ ਮੰਨ ਲਈ। 12ਵਾਂ ਯੁੱਧ ਅਨੰਦਪੁਰ ਸਾਹਿਬ 1704 ਈ. ਵਿਚ ਹੋਇਆ। ਵਿਰੋਧੀ ਸਨ ਸਾਰੇ ਪਹਾੜੀ ਰਾਜੇ, ਲਾਹੌਰ ਤੋਂ ਮੁਗਲ ਸੈਨਾ, ਸਰਹੰਦ ਤੇ ਜੰਮੂ ਦੇ ਨਵਾਬ 10 ਮਹੀਨੇ ਅਨੰਦਪੁਰ ਸ਼ਾਹੀ ਤੇ ਪਹਾੜੀ ਸੈਨਾ ਨਾਲ ਘਿਰਿਆ ਰਿਹਾ। ਕੁਰਾਨ ਤੇ ਗੀਤਾ ਦੀਆਂ ਝੂਠੀਆਂ ਸੌਂਹਾਂ ਖਾ ਕੇ ਕਿਲ੍ਹਾ ਖਾਲੀ ਕਰਵਾਇਆ। ਏਥੇ ਹੀ ਸਿੰਘਾਂ ਨੇ ਭੁੱਖ ਤੋਂ ਤੰਗ ਆ ਕੇ ਬੇਦਾਵਾ ਲਿਖਿਆ। 13ਵੀਂ ਲੜਾਈ 22 ਦਸੰਬਰ 1704 ਨੂੰ ਚਮਕੌਰ ਸਾਹਿਬ ਹੋਈ ਜੋ ਸੰਸਾਰ ਦਾ ਅਨੋਖਾ ਯੁੱਧ ਸੀ। ਇਕ ਪਾਸੇ ਦਸ ਲਖ ਸ਼ਾਹੀ ਤੇ ਪਹਾੜੀ ਸੈਨਾ, ਦੂਜੇ ਪਾਸੇ ਭੁੱਖੇ ਭਾਣੇ, ਤਿਹਾਏ, ਥੱਕੇ ਚਾਲੀ ਸਿੰਘ। ਏਥੇ ਹੀ ਸਿੰਘਾਂ ਦੇ ਸੰਗ ਸਾਥ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਸ਼ਹੀਦ ਹੋਏ। 14ਵਾਂ ਅਤੇ ਆਖਰੀ ਯੁੱਧ ਖਿਦਰਾਣੇ ਦੀ ਢਾਬ (ਮੁਕਤਸਰ ਸਾਹਿਬ) ਜਨਵਰੀ (ਮਾਘੀ ਦੇ ਦਿਨ) 1705 ਨੂੰ ਹੋਇਆ,

*(ਬਾਕੀ ਪੰਨਾ 63 'ਤੇ)*

# ਗੁਰੂ ਗੋਬਿੰਦ ਸਿੰਘ ਰਚਿਤ - ਜ਼ਫ਼ਰਨਾਮਾ

*ਸ. ਨਿਰੰਜਨ ਸਿੰਘ ਨੂਰ*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-53)*

### ਮੂਲ

**55. ਹਮਾਂ ਮਰਦ ਬਾਯਦ ਸ਼ਵੰਦ ਸੁਖਨਵਰ।**

**ਨ ਸ਼ਿਕਮਿ ਦਿਗਰ ਦਰ ਦਹਾਨਿ ਦਿਗਰ।**

ਅਰਥ - ਹਮਾਂ : ਸਾਰੇ, ਸੁਖ਼ਨਵਰ:ਜ਼ਬਾਨ ਦੇ ਧਨੀ, ਸ਼ਿਕਮ:ਪੇਟ, ਦਹਾਨ:ਮੂੰਹ

### ਅਨੁਵਾਦ

***ਉਹੀ ਮਰਦ ਹੈ ਜੋ ਬਚਨ ਪਾਲਦਾ,***

***ਦਿਲੋਂ ਕੁਝ ਮੂੰਹੋਂ ਕੁਝ ਤਾਂ ਕਾਫ਼ਰ ਨਿਰਾ।***

ਮਰਦ ਦਾ ਫਰਜ਼ ਹੈ ਕਿ ਉਹ ਜ਼ਬਾਨ ਦਾ ਧਨੀ ਹੋਵੇ। ਇਹ ਠੀਕ ਨਹੀਂ ਕਿ ਉਹਦੇ ਦਿਲ ਵਿਚ ਕੁਝ ਹੋਰ ਤੇ ਮੂੰਹ ਵਿਚ ਕੁਝ ਹੋਰ ਹੋਵੇ।

### ਮੂਲ

**56. ਕਿਹ ਕਾਜ਼ੀ ਮਰਾ ਗੁਫ਼ਤਹ ਬੇਰੂੰ ਨਯਮ।**

**ਅਗਰ ਰਾਸਤੀ ਖ਼ੁਦ ਬਯਾਰੇ ਕਦਮ।**

ਅਰਥ - ਬੇਰੂੰ ਨਯਮ:ਬਾਹਰ ਨਹੀਂ, ਰਾਸਤੀ:ਸਚਾਈ, ਬਯਾਰੇ ਕਦਮ:ਆਪਣੇ ਕਦਮ ਲਿਆਂ।

### ਅਨੁਵਾਦ

***ਅਜੇ ਵੀ ਜੇ ਤੂੰ ਠੀਕ ਰਸਤਾ ਲਿਆ,***

***ਤੇਰੇ ਪਹਿਲੇ ਪੈਗਾਮ ਤੇ ਹਾਂ ਮੈਂ ਖੜਾ।***

ਮੈਂ ਹੁਣ ਵੀ ਕਾਜ਼ੀ ਰਾਹੀਂ ਆਏ ਸੁਨੇਹੇ ਤੋਂ ਬਾਹਰ ਨਹੀਂ ਹਾਂ ਜੇ ਤੂੰ ਠੀਕ ਰਾਹ ਵਲ ਕਦਮ ਪੁੱਟੇਂ।

### ਮੂਲ

**57. ਤੁਰਾ ਗਰ ਬਬਾਯਦ ਓ ਕੌਲਿ ਕੁਰਆਂ।**

**ਬਨਿਜ਼ਦੇ ਸ਼ੁਮਾ ਰਾ ਰਸਾਨਮ ਹਮਾਂ।**

ਅਰਥ - ਤੁਰਾ:ਤੈਨੂੰ, ਬਬਾਯਦ:ਚਾਹੀਦਾ ਹੈ, ਬਨਿਜ਼ਦੇ ਸ਼ੁਮਾਂ:ਤੇਰੇ ਕੋਲ, ਰਸਾਨਮ ਹਮਾਂ:ਮੈਂ ਭੇਜ ਦਿੰਦਾ ਹਾਂ।

### ਅਨੁਵਾਦ

*ਕੁਰਾਨੀ ਜਿਲਦ ਤੇ ਲਿਖੀ ਕਸਮ ਵੀ,*
*ਮੈਂ ਘਲਦਾਂ ਤਿਰੀ ਨਜ਼ਰ-ਸਾਨੀ ਲਈ।*

ਜੇ ਤੂੰ ਕੁਰਾਨ ਦੀ ਉਹ ਜਿਲਦ ਵੇਖਣੀ ਚਾਹੁੰਦਾ ਹੈ ਜਿਸ ਤੇ ਇਕਰਾਰਨਾਮਾ ਲਿਖਿਆ ਹੋਇਆ ਹੈ ਤਾਂ ਮੈਂ ਉਹ ਤੈਨੂੰ ਭੇਜ ਦਿੰਦਾ ਹਾਂ।

58. ਮੂਲ

**"ਕਿਹ ਤਸ਼ਰਫ਼ਿ ਦਰ ਕਸਬਹ ਕਾਂਗੜ ਕੁਨੱਦ।**

**ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵੱਦ।"**

ਅਰਥ-ਤਸ਼ਰੀਫ ਕੁਨੱਦ: ਆਓ, ਵਜ਼ਾਂ:ਇਸ ਪਿਛੋਂ, ਬਾਹਮ:ਇਕ ਦੂਜੇ ਨਾਲ

### ਅਨੁਵਾਦ

*ਆਨੰਦ-ਪੁਰ ਨੂੰ ਛੱਡ ਕੇ ਜੇਕਰ ਕਾਂਗੜ ਨੂੰ ਟੁਰ ਜਾਓ,*
*ਆਪਾਂ ਦੋਵੇਂ ਮਿਲ ਸਕਦੇ ਹਾਂ, ਛੱਡ ਕੇ ਸਭ ਟਕਰਾਓ।*

ਤੁਸੀਂ (ਆਨੰਦਪੁਰ ਛੱਡ ਕੇ) ਕਾਂਗੜ ਆ ਜਾਓ। ਇਸ ਪਿਛੋਂ ਆਪਣੀ ਮੁਲਾਕਾਤ ਹੋਵੇਗੀ।

### ਮੂਲ

**59. ਨ ਜ਼ੱਰਾਦਰੀਂ ਰਾਹ ਖ਼ਤਰਾ ਤੁਰਾਸਤ।**

**ਹਮਾ ਕੌਮਿ ਬੈਰਾੜ ਹੁਕਮਿ ਮਰਾਸਤ।**

ਅਰਥ - ਦਰੀ ਰਾਹ, ਇਸ ਰਾਹ ਵਿਚ, ਤੁਰਾਸਤ:ਤੈਨੂੰ ਹੈ, ਹੁਕਮਿ:ਮੇਰੇ ਹੁਕਮ 'ਚ ਹੈ -

### ਅਨੁਵਾਦ

*"ਕਾਂਗੜ ਦੇ ਰਾਹ ਵਿਚ ਤੁਹਾਨੂੰ ਖ਼ਤਰਾ ਮੂਲ ਨਾ ਕਾਈ,*
*ਕਿਉਂਕਿ ਕੁਲ ਬਰਾੜ ਕੌਮ ਹੈ ਮੇਰੇ ਹੁਕਮ 'ਚ ਆਈ।"*

ਕਾਂਗੜ ਦੇ ਰਾਹ ਵਿਚ ਤੁਹਾਨੂੰ ਕੋਈ ਖ਼ਤਰਾ ਨਹੀਂ, ਕਿਉਂਕਿ ਸਾਰੀ ਬਰਾੜ ਕੌਮ ਮੇਰੇ ਹੁਕਮ ਵਿਚ ਹੈ।

ਮੂਲ

**60. ਬਯਾ ਤਾ ਸੁਖ਼ਨ ਖੁਦ ਜ਼ਬਾਨੀ ਕੁਨੇਮ।**

**ਬਰੂਏ ਸ਼ੁਮਾ ਮਿਹਰਬਾਨੀ ਕੁਨੇਮ।**

ਅਰਥ - ਬਯਾ:ਤੁਸੀਂ ਆਓ, ਬਰੂਏ ਸ਼ੁਮਾ:ਤੁਹਾਡੇ ਸਾਮ੍ਹਣੇ।

### ਅਨੁਵਾਦ

*ਮਿਤ੍ਰਾਂ ਵਾਂਗੂੰ ਬੈਠ ਰੂਬਰੂ ਕਰਸਾਂ, ਸੁਣਸਾਂ ਦਿਲ ਦੀ,*

*ਪਾਣੀ ਨੂੰ ਜਿਓਂ ਪਾਣੀ ਮਿਲਦਾ, ਪੌਣ ਪੌਣ ਨੂੰ ਮਿਲਦੀ।*

ਤੁਸੀਂ ਏਧਰ ਆਓ ਤਾਂ ਆਹਮੋ ਸਾਮ੍ਹਣੇ ਬੈਠ ਕੇ ਗੱਲਾਂ ਕਰੀਏ। ਤੁਹਾਡੇ ਨਾਲ ਮਿਹਰਬਾਨੀ ਭਰਿਆ ਸਲੂਕ ਕੀਤਾ ਜਾਵੇਗਾ।

## ਮੂਲ

**61. ਯਕੇ ਆਪ ਸ਼ਾਸਿਤਹ ਏ ਯਕ ਹਜ਼ਾਰ।**

**ਬਯਾ ਤਾ ਬਗੀਰੀ ਜ਼ਿ ਮਨ ਈਂ ਦਯਾਰ।**

ਅਰਥ - ਯਕ ਅਪਸ : ਇਕ ਘੋੜਾ, ਸ਼ਾਇਸਤਹ:ਸਿਧਾਇਆ ਹੋਇਆ, ਬਗੀਰੀ:ਤੁਸੀਂ ਪ੍ਰਾਪਤ ਕਰੋ, ਈਂ ਦਯਾਰ:ਇਕ ਇਲਾਕਾ

## ਅਨੁਵਾਦ

*ਇਕ ਹਜ਼ਾਰੀ ਦੀ ਸਰਦਾਰੀ ਹੱਕ ਤੁਹਾਡਾ ਹੋਸੀ।*
*ਏਸ ਇਲਾਕੇ ਨੂੰ ਜੇ ਆਓ, ਮੇਲ ਅਸਾਡਾ ਹੋਸੀ।*

ਤੁਸੀਂ ਏਧਰ ਆਓ ਤੇ ਇਸ ਇਲਾਕੇ ਵਿਚ ਤੁਹਾਨੂੰ 'ਯਕ ਅਸਪ' ਇਕ ਹਜ਼ਾਰੀ ਦਾ ਮਨਸਬ ਵੀ ਪ੍ਰਦਾਨ ਕਰੀਏ। ਮੇਰੇ ਕੋਲ ਇਸ ਇਲਾਕੇ ਵਿਚ ਮਿਲਣ ਲਈ ਤੁਸੀਂ ਆਓ।

## ਮੂਲ

**62. ਸ਼ਹਿਨਸ਼ਾਹ ਰਾ ਬੰਦਹਏ ਚਾਕਰੇਮ।**

**ਅਗਰ ਹੁਕਮ ਆਯਦ ਬਜਾਂ ਹਾਜ਼ਰੇਮ।**

ਅਰਥ - ਸ਼ਹਿਨਸ਼ਾਹ:ਪਰਮਾਤਮਾ, ਬੰਦਹਏ ਚਾਕਰੇਮ:ਗੁਲਾਮ/ਨੌਕਰ, ਅਗਰ ਹੁਕਮ ਆਯਦ:ਜੇ ਹੁਕਮ ਆਵੇ, ਬਜਾਂ ਹਾਜ਼ਰੇਮ:ਮਨੋਂ ਹਾਜ਼ਰ ਹੋ ਜਾਵਾਂ।

## ਅਨੁਵਾਦ

*ਕਰੇ ਹੁਕਮ ਜੇ ਰੱਬ ਸ਼ਾਹਾਂ ਦਾ ਸ਼ਾਹ,*
*ਅਸੀਂ ਉਸ ਦੇ ਚਾਕਰ, ਲਿਆਈਏ ਬਜਾ।*

ਅਸੀਂ ਤਾਂ ਪਰਮਾਤਮਾ ਦੇ ਚਾਕਰ ਹਾਂ, ਉਹਦਾ ਹੁਕਮ ਆਵੇ ਤਾਂ ਤਨੋ ਮਨੋ ਹਾਜ਼ਰ ਹੋ ਜਾਵਾਂਗੇ।

## ਮੂਲ

**63. ਅਗਰਚਿਹ ਬਿਆਯਦ ਬ ਫ਼ੁਰਮਾਨਿ ਮਨ।**

**ਹਜ਼ੂਰਤ ਬਿਆਯਮ ਹਮਹ ਜਾਨੋ ਤਨ।**

## ਅਨੁਵਾਦ

*ਅਜੇ ਵੀ ਵਸਾਹ ਮੈਨੂੰ ਇਨਸਾਨ ਤੇ।*
*ਮੈਂ ਆਵਾਂਗਾ ਪਰ ਸੱਚੇ ਫ਼ਰਮਾਨ ਤੇ।*

ਹੁਣ ਵੀ ਜੇਕਰ ਸ਼ਾਹੀ ਫਰਮਾਨ ਆਵੇ ਤਾਂ ਮੈਂ ਤਨੋ ਮਨੋ ਆਉਣ ਲਈ ਤਿਆਰ ਹਾਂ।

## ਮੂਲ

**64. ਅਗਰ ਤੂੰ ਬਯਜ਼ਦਾਂ ਪ੍ਰੱਸਤੀ ਕੁਨੀ।**

**ਬ ਕਾਰਿ ਮਰਾ ਈਂ ਨ ਸੁਸਤੀ ਕੁਨੀ।**

ਅਰਥ - ਬਯਜ਼ਦਾਂ ਪ੍ਰੱਸਤੀ : ਪ੍ਰਮਾਤਮਾ ਦੀ ਪੂਜਾ, ਬਕਾਰਿ ਮਰਾ : ਮੇਰੇ ਕੰਮ ਵਿਚ

## ਅਨੁਵਾਦ

*ਖ਼ੁਦਾ ਪੂਜ ਹੈਂ ਤਾਂ ਖ਼ੁਦਾ ਤੋਂ ਡਰੀਂ*
*ਤੇ ਇਸ ਨੇਕ ਅਮਲੀ 'ਚ ਢਿੱਲ ਨਾ ਕਰੀਂ।*

ਜੇ ਤੂੰ ਸੱਚਾ ਖੁਦਾ-ਪ੍ਰਸਤ ਹੈਂ ਤਾਂ ਇਸ ਨੇਕ ਕੰਮ ਨੂੰ ਪੂਰਾ ਕਰਨ ਵਿਚ ਦੇਰੀ ਨਾ ਕਰੀਂ।

## ਮੂਲ

**65. ਬਬਾਯਦ ਕਿਹ ਯਜ਼ਦਾਂ ਸ਼ਨਾਸੀ ਕੁਨੀ।**

**ਨ ਗੁਫ਼ਤਹ ਕਸਾਂ ਕਸ ਖਰਾਸੀ ਕੁਨੀ।**

ਅਰਥ - ਬਬਾਯਦ : ਤੈਨੂੰ ਚਾਹੀਦਾ ਹੈ, ਯਜ਼ਦਾਂ ਸ਼ਨਾਸ਼ੀ:ਖੁਦਾ ਦੀ ਪਛਾਣ, ਨ ਗੁਫ਼ਤਾ ਕਸੇ: ਕਿਸੇ ਦੇ ਕਹੇ ਤੇ ਨਾ, ਹਰਾਸੀ ਕੁਨੀ:ਡਰਾਉਣਾ

## ਅਨੁਵਾਦ

*ਪਛਾਣੀ ਖ਼ੁਦਾ, ਮੁੜ ਜ਼ੁਲਮ ਨਾ ਕਰੀਂ,*
*ਤੇ ਚੁੱਕੇ ਚੁਕਾਏ ਸਿਤਮ ਨਾ ਕਰੀਂ।*

ਤੈਨੂੰ ਚਾਹੀਦਾ ਹੈ ਕਿ ਤੂੰ ਸੱਚੇ ਰੱਬ ਦੀ ਪਛਾਣ ਕਰੇਂ ਅਤੇ ਕਿਸੇ ਦੇ ਕਹੇ ਕਹਾਏ ਤੇ ਕਿਸੇ ਤੇ ਵੀ ਜ਼ੁਲਮ ਨਾ ਢਾਵੇਂ।

## ਮੂਲ

**66. ਤੂ ਮਸਨਦ ਨਸ਼ੀਂ ਸਰਵਰਿ ਕਾਇਨਾਤ।**

**ਕਿਹ ਅਜਬੱਸਤ ਇਨਸਾਫ ਈਂ ਹਮ ਸ਼ਿਫ਼ਾਤ।**

ਅਰਥ - ਮਸਨਦ-ਨਸ਼ੀਂ:ਗੱਦੀ ਤੇ ਬੈਠਾ, ਸਰਵਰਿ ਕਾਇਨਾਤ:ਬਾਦਸ਼ਾਹ, ਈਂ ਹਮ ਸ਼ਿਫਾਤ:ਇਹ ਸਾਰੀਆਂ ਸਿਫਤਾਂ ਹੁੰਦਿਆਂ ਹੋਇਆਂ

## ਅਨੁਵਾਦ

*ਤੂੰ ਗੱਦੀ ਤੇ ਬੈਠੈਂ ਸ੍ਰਿਸ਼ਟੀ ਦਾ ਸ਼ਾਹ,*
*ਤੇ ਇਨਸਾਫ਼ ਤੇਰਾ ਖ਼ੁਦਾ ਦੀ ਪਨਾਹ।*

ਤੂੰ ਗੱਦੀ ਤੇ ਬੈਠਾ ਬਾਦਸ਼ਾਹ ਹੈ। ਪਰ ਇਨ੍ਹਾਂ ਸਾਰੀਆਂ ਸਿਫਤਾਂ ਦੇ ਹੁੰਦਿਆਂ ਤੇਰਾ ਇਹ ਨਿਆਂ! ਤੌਬਾ! ਹੈਰਾਨੀ ਦੀ ਗੱਲ ਹੈ।

...ਦਾ........।'

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-57)*

ਜਦੋਂ ਕੀਰਤਨ ਦਾ ਭੋਗ ਪੈ ਗਿਆ ਤੇ ਸ੍ਰੀ ਗੁਰੂ ਜੀ ਢਾਹੇ ਉਤੇ ਨਿਤਰੀ ਹੋਈ ਜਮੁਨਾ ਦੇ ਪਰਵਾਹ ਦਾ ਦਰਸ਼ਨ ਕਰਨ ਤੇ ਜਲ ਤਰੰਗਾਂ ਦੇ ਕਲੋਲ ਨੂੰ ਦੇਖਣ ਬੈਠ ਗਏ ਤਾਂ ਕੀਰਤਨ ਨਾਲ ਰਸ ਰੰਗ ਰੱਤੇ ਕੰਨਾਂ ਵਿਚ ਰੋਣੇ ਦੀ ਆਵਾਜ਼ ਆਈ। ਦ੍ਰਵੇ ਦਿਲ ਵਾਲੇ, ਪਿਆਰ ਨਾਲ ਸੰਵਾਰੇ ਦਿਲ ਵਾਲੇ, ਕਵਿਤਾ ਨਾਲ, ਸੂਖਮ ਭਾਵਾਂ ਦੀ ਪ੍ਰਤੀਤ ਨਾਲ ਨਰਮੇ ਦਿਲ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਦਰ ਇਨਸਾਨੀ ਦਿਲ ਪੀੜਾ ਦੀ ਝਰਨਾਟ ਛਿੜ ਪਈ। ਹੇ ਭਗਵੰਤ! ਜਗਤ ਕਿਵੇਂ ਦੁਖੀ ਹੈ, ਜਿਧਰ ਦੇਖੋ ਦੁਖ ਹੀ ਦੁਖ ਹੈ। ਹੇ ਦਾਤਾ! ਆਪਣੇ ਜਗਤ ਤੇ ਆਪ ਮਿਹਰ ਕਰ! ਆਪ ਇਨ੍ਹਾਂ ਭਾਵਾਂ ਵਿਚ ਅਰਦਾਸ ਮਗਨ ਸਨ ਕਿ ਰੋਣੇ ਕੁਰਲਾਣੇ ਦੀ ਆਵਾਜ਼ ਹੋਰ ਤ੍ਰਿਖੀ ਹੋ ਗਈ ਤਾਂ ਆਪ ਨੇ ਮਰਦਾਨੇ ਨੂੰ ਕਿਹਾ - ਜਾਹ ਭਾਈ, ਦਿਲ ਪੀੜਾ ਦੀ ਸੱਦ ਤੇ ਪਹੁੰਚ ਕੀਰਤਨੀਏ ਰਸਾਂ ਦੇ ਰਸਿਕ ਕੰਨਾਂ ਨਾਲ ਇਨਸਾਨੀ ਵੈਣਾਂ ਨੂੰ ਵੀ ਸੁਣ ਤੇ ਪਤਾ ਲਿਆ ਕਿ ਕੀਹ ਗੱਲ ਹੈ। ਜੇ ਕੁਛ ਹੋ ਸਕੇ ਤਾਂ ਕਰੀਏ। ਮਰਦਾਨਾ ਗਿਆ ਤੇ ਸਾਰ ਲਿਆਇਆ ਕਿ ਦਾਤਾ! ਜਿਨ੍ਹਾਂ ਫੀਲਬਾਨਾਂ ਨੇ ਸਾਡੀ ਖਾਤਰਦਾਰੀ ਕੀਤੀ ਹੈ ਉਨ੍ਹਾਂ ਦਾ ਹਾਥੀ ਮਰ ਗਿਆ ਹੈ, ਓਹ ਰੋ ਰਹੇ ਹਨ। ਤਦ ਮਿਹਰਾਂ ਦੇ ਸਾਂਈਂ, ਬਨਾਂ ਵਿਚ ਬੈਠਣ ਵਾਲੇ, ਪਰ ਇਨਸਾਨੀ ਪੀੜਾ ਨੂੰ ਹਰਨ ਲਈ ਇਨਸਾਨਾਂ ਵਿਚ ਆ ਬੈਠਣ ਵਾਲੇ, ਦਰਦਾਂ ਵਾਲੇ ਦਰਦੀ ਆਪ ਓਥੇ ਚਲੇ ਗਏ। ਟਿਕਾਣਾ ਨੇੜੇ ਹੀ ਸੀ। ਜਾ ਕੇ ਪੁੱਛਣ ਲੱਗੇ, ਭਾਈ ਪੁਰਖੋ ਕਿਉਂ ਰੋਂਦੇ ਹੋ?

ਮਹਾਵਤ - ਰੱਬ ਦੇ ਸਵਾਰਿਆ ਦਾਤਿਆ! ਹਾਥੀ ਮਰ ਗਿਆ ਹੈ।

ਸ੍ਰੀ ਗੁਰੂ ਜੀ - ਫੇਰ ਹਾਥੀ ਤਾਂ ਬਾਦਸ਼ਾਹ ਦਾ ਹੈ, ਉਸ ਨੂੰ ਧਨ ਦੀ ਪਰਵਾਹ ਨਹੀਂ, ਇਕ ਮਰ ਗਿਆ, ਦਸ ਹੋਰ ਖਰੀਦ ਲਏਗਾ, ਤੁਸੀਂ ਕਾਹਨੂੰ ਰੋਂਦੇ ਹੋ?

ਮਹਾਵਤ - ਪਾਤਸ਼ਾਹ! ਇਕ ਰੋਣਾ ਤਾਂ ਇਹ ਹੈ ਕਿ ਇਸ ਦੇ ਮਰਨੇ ਦਾ ਗੁੱਸਾ ਸਾਡੇ ਤੇ ਨਾ ਟੁੱਟ ਪਵੇ ਕਿ ਤੁਸਾਂ ਦੀ ਕਿਸੇ ਗਾਫਲੀ ਕਰਕੇ ਮਰਿਆ ਹੈ। ਦੂਸਰੇ ਉਪਜੀਵਕਾ ਬਣੀ ਹੋਈ ਸੀ, ਅੱਜ ਹੀ ਅਸੀਂ ਬੇਰੁਜ਼ਗਾਰ ਹੋ ਜਾਵਾਂਗੇ। ਫੇਰ ਜਦੋਂ ਹੋਰ ਹਾਥੀ ਆਊ, ਕੀ ਪਤਾ ਸਾਨੂੰ ਰਖਿਆ ਜਾਊ ਕਿ ਕੋਈ ਹੋਰ ਥਾਂ ਆ ਮੱਲੂ। ਸਾਡੀ ਰੋਜ਼ੀ ਬੜੀ ਮੁਸ਼ਕਲ ਹੈ, ਹਾਥੀ ਜਣੇ ਖਣੇ ਪਾਸ ਨਹੀਂ ਹੁੰਦੇ, ਪਾਤਸ਼ਾਹ ਰਾਜੇ ਹੀ ਹਾਥੀ ਰੱਖਦੇ ਹਨ, ਉਨ੍ਹਾਂ ਦੀਆਂ ਨੌਕਰੀਆਂ ਬਹੁਤ ਔਖੀਆਂ ਲੱਭਦੀਆਂ ਹਨ।

ਇਹ ਤਾਂ ਆਪਣੀ ਕਥਾ ਸੁਣਾ ਰਿਹਾ ਸੀ ਤੇ ਟੱਬਰ ਨਾਲ ਵਿਲਕੀ ਜਾਂਦਾ ਸੀ, ਜਿਸ ਨਾਲ ਦਿਆਲ ਮੂਰਤੀ ਦਾ ਦਿਲ ਹੋਰ ਦ੍ਰਵੀ ਜਾਂਦਾ ਸੀ। ਤਦ ਆਪ ਨੇ ਫੁਰਮਾਇਆ, ਬੱਚਿਓ! ਬੀਬੀਓ! ਚੁੱਪ ਕਰੋ ਤੇ ਮੇਰੀ ਗੱਲ ਸੁਣੋ। ਜੇ ਭਲਾ ਹਾਥੀ ਜੀਉ ਪਵੇ ਤਾਂ ਤੁਸੀਂ ਨਾ ਰੋਵੋ? ਉਨ੍ਹਾਂ ਨੇ ਚੁੱਪ ਧਾਰ ਗੱਲ ਸੁਣੀ ਤੇ ਆਖਿਆ ਜੀ ਫੇਰ ਤਾਂ ਹੱਸੀਏ, ਸੁਖੀ ਹੋਈਏ, ਪਰ ਫਕੀਰ ਸਾਂਈਂ! ਮੋਏ ਕਦ ਜੀਵੇ ਹਨ? ਤਦ ਆਪ ਦੇ ਨੈਣ ਉਚੇ ਹੋ ਗਏ ਤੇ ਇਲਾਹੀ ਗਲੇ ਤੋਂ ਨਾਦ ਹੋਇਆ -

*ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥*
*ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ ॥*
*ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ ॥*

*ਅੰਗ - ੧੦੧੦*

***'ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ॥'*** ਬਾਰ-ਬਾਰ ਗਾ ਰਹੇ ਹਨ ਤੇ ਨੈਣ ਮਿਟਦੇ ਜਾਂਦੇ ਹਨ। ਮਹਾਵਤ ਤੇ ਉਸ ਦਾ ਪਰਿਵਾਰ ਤੇ ਹੋਰ ਮਹਾਵਤ ਲੋਕ ਖੜ੍ਹੇ ਦੇਖ ਰਹੇ ਹਨ। ਭੈ ਛਾ ਰਿਹਾ ਹੈ, ਚੁੱਪ ਹਨ ਤੇ ਅੱਲਾ ਵਾਲੇ ਵਲ ਸਾਰੇ ਤੱਕ ਰਹੇ ਹਨ। ਗਰੀਬ ਲੋਕਾਂ ਵਿਚ ਵਿਸ਼ਵਾਸ਼ ਵਧੇਰੇ ਹੁੰਦਾ ਹੈ। ਵਿਸ਼ਵਾਸ਼ ਦੇ ਬੇੜੇ ਪਾਰ ਹੁੰਦੇ ਹਨ। ਉਡੀਕ ਰਹੇ ਹਨ ਕਿ ਸੰਤ ਹਨ, ਫਕੀਰ ਹਨ, ਖਬਰੇ ਰੇਖ ਵਿਚ ਮੇਖ ਮਾਰ ਹੀ ਦੇਣ। ਥੋੜ੍ਹੀ ਦੇਰ ਬਾਅਦ ਨੈਣ ਖੁੱਲ੍ਹੇ। ਜਗਤ ਪੀੜ ਤੇ ਪਸੀਜੇ, ਨੈਣ ਜਗਤ ਪਿਆਰ ਨਾਲ ਸੇਜਲ ਹੋ ਰਹੇ ਸਨ। ਉਹ ਸੇਜਲ ਨੈਣ ਦੁਖਿਆਰਿਆਂ ਵਲ ਤੱਕੇ ਤੇ ਸੁਹਣੀ ਰਸਨਾ ਨੇ ਬਚਨ ਕੀਤਾ - 'ਜਾਇ ਕਰ ਇਸ ਦੇ ਮੁਹਿ ਉਪਰ ਹੱਥ ਫੇਰਹੁ, ਵਾਹਿਗੁਰੂ ਆਖਹੁ।' ਤਦ ਆਗਿਆ ਮੰਨ ਕੇ ਹਾਥੀ ਦੇ ਮੂੰਹ ਪਰ ਮਹਾਵਤ ਨੇ ਹੱਥ ਫੇਰਿਆ ਤੇ ਮੂੰਹੋਂ ਕਿਹਾ ਵਾਹਿਗੁਰੂ। ਵਾਹਿਗੁਰੂ ਦੇ ਪਿਆਰੇ ਤੱਕ ਰਹੇ ਸਨ ਹਾਥੀ ਨੂੰ, ਵਾਹਿਗੁਰੂ ਕੌਤਕਹਾਰ ਖੇਲ੍ਹ ਕਰ ਰਿਹਾ ਸੀ। ਹਾਥੀ ਵਾਹਿਗੁਰੂ ਦੀ ਜੀਵਨ ਸ਼ਕਤਿ ਦੀ ਰੌਂ ਨਾਲ ਹਿੱਲ ਪਿਆ, ਆਕੜ ਲੀਤੀਓਸੁ ਤੇ ਨਿੱਕੇ-ਨਿੱਕੇ ਨੈਣ ਖੁਹਲ ਕੇ ਵੱਡੇ ਵਧੇ ਸਰੀਰ ਨੂੰ ਲੈ ਕੇ ਕੰਬਦਾ-ਕੰਬਦਾ ਉਠ ਖੜ੍ਹਾ ਹੋਇਆ, ਕੰਨ ਪੱਖਿਆਂ ਵਾਂਗ ਹਿਲਾਇਓਸੁ, ਸੁੰਡ ਉੱਚੀ ਨੀਵੀਂ ਕੀਤੀਓਸੁ, ਸੁੰਡ ਦਾ ਮੂੰਹ ਖੁਹਲਿਓਸੁ ਤੇ ਨਿੱਕੇ ਨੈਣਾਂ ਨਾਲ ਪ੍ਰਾਣ ਦਾਤਾ ਜੀ ਵੱਲ ਤੱਕਿਓਸੁ। ਹਾਂ ਭਾਈ ਮਨੁੱਖਾਂ ਦੇ

ਰਿਜ਼ਕ ਦਾਤਾ ਹਾਥੀ! ਤੈਨੂੰ ਇਸੇ ਕਰਕੇ ਖੜ੍ਹਾ ਕਰ ਦਿਤਾ ਨੇ ਜੋ ਤੂੰ ਜੀਵਾਂ ਦਾ ਰਿਜ਼ਕ ਦਾਤਾ ਹੈਸੋਂ।

ਹਾਥੀ ਜੀਉ ਪਿਆ। ਇਹ ਖਬਰ ਬਨ ਅਗਨੀ ਦੀ ਤਰ੍ਹਾਂ ਉਡ ਖਲੀ ਹੋਈ। ਪਾਤਸ਼ਾਹ ਨੂੰ ਇਤਲਾਹ ਪਹੁੰਚ ਚੁੱਕੀ ਸੀ ਕਿ ਆਪ ਦਾ ਮਨ ਪਿਆਰਾ ਹਾਥੀ ਮਰ ਗਿਆ ਹੈ, ਹਾਥੀਆਂ ਦੇ ਇਲਾਜ ਕਰਨ ਵਾਲੇ ਦੀ ਅਰਜ਼ ਵੀ ਕਿ ਕਿਸ ਕਾਰਣ ਮਰਿਆ ਹੈ, ਅੱਪੜ ਗਈ ਸੀ ਕਿ ਅਚਾਨਕ ਖਬਰ ਪਹੁੰਚੀ ਕਿ ਹਾਥੀ ਇਕ ਅਨੋਖੇ ਫਕੀਰ ਸਾਂਈਂ, ਅੱਲਾ ਦੇ ਦਰਵੇਸ਼ ਨੇ ਜਿਵਾ ਦਿਤਾ ਹੈ। ਉਸੇ ਵੇਲੇ ਅਹਿਦੀਏ ਘੱਲੇ ਗਏ ਜੋ ਕਿ ਖਬਰ ਲੈ ਆਏ ਕਿ ਗੱਲ ਸੱਚ ਹੈ। ਹਾਥੀਆਂ ਦੇ ਸਲੋਤਰੀ ਨੇ ਬੀ ਜਾ ਕੇ ਡਿੱਠਾ ਤੇ ਆ ਦੱਸਿਆ ਕਿ ਪਾਤਸ਼ਾਹ! ਗੱਲ ਸੱਚ ਹੈ, ਹਾਥੀ ਜੀਉ ਪਿਆ ਹੈ, ਅਚੰਭਾ ਤੇ ਹੈਰਾਨ ਹੋ ਕੇ ਪਾਤਸ਼ਾਹ ਉਠ ਟੁਰਿਆ। ਉਹ ਲੋਧੀ ਪਠਾਣ ਪਾਤਸ਼ਾਹ, ਜਿਸ ਹੱਥੋਂ ਅਨੇਕਾਂ ਹਿੰਦੂ ਕਸ਼ਟ ਪਾ ਚੁੱਕੇ ਸੇ, ਫਕੀਰ ਦੁਖ ਚੁੱਕੇ ਸੇ, ਆਪ ਆਇਆ ਤੇ ਆ ਕੇ ਹਾਥੀ ਡਿਠੋਸੁ, ਜੀਉਂਦਾ ਹੈ, ਤਸੱਲੀ ਕੀਤੀਓਸੁ ਕਿ ਠੀਕ ਮਰ ਗਿਆ ਸੀ। ਤਦ ਗੁਰੂ ਬਾਬੇ ਪਾਸ ਆਇਆ ਤੇ ਤਸਲੀਮ ਕਰਕੇ ਆਖਣ ਲੱਗਾ, ਐ ਦਰਵੇਸ਼! ਇਹ ਹਾਥੀ ਤੁਸਾਂ ਜਿਵਾਇਆ ਹੈ? ਤਦ ਸ੍ਰੀ ਗੁਰੂ ਜੀ ਨੇ ਆਖਿਆ -ਹੇ ਮਨੁੱਖਾਂ ਦੇ ਰਾਜਾ! ਮਾਰਣ ਜੀਵਾਲਣ ਵਾਲਾ ਤਾਂ ਸਾਹਿਬ ਆਪ ਹੈ, ਦੁਆਇ ਫਕੀਰਾਂ, ਰਹਿਮ ਅਲਾਹ ਹੈ।

ਪਾਤਸ਼ਾਹ - ਫਕੀਰ ਸਾਂਈਂ! ਗੱਲ ਸਮਝੇ ਨਹੀਂ ਪਈ।

ਤਾਂ ਆਪ ਬੋਲੇ, ਮਾਰਨਾ ਤੇ ਜੀਵਾਲਣਾ ਸਾਹਿਬ ਦਾ ਆਪਣਾ ਕੰਮ ਹੈ; ਹੋਰ ਕਿਸੇ ਦਾ ਨਹੀਂ, ਫਕੀਰ ਪਾਸ ਦੁਆ ਹੈ, ਨੇਕ ਕੰਮ ਲਈ ਦੁਆ ਕਰਨੀ ਫਕੀਰ ਕੋਲੋਂ ਕਿਸੇ ਵੇਲੇ ਹੋ ਆਉਂਦੀ ਹੈ, ਉਹ ਸੁਣਨ ਵਾਲਾ ਰੱਬ ਸੁਣ ਲੈਂਦਾ ਹੈ, ਜੇ ਚਾਹੇ ਤਾਂ ਰਹਿਮ ਬੀ ਫੁਰਮਾ ਦੇਂਦਾ ਹੈ। ਦੁਆ ਫਕੀਰ ਦੀ ਤਾਂ ਦੁਆਹੀ ਹੁੰਦੀ ਹੈ। ਰਹਿਮ ਫੇਰ ਅੱਲਾਹ ਦੇ ਹੱਥ ਹੈ। ਤਦ ਪਾਤਸ਼ਾਹ ਹੈਰਾਨ ਹੋ ਕੇ ਆਖਣ ਲੱਗਾ, ਜੇ ਤੁਸੀਂ ਦੁਆ ਕਰੋ ਤਾਂ ਇਹ ਫਿਰ ਮਰ ਬੀ ਜਾਏ? ਮਾਰੋ ਤਾਂ? ਤਾਂ ਸ੍ਰੀ ਗੁਰੂ ਜੀ ਮੁਸਕਰਾਏ। ਫੇਰ ਨੈਣ ਗੰਭੀਰ ਹੋ ਗਏ, ਮੱਥੇ ਤੇ ਵੱਟ ਜਿਹਾ ਪਿਆ ਤੇ ਫੇਰ ਉਪਰ ਅਰਸ਼ਾਂ ਵਲ ਤੱਕੇ ਤੇ ਬੋਲੇ - 'ਮਾਰੈ ਜੀਵਾਲੈ ਸੋਈ॥ ਨਾਨਕ ਏਕਸੁ ਬਿਨ ਅਵਰੁ ਨ ਕੋਈ।' ਇਹ ਕਹਿੰਦੇ ਗਏ, ਹਾਥੀ ਥਿੜਕਦਾ ਨੀਵਾਂ ਹੁੰਦਾ ਲੰਮਾ ਪੈ ਗਿਆ। ਲੰਮੇ-ਲੰਮੇ ਸਾਹ ਆਏ, ਨੈਣ ਤ੍ਰੇਰੇ ਲੈ ਕੇ ਮਿਟ ਗਏ ਤੇ ਹਾਥੀ ਸੈਆਂ ਵਰ੍ਹਿਆਂ ਦਾ ਹੋ ਗਿਆ। ਇਹ ਦੇਖ ਕੇ ਪਾਤਸ਼ਾਹ ਤੇ ਉਸ ਦੇ ਨਾਲ ਆਏ ਦੰਗ ਰਹਿ ਗਏ। ਕੁਛ ਸਹਿਮੇਂ, ਕੁਛ ਚੁਪ ਛਾਈ, ਪਰ ਫੇਰ ਪਾਤਸ਼ਾਹ ਨੂੰ ਗੱਲ ਫੁਰੀ ਤੇ ਕਹਿਣ ਲੱਗਾ, ਹੁਣ ਜੀਵਾਲ ਦੇਹ। ਤਦ ਸ੍ਰੀ ਗੁਰੂ ਜੀ ਹੱਸੇ ਤੇ ਕਹਿਣ ਲੱਗੇ, ਹੇ ਮਨੁੱਖਾਂ ਤੇ ਹੁਕਮ ਕਰਨ ਵਾਲੇ! ਹੁਣ ਇਹ ਉਠਣੇ ਤੇ ਰਿਹਾ। ਇਹ ਖੇਲ੍ਹ ਨਹੀਂ ਸੀ, ਫਕੀਰ ਦੀ ਦੁਆ ਤੇ ਰਹਿਮ ਅੱਲਾਹ ਸੀ, ਜਿੱਥੇ ਅਦਬ ਲੋੜੀਏ। ਤਦ ਪਾਤਸ਼ਾਹ ਨੇ ਆਖਿਆ - ਕਾਰਣ ਕੀਹ ਹੈ? ਤਦ ਸ੍ਰੀ ਗੁਰੂ ਜੀ ਬੋਲੇ, ਸੁਣੋ ਪਾਤਸ਼ਾਹ! ਲੋਹਾ ਲੋਹਾ ਹੈ ਅੱਗ ਨਹੀਂ ਹੈ, ਅੱਗ ਵਿਚ ਪਾਓ ਤਾਂ ਲਾਲ ਅੰਗਾਰਾ ਹੋ ਜਾਂਦਾ ਹੈ। ਇਹ ਰਤੀ ਭਰ ਹੱਥ ਨੂੰ ਸਾੜੇ ਬਿਨਾਂ ਨਹੀਂ ਟਿਕ ਸਕਦਾ; ਪਰ ਅੱਗ ਦਾ ਅੰਗਿਆਰ ਕੋਈ ਬਿੰਦ ਛਿਨ ਹੱਥ ਤੇ ਟਿਕ ਜਾਂਦਾ ਹੈ। ਤਿਉਂ ਰੱਬ ਦੇ ਰੰਗ ਵਿਚ ਲਾਲ ਹੋਏ ਰੱਬ ਦੀ ਸੱਟੀ ਉਠਾਇ ਲੈਣ ਪਰ ਉਹਨਾਂ ਦੀ ਸੱਟੀ ਉਠਣੋਂ ਰਹੀ। ਭਾਵ ਇਹ ਸੀ ਕਿ ਫਕੀਰ ਰੱਬ ਦਾ ਪਿਆਰਾ ਬੰਦਾ ਹੈ, ਪਰ ਦਿਨ ਰਾਤ ਰੱਬ ਦੀ ਯਾਦ ਵਿਚ ਰਹਿਣੇ ਕਰਕੇ ਅੱਗ ਵਿਚ ਪਏ ਲੋਹੇ ਵਾਂਗੂੰ ਅਲੂਹੀਅਤ ਨਾਲ ਉਹ ਰੱਬ ਰੂਪ ਹੋ ਜਾਂਦਾ ਹੈ; ਉਸ ਤੋਂ ਫੇਰ ਉਹ ਗੱਲ ਹੋ ਆਉਂਦੀ ਹੈ ਜੋ ਉਹ ਰਬੀਅਤ ਨਾਲ ਜੁੜਿਆ ਚਾਹੁੰਦਾ ਹੈ ਕਿ ਹੋਵੇ।

ਤਦ ਪਾਤਸ਼ਾਹ ਦੇ ਨਾਲ ਜੋ ਨਜ਼ਾਮ ਨਾਮੇ ਫਕੀਰ ਸੀ, ਉਹ ਸਮਝ ਗਿਆ ਤੇ ਪਾਤਸ਼ਾਹ ਨੂੰ ਕਹਿਣ ਲੱਗਿਆ, ਦਰਵੇਸ਼ ਕਾਮਲ ਹੈ। ਠੀਕ ਆਖਦਾ ਹੈ, ਰੱਬ ਆਪਣੇ ਪਿਆਰ ਵਿਚ ਆਪਣੇ ਪਿਆਰੇ ਦੀ ਗੱਲ ਮੰਨ ਲੈਂਦਾ ਹੈ ਤੇ ਮਿਹਰ ਕਰ ਦਿੰਦਾ ਹੈ, ਪਰ ਪਿਆਰੇ ਦੀ ਕੀਤੀ ਨੂੰ ਉਸ ਦਾ ਬਿਰਦ ਹੈ, ਉਹ ਨਹੀਂ ਉਲਟਾਉਂਦਾ। ਉਹ ਪਾਤਸ਼ਾਹ, ਜੋ ਅਤਿ ਕਰੜਾ ਸੀ, ਹੁਣ ਨਰਮ ਹੋਇਆ-ਹੋਇਆ ਸੀ, ਆਖਣ ਲੱਗਾ - ਹੇ ਦਰਵੇਸ਼! ਕੁਛ ਕਬੂਲ ਕਰ। ਤਾਂ ਗੁਰੂ ਜੀ ਕਿਹਾ - ਸਾਨੂੰ ਇਕ ਰੱਬ ਦੀ ਮੰਗ ਹੈ, ਉਸ ਦੀ ਭੁੱਖ ਹੈ, ਉਸ ਦੀ ਲੋੜ ਹੈ, ਹੋਰ ਭੁੱਖਾਂ ਮਰ ਗਈਆਂ ਹਨ, ਤਲਬ ਹੋਰ ਕੋਈ ਨਹੀਂ, ਇਕ ਮੌਲਾ ਦੇ ਦੀਦਾਰ ਦੀ ਤਲਬ ਹੈ। ਪਾਤਸ਼ਾਹ ਨੇ ਤਦ ਸਮਝ ਲਿਆ ਕਿ ਇਹ ਪੂਰਨ ਫਕੀਰ ਹੈ। ਜੋ ਫਕੀਰਾਂ ਵਿਚ ਦੇਖਣਾ ਚਾਹੁੰਦਾ ਸੀ ਡਿੱਠੇਸੁ ਤੇ ਤਸਲੀਮ ਕਰਕੇ ਚਲਾ ਗਿਆ ਤੇ ਗੁਰੂ ਬਾਬਾ ਜੀ ਓਥੋਂ ਰਵਦੇ ਰਹੇ।

ਸੂਚਨਾ - ਪਹਿਲੀ ਉਦਾਸੀ ਤਾਂ ਉਸੇ ਵੇਲੇ ਆਰੰਭ ਹੋ ਗਈ, ਜਿਸ ਵੇਲੇ ਹੱਟੀ ਛੋੜ ਕੇ ਸੁਲਤਾਨਪੁਰ ਦੇ ਉਦਿਆਨ ਛੱਡ ਕੇ ਸੁਲਤਾਨਵਿੰਡ ਦੇ ਕੋਲ ਵਾਰ ਬੇਰੀਆਂ ਦੀ ਝਿੜੀ ਵਿਚ, ਜਿੱਥੇ ਹੁਣ ਅੰਮ੍ਰਿਤਸਰ ਹੈ, ਟਿਕਦੇ ਸੈਦਪੁਰ ਸੰਡਿਆਲੀ ਜਾ ਤਪੱਸਯਾ ਕੀਤੀ ਤੇ ਭਾਈ ਲਾਲੋ ਆਦਿਕਾਂ ਨੂੰ ਤਾਰ ਕੇ ਜਗਤ ਨਿਸਤਾਰਨ ਨੂੰ ਟੁਰ ਪਏ ਪਰ ਪੁਰਾਤਨ ਜਨਮ ਸਾਖੀ ਵਿਚ ਉਦਾਸੀ ਪਹਿਲੀ ਦਾ ਸਿਰਲੇਖ ਏਥੇ ਹੈ - ਦਿੱਲੀ ਤੋਂ ਟੁਰਨ ਵੇਲੇ ਤੇ ਪਹਿਰਾਵਾ ਏਥੇ ਇਉਂ ਦੱਸਿਆ ਹੈ -

ਪ੍ਰਿਥਮੈ ਉਦਾਸੀ ਕੀਤੀ ਪੂਰਬ ਕੀ, ਤਿਤੁ ਉਦਾਸੀ ਨਾਲਿ ਮਰਦਾਨਾ ਰਬਾਬੀ ਥਾ, ਤਦਹੂੰ ਕੁ ਪਉਣ ਅਹਾਰੁ ਕੀਆ। ਪਹਿਰਾਵਾ ਬਾਬੇ ਕਾ-ਇਕ ਬਸਤੁਰੁ ਅੰਬੋਆ, ਏਕ ਬਸਤਰੁ ਚਿੱਟਾ। ਏਕ ਪੈਰ ਜੁੱਤੀ, ਏਕ ਪੈਰੁ ਖੰਉਸ, ਗਲਿ ਕਫਨੀ, ਸਿਰ ਟੋਪੀ ਕਲੰਦਰੀ, ਮਾਲਾ ਹੱਡਾਂ ਕੀ, ਮੱਥੇ ਤਿਲਕ ਕੇਸਰ ਕਾ।

ਇਹ ਪਹਿਰਾਵਾ ਹਿੰਦੂ ਮੁਸਲਮਾਨ ਫਕੀਰਾਂ ਦਾ ਰਲਵਾਂ ਤੇ ਦੁਹਾਂ ਨੂੰ ਮਖੌਲ ਕਰਨ ਵਾਲਾ ਹੈ। ਜਿਵੇਂ ਦੋ ਰਕਮਾਂ ਇਕੋ ਜਿਹੀਆਂ ਜਮਾਂ ਤੇ ਖਰਚ ਵਾਲੇ ਪਾਸੇ ਪਈਆਂ ਦੱਸਦੀਆਂ ਹਨ ਕਿ ਬਾਕੀ ਸ਼ੂਨ ਹੈ, ਤਿਵੇਂ ਦੋਇ ਵੇਸ ਕੀਤੇ ਹੋਏ ਦਸਦੇ ਹਨ ਕਿ ਬਾਬਾ ਕਿਸੇ ਵੇਸ ਵੇਖ ਵਿਚ ਨਹੀਂ ਸੀ। ਇਸ ਸਾਂਝੇ ਭੇਖ ਵਿਚ ਹਿੰਦੂਆਂ, ਮੁਸਲਮਾਨਾਂ; ਦੋਹਾਂ ਨੇ ਹੈਰਾਨ ਹੋਣਾ ਸੀ। ਇਸ ਵੇਸ ਵਿਚ ਟੁਰੇ ਜਾਂਦੇ ਅਜੇ ਦਿੱਲੀਓਂ ਦੂਰ ਨਹੀਂ ਗਏ ਸਨ ਤਾਂ ਅੱਗੋਂ ਸ਼ੇਖ ਬਜੀਦ ਮਿਲਿਆ ਸੁਖਪਾਲ ਵਿਚ ਆਉਂਦਾ। ਉਸ ਦਾ ਪ੍ਰਸੰਗ ਐਉਂ ਹੈ -

## ਸ਼ੇਖ ਬਜੀਦ ਸੱਯਦ

ਇਥੋਂ ਹੁਣ ਗੁਰੂ ਜੀ ਘਰਾਂ ਨੂੰ ਨਹੀਂ ਮੁੜੇ; ਦਿੱਲੀਓਂ ਹੀ ਅੱਗੇ ਨੂੰ ਟੁਰ ਪਏ। ਭੇਖ ਅਜਬ ਤਰ੍ਹਾਂ ਦੀ ਫਕੀਰੀ ਦਾ ਸੀ। ਕਿਸੇ ਇਕ ਮਤ ਦੀ ਕੋਈ ਗੱਲ ਨਹੀਂ ਸੀ। ਤੁਰੇ ਜਾਂਦਿਆਂ ਨੇ ਰਸਤੇ ਵਿਚ ਇਕ ਥਾਂ ਬੈਠ ਕੇ ਕੀਰਤਨ ਸੁਣਿਆ ਤੇ ਫੇਰ ਆਰਾਮ ਕਰਨ ਲਈ ਬੈਠ ਗਏ। ਦੂਰ ਸਾਮ੍ਹਣੇ ਇਕ ਹੋਰ ਸਾਏਦਾਰ ਰੁੱਖ ਸੀ। ਥੋੜ੍ਹੇ ਚਿਰ ਪਿਛੋਂ ਇਸ ਦੇ ਹੇਠਾਂ ਇਕ ਪਾਲਕੀ ਆ ਠਹਿਰੀ, ਪਾਲਕੀ ਵਿਚ ਇਕ ਜਲਜਲੌਂ ਵਾਲਾ ਪੀਰ ਸੀ। ਛੇ ਕਹਾਰਾਂ ਨੇ ਇਹ ਪਾਲਕੀ ਚਾਈ ਹੋਈ ਸੀ। ਪੀਰ ਜੀ ਸਫਰ ਕਰ ਰਹੇ ਸਨ ਇਸ ਸੁਖਪਾਲ ਵਿਚ, ਇਨ੍ਹਾਂ ਦਾ ਨਾਉਂ ਬਜੀਦ ਸੀ। ਪਾਲਕੀ ਤੋਂ ਉਤਰ ਕੇ ਆਪ ਟਹਿਲਣ ਲੱਗੇ ਤਾਂ ਕਹਾਰਾਂ ਨੇ ਵਿਛਾਈ ਕਰ ਦਿਤੀ, ਆਪ ਲੇਟ ਗਏ ਤਦ ਕੁਝ ਕਹਾਰ ਤਾਂ ਘੁੱਟਣ ਦੱਬਣ ਲਗ ਪਏ, ਕੁਛ ਪੱਖਾ ਕਰਨ ਲਗ ਗਏ, ਇਕ ਪਾਨੀ ਲੈਣ ਖੂਹ ਨੂੰ ਗਿਆ। ਤਦ ਮਰਦਾਨੇ ਨੇ ਡਿੱਠਾ ਤਾਂ ਸੀ ਗੁਰੂ ਜੀ ਨੂੰ ਪੁੱਛਣ ਲੱਗਾ - ਕਿਉਂ ਭਲਾ ਜੀਉ ਜੀ! ਖੁਦਾ ਇਕ ਹੈ ਕਿ ਦੋ! ਬਾਬੇ ਹੱਸ ਕੇ ਆਖਿਆ, ਖੁਦਾ ਇਕ ਹੈ ਮਰਦਾਨਿਆਂ! ਤਦ ਮਰਦਾਨੇ ਕਿਹਾ, ਚੜ੍ਹ ਕੇ ਆਇਆ ਕਿਸ ਦੀ ਪੈਦਾਇਸ਼ ਹੈ ਤੇ ਚੱਕ ਕੇ ਲਿਆਏ ਕਿਸ ਦੀ ਪੈਦਾਇਸ਼ ਹਨ। ਨਾਲੇ ਤਾਂ ਇਹ ਚੜ੍ਹ ਕੇ ਆਇਆ ਹੈ, ਨਾਲੇ ਇਹ ਥੱਕ ਗਿਆ ਹੈ। ਨਾਲੇ ਉਹ ਟੁਰ ਕੇ ਆਏ ਹਨ, ਨਾਲੇ ਉਹ ਘੁੱਟਦੇ ਹਨ ਤੇ ਫੇਰ ਹੋਰ ਕੰਮ ਬੀ ਪਏ ਕਰਦੇ ਹਨ।

ਸਤਿਗੁਰ ਜੀ - ਭਾਈ! ਤੁਰਨ ਦੇ ਸੁਭਾਉ ਵਾਲੇ ਤੁਰਦੇ ਨਹੀਂ ਥੱਕਦੇ, ਤੁਰ ਕੇ ਭੁੱਖ ਲਗਦੀ ਹੈ, ਖਾਂਦੇ ਹਨ ਤੇ ਨਰੋਏ ਰਹਿੰਦੇ ਹਨ। ਬੈਠੇ ਬੈਠਣ ਨਾਲ ਥੱਕ ਜਾਂਦੇ ਹਨ, ਭੁੱਖ ਮਰ ਜਾਂਦੀ ਹੈ, ਥੋੜ੍ਹਾ ਖਾਣ ਤਾਂ ਤਾਣ ਘਟ ਜਾਂਦਾ ਹੈ। ਤੇ ਸਰੀਰ ਛੇਤੀ ਥੱਕਣ ਲਗ ਪੈਂਦਾ ਹੈ। ਜੇ ਵਧੇਰਾ ਖਾਣ ਤਾਂ ਨਰੋਏ ਨਹੀਂ ਰਹਿੰਦੇ ਤਾਂ ਭੀ ਸਰੀਰ ਛੇਤੀ ਥੱਕਣ ਲਗ ਪੈਂਦਾ ਹੈ। ਤੁਰਦਾ ਫਿਰਦਾ ਨਾ ਮਰੇ ਤੇ ਬੈਠੜਤਾ ਮਰ ਜਾਇ।

ਮਰਦਾਨਾ - ਪਰ ਜੀਓ ਜੀ! ਸੁਖਪਾਲ ਵਿਚ ਤਾਂ ਹੀ ਚੜ੍ਹਿਆ ਸੀ ਨਾ, ਕਿ ਥੱਕਾਂ ਨਾ? ਹੁਣ ਉਹ ਭਾਵੇਂ ਥੱਕਾ ਹੈ ਕਿ ਨਹੀਂ, ਪਰ ਘੁਟਾਵਦਾ ਹੈ ਪਿਆ।

ਗੁਰੂ ਜੀ ਮੁਸਕਰਾਏ ਤੇ ਕਹਿਣ ਲੱਗੇ-ਮਰਦਾਨਿਆਂ! ਇਸ ਵਿਚਾਰੇ ਨੂੰ ਦੋ ਥਕਾਨ ਹਨ, ਘੁਟਾਵੇ ਨਾ ਤਾਂ ਕੀਹ ਕਰੇ, ਪਿਛਲੇ ਜਨਮ ਤਪ ਕੀਤੇ, ਹੱਠ ਕੀਤੇ, ਰਾਤਾਂ ਜਾਗੇ, ਪਾਲੇ ਸਹਾਰੇ, ਕੱਕਰਾਂ ਦੇ ਪਾਣੀਆਂ ਵਿਚ ਨ੍ਹਾਤੇ, ਤੀਰਥ ਹੱਜ ਕੀਤੇ; ਜੋ ਸਿੱਧੀਆਂ ਕਰਾਮਾਤਾਂ ਪ੍ਰਾਪਤ ਹੋਣ, ਸੋ ਥੱਕ ਗਏ। ਹੁਣ ਤਪਾਂ ਨੂੰ ਫਲ ਲੱਗਾ ਹੈ, ਰਾਜ ਭਾਗ ਮਿਲਿਆ ਹੈ, ਇਸ ਦੇ ਪ੍ਰਬੰਧ ਕਰਨ ਵਿਚ ਤੇ ਇਸ ਦੇ ਮਿਲੇ ਸੁਖਾਂ ਤੇ ਭੋਗਾਂ ਵਿਚ ਬੀ ਥਕਾਨ ਹੁੰਦਾ ਹੈ। ਦੂਹਰੇ ਥਕਾਨ ਹੈਨ, ਘੁਟਵਾਵੇ ਨਾ ਵਿਚਾਰਾ ਤਾਂ ਕੀ ਕਰੇ? (ਹੱਸ ਪਏ)

ਮਰਦਾਨਾ- ਫਿਰ ਜੀ ਇਹ ਕੀ ਗੱਲ ਕਿ ਏਥੇ ਕੋਈ ਸੁਖੀ ਹੈ, ਕੋਈ ਦੁਖੀ ਹੈ, ਇਸ ਦਾ ਕੀ ਕਾਰਨ ਹੈ?

ਸ੍ਰੀ ਗੁਰੂ ਜੀ - ਕਾਰਨ ਕਰਤਾ ਜਾਣੇ। ਕਾਰਣਾਂ ਦਾ ਕਾਰਣ ਉਹ ਆਪ ਹੈ। ਪਰ ਦੇਹਧਾਰੀ ਕਰਮ ਕਰਦਾ ਹੈ, ਕਰਮ ਭਲਾ ਹੁੰਦਾ ਹੈ ਯਾ ਬੁਰਾ। ਦੁਹਾਂ ਦਾ ਸੰਸਕਾਰ ਅੰਦਰ ਅੰਕਿਆ ਜਾਂਦਾ ਹੈ, ਉਸ ਮੂਜਬ ਸੁਭਾਉ ਬਣਦਾ ਹੈ। ਸੁਭਾਉ ਸੁਖ ਦੁਖ ਦਾ ਦਾਤਾ ਹੈ, ਫੇਰ ਜੋ ਬੀਜੋ ਸੋ ਉਗਦਾ ਹੈ, ਪੀੜ ਬੀਜੋ ਪੀੜ ਉਗੇਗੀ, ਸੁਖ ਬੀਜੋ ਸੁਖ। ਸੋ ਬੀਜਣ ਵਾਲੇ ਆਪਣੇ ਕਰਮੀਂ ਦੁਖ ਸੁਖ ਪਾਉਂਦਾ ਹੈ। ਜੋ ਤਪ ਹਠ, ਪੁੰਨ ਦਾਨ, ਰਾਜ ਭਾਗ ਲਈ ਕਰਦੇ ਹਨ ਸੋ ਰਾਜ ਭਾਗ ਪਾ ਕੇ ਫੇਰ ਜ਼ੋਰ ਵਿਚ ਤੇ ਮਾੜੇ ਕਰਮਾਂ ਵਿਚ ਲਗ ਪੈਂਦੇ ਹਨ, ਸੁਭਾਵ ਜੋ ਨਹੀਂ ਸੀ ਸਾਧਿਆ, ਸੋ ਉਨ੍ਹਾਂ ਕਰਮਾਂ ਕਰਕੇ ਫੇਰ ਦੁਖਾਂ ਦੇ ਅਧਿਕਾਰੀ ਹੋ ਜਾਂਦੇ ਹਨ। ਇਸੇ ਕਰਕੇ ਤਪੋ ਰਾਜ ਤੇ ਰਾਜੋਂ ਨਰਕ ਮਿਲਦਾ ਹੈ।

ਮਰਦਾਨਾ - ਕੀਤੇ ਕਰਮ ਕਦੇ ਮਿਟਦੇ ਬੀ ਹੈਨ?

ਸ੍ਰੀ ਗੁਰੂ ਜੀ ਬੋਲੇ - ਕਰਮ ਦੇ ਸੰਸਕਾਰ ਅੰਦਰ ਪੱਕੇ ਬੈਠਦੇ ਹਨ। ਕਰਮ ਦੇ ਪਏ ਰੇਖ ਤੇ ਲੇਖ ਮਿਟਦੇ ਨਹੀਂ, ਪਰ ਸੱਜਣਾ! ਕਰਮ ਜੀਵ ਨੇ ਦੇਹ ਧਾਰ ਕੇ ਕੀਤੇ ਹੈਨ, ਅਤੇ ਜੋ ਸ਼ੈ ਆਦਿ ਰਖਦੀ ਹੈ ਉਸਦਾ ਅੰਤ ਬੀ ਹੈ। ਸੋ ਕਰਮ ਮਿਟਦੇ ਬੀ ਹੈਨ, ਜਿਵੇਂ ਅੱਗ ਲਾਣ ਨਾਲ ਲੱਕੜਾਂ ਦੇ ਢੇਰ ਸੜ ਜਾਂਦੇ ਹਨ ਤਿਵੇਂ ਸਾਂਈਂ ਪ੍ਰੇਮ ਨਾਲ ਕਰਮ। ਜੇ ਬੰਦਾ ਪਰਮੇਸੁਰ ਵਿਚ ਲਿਵ ਲਾਵੇ, ਆਪਣੇ ਧਿਆਨ ਵਿਚ ਕਰਤਾ ਪੁਰਖ ਨੂੰ ਰਖੇ ਤਾਂ ਅੰਦਰ ਪਈਆਂ ਕਰਮਾਂ ਦੀਆਂ ਸੰਸਕਾਰੀ ਰੇਖਾ ਧੋ ਹੋ ਜਾਂਦੀਆਂ ਹਨ।

*(ਬਾਕੀ ਪੰਨਾ 56 'ਤੇ)*

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-63)*

**ਸਿਰੀਰਾਗੁ ਮਹਲਾ ੧**

**ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ॥**

ਪਿਆਰਿਆ=ਹੇ ਪਿਆਰੇ ਸਿੱਖਾ! ਉਸ ਹਰਿ (ਪ੍ਰਭੂ) ਦਾ ਨਾਮ ਜਪਹੁ=ਜਪਣਾ ਕਰ, ਜਿਹੜਾ ਹਰਿ=ਹਰੇਕ ਪ੍ਰਕਾਰ ਦੇ ਦੁੱਖਾਂ, ਸਾਰਿਆਂ ਪਾਪਾਂ ਨੂੰ ਹਰਨੇ ਵਾਲਾ ਹੈ ਵਾ: ਹਰਿ=ਜੋ ਹਰਿ (ਪ੍ਰਭੂ) ਹੈ, ਤੂੰ ਉਸ ਪਦ ਨੂੰ ਲਖ ਅਰਥ ਰੂਪ ਜਾਣ।

**ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ॥**

ਇਸ ਮਨ ਨੂੰ ਸੱਚੇ ਨਾਮ ਦੀ ਕਸਵੱਟੀ 'ਤੇ ਲਾ ਕੇ ਵੇਖੀਏ ਕਿ ਕਿੰਨਾ ਕੁ ਸਿਮਰਨ ਕਰਦਾ ਹੈ ਅਥਵਾ ਮਨ ਨੂੰ ਸਰਾਫ ਰੂਪੀ ਸਚ=ਸੱਚੇ ਸਤਿਗੁਰਾਂ ਦੀ ਕਸਵੱਟੀ ਵਾ: ਸਚ=ਸੱਚੀ ਭਗਤੀ ਦੀ ਕਸਵੱਟੀ 'ਤੇ ਲਾਈਐ=ਲਾਈਏ ਤਾਂ ਜੋ ਪ੍ਰਮਾਰਥ ਦਾ ਸੰਪੂਰਨ ਤੋਲਿ=ਵੀਚਾਰ ਹੈ, ਉਸ ਉਪਰ ਪੂਰੈ=ਪੂਰੇ ਤੁਲੀਐ=ਤੁਲੀਦਾ ਹੈ ਵਾ: ਵਿਚਾਰ ਰੂਪੀ ਪੂਰੇ ਤੋਲਿ=ਵੱਟਿਆਂ ਨਾਲ ਤੁਲੀਐ=ਤੁਲੀਦਾ ਹੈ। ਭਾਵ ਜਦੋਂ ਪੰਜੇ ਕਰਮ-ਇੰਦ੍ਰੇ, ਪੰਜੇ ਗਿਆਨ-ਇੰਦ੍ਰੇ ਮਨ ਤੇ ਬੁੱਧੀ ਆਦਿ ਵਿਕਾਰਾਂ ਵੱਲੋਂ ਰੁਕ ਜਾਣ ਤੇ ਮਨ ਨਾਮ 'ਚ ਜੁੜ ਜਾਵੇ ਤਾਂ ਫਿਰ ਸੱਚ ਦੀ ਕਸਵੱਟੀ ਉਤੇ ਬਾਰਾਵੰਨੀ ਦੇ ਸੋਨੇ ਵਾਂਗੂੰ ਖਰੇ ਉਤਰੀਦਾ ਹੈ।

**ਕੀਮਤਿ ਕਿਨੈ ਨ ਪਾਈਐ; ਰਿਦ ਮਾਣਕ ਮੋਲਿ ਅਮੋਲਿ॥**

ਉਸ ਵਾਹਿਗੁਰੂ ਦੀ ਕੀਮਤ ਕੋਈ ਨਹੀਂ ਪਾ ਸਕਿਆ ਤੇ ਨਾ ਹੀ ਕੋਈ ਪਾ ਸਕੇਗਾ। ਉਹ ਮਾਣਕ ਦੀ ਨਿਆਈਂ ਬੇਕੀਮਤੀ ਪ੍ਰਭੂ ਸਾਰਿਆਂ ਦੇ ਹਿਰਦਿਆਂ ਵਿਚ ਸ਼ੁੱਧ ਸਰੂਪ ਹੋ ਕੇ ਇਸਥਿਤ ਹੈ। ਜੋ ਅਮੋਲਿ=ਮੁੱਲ ਤੋਂ ਰਹਿਤ ਹੈ, ਭਾਵ ਉਹ ਕਿਸੇ ਸਾਧਨ ਦੇ ਬਦਲੇ ਮੁੱਲ ਨਹੀਂ ਲਿਆ ਜਾ ਸਕਦਾ ਕਿ ਸੌ ਅਸਮੇਧ ਯੱਗ ਕਰ ਲਏ ਜਾਂ ਜਪ ਤਪ, ਜੋਗਾ ਅਭਿਆਸ ਆਦਿ ਕਰ ਲਏ, ਇਹ ਸਾਰੇ ਸਾਧਨ ਆਦਿ ਉਸ ਦੇ ਮੁੱਲ ਨੂੰ ਪਹੁੰਚ ਨਹੀਂ ਸਕਦੇ।

**ਭਾਈ ਰੇ ਹਰਿ ਹੀਰਾ ਗੁਰ ਮਾਹਿ॥**

ਹੇ ਭਾਈ! ਹਰਿ ਰੂਪੀ ਹੀਰਾ ਗੁਰ=ਸਤਿਗੁਰਾਂ ਦੇ ਹਿਰਦੇ ਮਾਹਿ=ਵਿਚ ਸਾਖਿਆਤ ਰੂਪ ਹੈ।

**ਸਤਸੰਗਤਿ ਸਤਗੁਰੁ ਪਾਈਐ; ਅਹਿਨਿਸਿ ਸਬਦਿ ਸਲਾਹਿ॥੧॥ ਰਹਾਉ॥**

ਤੇ ਇਹ ਦਾਤ ਸਤਿਗੁਰਾਂ ਦੀ ਸਤਿਸੰਗਤ ਵਿਚੋਂ ਤਦ ਪਾਈਐ=ਪਾਈਦੀ ਹੈ, ਜਦੋਂ ਅਹਿਨਿਸ=ਦਿਨ ਰਾਤ ਸਤਿਗੁਰਾਂ ਦੇ ਸ਼ਬਦ ਨੂੰ ਸਲਾਹਿ=ਸਲਾਹੁੰਦੇ ਰਹੀਏ, ਭਾਵ ਸੰਕਲਪ ਰਹਿਤ ਹੋ ਕੇ ਦਿਨ ਰਾਤ ਉਸ ਪ੍ਰਭੂ ਦਾ ਸਿਮਰਨ ਕਰਦੇ ਰਹੀਏ।

**ਸਚੁ ਵਖਰੁ ਧਨੁ ਰਾਸਿ ਲੈ; ਪਾਈਐ ਗੁਰ ਪਰਗਾਸਿ॥**

ਹੇ ਭਾਈ! ਸਚੁ ਵਖਰੁ=ਸੱਚਾ ਸੌਦਾ ਜੋ ਪਰਮੇਸ਼ਰ ਦਾ ਨਾਮ ਹੈ, ਇਹੋ ਰਾਸਿ=ਸ਼ਰਧਾ ਰੂਪੀ ਪੂੰਜੀ ਤੇ ਨਾਮ ਰੂਪੀ ਧਨ ਲੈ ਕੇ ਇਸ ਦੁਆਰਾ ਸਤਿਗੁਰਾਂ ਪਾਸੋਂ ਸਰੂਪ ਦਾ ਪਰਗਾਸ ਪਾਈਐ=ਪਾ ਲਈਦਾ ਹੈ। ਜਿਨ੍ਹਾਂ ਦੇ ਮਸਤਕ ਦੇ ਭਾਗ ਜਾਗਦੇ ਹਨ, ਉਹੋ ਹੀ ਇਸ ਦਾਤ ਦੀ ਪ੍ਰਾਪਤੀ ਕਰਦੇ ਹਨ।

**ਜਿਉ ਅਗਨਿ ਮਰੈ ਜਲਿ ਪਾਈਐ; ਤਿਉ ਤ੍ਰਿਸਨਾ ਦਾਸਨਿ ਦਾਸ॥**

ਜਿਉ=ਜਿਸ ਤਰ੍ਹਾਂ ਪਾਣੀ ਦੇ ਪਾਇਐ=ਪਾਉਣ ਨਾਲ ਅੱਗ ਬੁਝ ਜਾਂਦੀ ਹੈ, ਤਿਉ=ਉਸੇ ਤਰ੍ਹਾਂ ਸਤਿਗੁਰਾਂ ਦੇ ਦਾਸਨਿ ਦਾਸ=ਦਾਸਾਂ ਦੇ ਵੀ ਦਾਸ ਬਣਨ ਨਾਲ ਤ੍ਰਿਸ਼ਨਾ ਰੂਪੀ ਅਗਨੀ ਬੁਝ ਜਾਂਦੀ ਹੈ, ਭਾਵ ਜੋ ਧਨ, ਪਦਾਰਥਾਂ ਤੇ ਵਿਕਾਰਾਂ ਦੀ ਤ੍ਰਿਸ਼ਨਾ ਦੀ ਅਗਨੀ ਮਨ 'ਚ ਲੱਗੀ ਹੁੰਦੀ ਹੈ, ਉਹ ਪਰਮੇਸ਼ਰ ਦੇ ਨਾਮ ਰੂਪੀ ਜਲ ਨਾਲ ਤੇ ਗੁਰੂ ਦੇ ਦਾਸਾਂ ਦੇ ਦਾਸ ਬਣ ਕੇ ਹੀ ਬੁਝਦੀ ਹੈ।

**ਜਮ ਜੰਦਾਰੁ ਨ ਲਗਈ; ਇਉ ਭਉਜਲੁ ਤਰੈ ਤਰਾਸਿ॥**

ਫਿਰ ਉਸ ਨੂੰ ਜਮ ਜਿਹੜਾ ਜੰਦਾਰੁ=ਜਲਾਦ ਦੀ ਨਿਆਈਂ ਹੈ, ਉਹ ਨਹੀਂ ਲਗਦਾ ਵਾ: ਜਮ ਜੋ ਜੰਦਾਰੁ=ਜਿੰਦ ਦਾ ਵੈਰੀ ਹੈ ਵਾ: ਜੰਦਾਰੁ=ਜੋ ਡੰਡਾਧਾਰੀ ਹੈ, ਉਹ ਨਹੀਂ ਲਗਦਾ। ਇਉ=ਇਸ ਪ੍ਰਕਾਰ ਭਉਜਲੁ=ਸੰਸਾਰ ਸਾਗਰ ਦੇ ਤਰਾਸਿ=ਡਰ ਤੋਂ ਤਰੈ=ਤਰ ਜਾਈਦਾ ਹੈ ਵਾ: ਤਰੈ ਤਰਾਸਿ=ਉਨ੍ਹਾਂ ਹੋਰਨਾਂ ਨੂੰ ਵੀ ਤਾਰ ਦਿਉਗੇ ਜਿਨ੍ਹਾਂ ਨੂੰ ਤਰਨ ਦੀ ਆਸਾ ਹੈ।

**ਗੁਰਮੁਖਿ ਕੂੜੁ ਨ ਭਾਵਈ; ਸਚਿ ਰਤੇ ਸਚ ਭਾਇ॥**

जो गुरमुख हन, उन्हां नूं कूड़ु=झूठ बोलणा न भावई=चंगा नहीं लगदा वा: गुरमुखां नूं कूड़ु=झूठे पदारथ वा: कूड़ु=झूठा कुसंगु आदि भाउंदा नहीं है, किउंकि जो सचि रते=सच्चे नाम 'च रंगे हन, उन्हां नूं सच भाइ=सच्च ही भाउंदा है।

**साकत सचु न भावई कूड़ै कूड़ी पांइ॥**

जिहड़े साकत=कठोर चित्त वाले पुरश़ हन, उन्हां नूं सचु=सच्च बोलणा वा: सचा नामन भावई=चंगा नहीं लगदा, किउंकि कूड़ै=झूठे पुरश़ कूड़ी=झूठी श़ोभा नूं ही पांइ=पाउंदे हन। अंत नूं सभ कूड़ ही कूड़ हो जांदाहै।

**सचि रते गुरि मेलिऐ सचे सचि समाइ॥**

जिहड़े गुरमुख गुरि मेलिऐ=सतिगुरां ने मेल लए हन, उह सचि रते=सच्चे नाम विच रते=रंगे गए हन। उह सच्चे पुरश़ सच्च सरूप विच समाइ=समाअ जांदे हन, भाव गुरमुख सच्च 'च रंगे गए हन ते साकत पुरश़ जो माइआ दे पुजारी हन, उह झूठे ही कंम करदे हन।

**मन महि माणकु लालु नामु रतनु पदारथु हीरु॥**

उन्हां दे मन=हिरदे महि=विच नाम सिमरन करके स्रवण, मंनण, निदिआसण रूपी माणक, प्रेम रूपी लाल, वैराग रूप रतन, श़ुभ गुणां रूपी पदारथ ते गिआन रूपी हीरु=हीरा प्रापत हुंदा है।

**सचु वखरु धनु नामु है घटि घटि गहिर गंभीरु॥**

हे भाई! सचु वखरु=सच्चा सौदा नाम धन ही है। परमेश़र दा जो सच्चा नाम घटि घटि=सरीरां-सरीरां विच रम रिहा है, उह गहिर=डूंघा ते गंभीरु=निरचल है।

**नानक गुरमुखि पाईऐ दइआ करे हरि हीरु॥४॥२१॥**

सतिगुरू नानक देव जी फुरमाउंदे हन कि हे भाई! उस सच्चे नाम नूं गुरमुखां ने गुरां दुआरा ही पाइआ है। जो हरि=प्रभू हीरे दी निआईं है, जदों उह दइआ करे तां ही सतिगुरां दुआरा नाम दी प्रापती हुंदी है।

**'चलदा..........।'**

*(पंना 54 दी बाकी)*

सुख, दुख, देह, जनम मरन करमां अनुसार हन, पर मुकती परमेश़ुर दी नदर उते है। नदर उन्हां ते हुंदी है जो नदर नूं खिचदे हैन। नदर नूं कौण खिच सकदा है? जो नदरी नाल पिआर करदा है, प्रेम दी लगन खिच है जो प्रीतम नूं बी जा खिंचदी है। प्रेम - अणदिसदे रब्ब सांईं नाल प्रेम-उस दी याद नाल पैंदा है, उस दे गुण कीरतन नाल पैंदा है। मिहर उस दी स्रै छंद विचरदी है, पर राह इह है, करतार दी याद विच रहिणा, पिआर विच रहिणा, जगत विच लगदे ताण सुभ करम करने, नेकी करनी, भलिआई वंडणी, बदी तों संकोचणा।

स्री गुरू जी ने इस साखी विच जो उपदेश़ दिता है, उह सवाल हर किसे नूं फुरदा रहिंदा है। गुरू जी ने आपणी बाणी विच दस्सिआ है कि करम करन नाल जो रेख ते लेख पैंदे हन, मिटदे नहीं। पर उह मिटदे बी हैन। करम जीव ने देह धार के कीते हन, हैन, देह धारन तों पहिलां करम किथे सी जिस ने देह दिती? सो करम दा आदि है। फिर जीव हदबंदी वाला है। इस दा समां मुक्कदा है; करम तां ते अमित नहीं हो सकदे। सो आदि वाली श़ै दा अंत है ते मित वाली श़ै लई मुक्कणा है। मुक्कण दा रसता इह है कि करम तां जीव श़ुभ करे तां जो अग्गों नूं अश़ुभ करमां दे संसकार होर ना वधण ते करमां दे सिर करम सतिसंग करे ते करतार दे कीरतन विच रचे, उस दे गुण गावे, इउं करता ते जा मन टिकेगा। उस दी पवित्रता मन नूं पवित्र करेगी। अग्ग तों दूर गिआं पाला लगदा है। अग्ग दे नेड़े होइआं निंघ आउंदी है। परमेश़ुर तों माड़े करमां नाल ते भुल्ल नाल विछुड़ीदा है, दूर जा पईदा है। भले करके ते याद करके नेड़े होईदा है। नेड़े हो के सुखी होईदा है। फेर हरी कीरतन हर वेले दा इह है कि उस दी याद अंदर सहिज दा सुभाव बण के टिक जावे। याद पिआर हुंदी है, पर याद दा हिरदे विच अंदर टिकणा अभिआस नाल हुंदा है, सो उस दी याद दा अभिआस उस दे नाम नाल करीदा है। नाम जपीदा है ते मन नूं उस दी हजूरी विच प्रतीत करन दे जतन विच रखीदा है - 'है हजूरि हाजरु अरदासि॥ दुखु सुखु साच करते प्रभ पासि॥' ऐउं मिट बी जांदे हन करम ते करमां दे फल।

*'चलदा.........।'*

# ਨੌ ਰਤਨ - ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-58)*

## ਸੰਤ ਮਹਾਰਾਜ ਦੇ ਪ੍ਰਚਾਰ ਦੌਰੇ

ਸੰਤ ਮਹਾਰਾਜ ਨੇ ਜੀਵਨ ਦੇ ਅਖੀਰਲੇ ਵੀਹ ਸਾਲ ਨਿਰੋਲ ਪਰਉਪਕਾਰ ਤੇ ਲੋਕ ਭਲਾਈ ਦੇ ਸਾਧਨਾਂ ਪਰ ਹੀ ਲਗਾਏ ਸਨ। ਉਹ ਲੋਕ ਸੇਵਾ ਸਮੇਂ ਕਦੇ-ਕਦੇ ਸਰੀਰਕ ਕਿਰਿਆ ਵੀ ਭੁੱਲ ਜਾਂਦੇ ਸਨ। ਸਰੀਰ ਹੁਣ ਬਹੁਤੀ ਤਕਲੀਫ ਬਰਦਾਸ਼ਤ ਕਰਨ ਯੋਗ ਨਹੀਂ ਸੀ। ਫਿਰ ਵੀ ਆਪ ਉਸ ਤੋਂ ਅਧਿਕ ਹੀ ਕਾਰਜ ਲੈਂਦੇ ਸਨ। ਭਾਵ ਸਾਫ ਸੀ ਕਿ ਉਹ ਥੋੜ੍ਹੇ ਹੀ ਸਮੇਂ ਅੰਦਰ ਬਹੁਤਾ ਕਾਰਜ ਕਰਨ ਦੇ ਆਹਰ ਵਿਚ ਸਨ।

ਜੇ ਉਹ ਅੱਜ ਰਾੜੇ ਸਾਹਿਬ ਕੀਰਤਨ ਕਰ ਰਹੇ ਹਨ ਤਦ ਦੂਸਰੀ ਹੀ ਰਾਤ ਦਿੱਲੀ ਦੇ ਬਿਰਲਾ ਮੰਦਰ ਦੇ ਬਾਹਰ ਕੀਰਤਨ ਕਰਦੇ ਦਿਸਦੇ ਸਨ। ਫਿਰ ਉਥੋਂ ਦੀਵਾਨ ਸਮਾਪਤ ਹੁੰਦੇ ਹੀ ਸਨ ਕਿ ਯੂ.ਪੀ ਦੀ ਵਾਰੀ ਆ ਜਾਂਦੀ ਸੀ। ਹਾਪੜ, ਗਾਜ਼ੀਆਬਾਦ, ਲਖਨਊ ਤੇ ਫਿਰ ਹਰਿਦੁਆਰ, ਬਿਲਾਸਪੁਰ ਤੋਂ ਲੈ ਕੇ ਨਾਨਕ ਮਤਾ ਤਕ ਸਾਰਾ ਹੀ ਸਿਖ ਹਲਕਾ ਉਨ੍ਹਾਂ ਦੀ ਚਰਨ ਛੋਹ ਨੂੰ ਬਾਰ-ਬਾਰ ਪ੍ਰਾਪਤ ਕਰਦਾ ਸੀ। ਹਰ ਸਮੇਂ ਸਤਿ ਦੇ ਖੋਜੀ ਆਪ ਜੀ ਨੂੰ ਚੌਤਰਫੇ ਤੋਂ ਘੇਰ ਕੇ ਰਖਦੇ ਸਨ। ਲੋਕ ਭਲਾਈ ਦੀ ਇਹ ਦਸ਼ਾ ਸੀ ਕਿ ਇਕ ਹਾਈ ਸਕੂਲ ਬਣਿਆ ਤਦ ਉਹ ਕਾਲਜ ਬਣਾ ਦਿਤਾ ਤੇ ਫਿਰ ਉਹ ਸਰਕਾਰ ਨੂੰ ਲੱਖਾਂ ਰੁਪਏ ਸਮੇਤ ਦੇ ਕੇ ਵੀ ਆਰਾਮ ਨਹੀਂ ਸੀ। ਫਿਰ ਸਕੂਲ ਦੀ ਬਿਲਡਿੰਗ ਹੋਰ ਬਣਾਉਣੀ ਪਈ।

ਜਦੋਂ ਗੁਰਦਵਾਰਾ ਕਰਮਸਰ ਨੂੰ ਵੱਡਾ ਬਣਾ ਦਿਤਾ ਤਾਂ ਉਸ ਦੀ ਹਰ ਚੀਜ਼ ਜੋ ਵੱਡੀ ਸੀ ਹੁਣ ਛੋਟੀ ਹੋ ਕੇ ਰਹਿ ਗਈ ਸੀ। ਦੀਵਾਨ ਸਥਾਨ ਜੋ ਪਹਿਲਾਂ ਕਾਫੀ ਸੀ, ਹੁਣ ਮਜਬੂਰੀ ਨੂੰ ਹੀ ਉਥੇ ਦੀਵਾਨ ਸਜਦੇ ਸਨ ਕਿਉਂਕਿ ਉਹ ਤਾਂ ਰੋਜ਼ਾਨਾ ਦੇ ਹੀ ਦੀਵਾਨਾਂ ਲਈ ਕਾਫੀ ਨਹੀਂ ਸੀ। ਸਾਲਾਨਾ ਤੇ ਵੱਡੇ ਦੀਵਾਨਾਂ ਨੂੰ ਕੋਈ ਜਗ੍ਹਾ ਨਹੀਂ ਸੀ। ਸ੍ਰੀ ਹਰੀਮੰਦਰ ਦੇ ਸਾਮ੍ਹਣੇ ਹੀ ਜਗ੍ਹਾ ਨੂੰ ਬਾਹਰ ਤੋਂ ਖਾਲੀ ਕਰਕੇ ਸਾਰੀ ਹੀ ਖੋਹਲ ਦਿਤੀ ਸੀ। ਪਹਿਲਾਂ ਖਿਆਲ ਸੀ ਦਸ ਬਾਰਾਂ ਕਮਰੇ ਹੀ ਕਾਫੀ ਹੋਣਗੇ, ਫਿਰ ਵੀਹ, ਹੁਣ ਸੈਂਕੜਿਆਂ ਤਕ ਦੀ ਕਹਾਣੀ ਵੀ ਪੂਰੀ ਹੋ ਗਈ। ਪਰ ਸੰਗਤ ਦੀ ਬਹੁਤ ਆਮਦ ਨੇ ਹਰ ਚੀਜ਼ ਤੇ ਹਰ ਜਗ੍ਹਾਂ ਨੂੰ ਹੀ ਛੋਟਾ ਕਰਕੇ ਰਖ ਦਿਤਾ ਸੀ।

ਗੁਰਦਵਾਰੇ ਦੇ ਬਾਹਰ ਹੀ ਕੁਝ ਦੁਕਾਨਾਂ ਜੋ ਕਦੀ ਲੰਗਰ ਤੋਂ ਵਧਦੀ ਲੋੜ ਪੂਰੀ ਕਰਨ ਤੇ ਹਰ ਸਮੇਂ ਖਾਸ ਚਾਹ ਲੰਗਰ ਅੰਦਰ ਪੂਰੀ ਨਾ ਹੁੰਦੀ ਤਕ ਕੇ ਬਣਾਈਆਂ ਸਨ। ਹੁਣ ਹੋਰ ਬਣ ਗਈਆਂ ਹਨ। ਦਰਮਿਆਨ ਹਸਪਤਾਲ ਹੈ ਜੋ ਪਹਿਲਾਂ ਗੁਰਦਵਾਰੇ ਦਾ ਸੀ, ਹੁਣ ਉਹ ਸਰਕਾਰ ਨੂੰ ਦੇ ਦਿਤਾ ਹੈ।

ਅਸੀਂ ਸੰਤ ਜੀ ਮਹਾਰਾਜ ਦੇ ਰੁਝੇਵੇਂ ਦੀ ਚਰਚਾ ਕਰ ਰਹੇ ਸੀ। ਪਹਿਲਾਂ ਦੀਵਾਨਾਂ ਦੀ ਗਿਣਤੀ ਸੈਂਕੜੇ ਫਿਰ ਹਜ਼ਾਰਾਂ ਤੇ ਹੁਣ ਆਖਰੀ ਸਾਲਾਂ ਅੰਦਰ ਲੱਖਾਂ ਹੀ ਪੁਜ ਜਾਂਦੀ ਸੀ। ਖਾਸ ਕਰ ਲੁਧਿਆਣਾ ਸ਼ਹਿਰ ਤੇ ਨਗਰਾਂ ਦੀ ਤਾਂ ਇਹ ਹਾਲਤ ਸੀ ਕਿ ਉਥੇ ਹਰ ਜਗ੍ਹਾਂ ਮੇਲਾ ਹੀ ਲਗ ਜਾਂਦਾ ਸੀ। ਪਹਿਲਾਂ ਤਾਂ ਸਰਦਾਰ ਪਰਮਜੀਤ ਸਿੰਘ ਜਾਂ ਫਿਰ ਹੋਰ ਬੱਸਾਂ ਵਾਲੇ ਪ੍ਰੇਮੀ ਬੱਸਾਂ ਲਗਾ ਕੇ ਸੰਗਤ ਨੂੰ ਲੈ ਆਂਦੇ ਸਨ। ਲੁਧਿਆਣੇ ਤੋਂ ਵੀ ਸੰਗਤ ਰਾਤ ਸਮੇਂ ਹੀ ਕਰਮਸਰ ਆ ਕੇ ਵਾਪਸ ਵੀ ਚਲੀ ਜਾਂਦੀ ਸੀ ਪਰ ਹੁਣ ਹਰ ਪਾਸੇ ਤੋਂ ਬੱਸਾਂ ਡੇਰੇ ਪੁੱਜਦੀਆਂ ਹਨ। ਲੁਧਿਆਣਾ, ਕੋਟਲਾ, ਸਰਹੰਦ, ਖੰਨਾ, ਅਹਿਮਦਗੜ੍ਹ, ਦੋਰਾਹਾ। ਸਵੇਰ ਨੂੰ ਰਾੜੇ ਸਾਹਿਬ ਤੋਂ ਤਕਰੀਬਨ ਦਸ ਟਾਈਮ ਬੱਸਾਂ ਵਖਰੀ-ਵਖਰੀ ਥਾਂ ਨੂੰ ਚਲਦੀਆਂ ਹਨ। ਪਰ ਫਿਰ ਵੀ ਗੁਰਦਵਾਰੇ ਅੰਦਰ ਸੰਗਤ ਦੀ ਹਰ ਸਮੇਂ ਆਵਾਜਾਈ ਬਣੀ ਹੀ ਰਹਿੰਦੀ ਹੈ। ਲੰਗਰ ਕਿਸੇ ਸਮੇਂ ਦਹਾਕਿਆਂ ਤਕ ਸੀ। ਫਿਰ ਸੈਂਕੜਿਆਂ ਤਕ ਹੁਣ ਪੰਜ ਸੌ ਤੋਂ ਲੈ ਕੇ ਹਜ਼ਾਰ ਤਕ ਪ੍ਰੇਮੀ ਰੋਜ਼ ਹੀ ਪ੍ਰਸ਼ਾਦਿ ਛਕਦੇ ਹਨ ਤੇ ਸੰਗਰਾਂਦ ਪੂਰਨਮਾਸ਼ੀ ਦੀ ਹਾਜ਼ਰੀ ਦਸ ਪੰਦਰਾਂ ਹਜ਼ਾਰ ਤੋਂ ਕਦੇ ਵੀ ਘਟਦੀ ਨਹੀਂ।

## ਕੁਰਸੀ

ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾਜ ਯੋਗੀ ਸਨ ਤੇ ਉਹ ਬਾਬਾ ਸਾਹਿਬ ਸਿੰਘ ਜੀ ਬੇਦੀ ਤੇ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ, ਬਾਬਾ ਮਹਾਰਾਜ ਸਿੰਘ ਜੀ ਉਸ ਸੰਪਰਦਾਇ ਦੇ ਸਥੰਭ ਸਨ ਜੋ ਬਾਕਾਇਦਾ ਦਰਬਾਰ ਲਗਾਂਦੇ ਸਨ। ਵੱਡੇ-ਵੱਡੇ ਲੋਕ ਦਰਬਾਰ ਦੀ ਹਾਜ਼ਰੀ ਭਰਦੇ ਸਨ। ਬਾਬਾ ਜੀ ਦੇ ਫੋਟੋ ਅੱਜ ਵੀ ਮਿਲਦੇ ਹਨ। ਉਨ੍ਹਾਂ ਅੰਦਰ ਵੀ ਸਿੰਘ ਸਾਹਿਬ ਮਹਾਰਾਜਾ ਰਣਜੀਤ ਸਿੰਘ ਤੇ ਉਨ੍ਹਾਂ ਦਾ ਸ਼ਾਹੀ ਪਰਿਵਾਰ ਬਾਬਾ ਜੀ ਦੀ ਹਾਜ਼ਰੀ ਅੰਦਰ ਬੈਠਾ ਦਿਸਦਾ ਸੀ। ਉਨ੍ਹਾਂ ਦੇ ਦਰਬਾਰ ਹੀ ਪਿਛੋਂ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਤੇ ਹੋਰ ਸੰਤ ਸਮਾਜ ਦੇ ਮੋਢੀ ਬੈਠੇ ਦਿਸਦੇ ਹਨ।

ਪਹਿਲਾਂ ਜਦੋਂ ਸੰਗਤਾਂ ਦੀ ਆਵਾਜਾਈ ਕਾਫੀ ਵਧੀ ਤਾਂ ਸੰਤ ਮਹਾਰਾਜ ਨੇ ਲੋਕਾਂ ਨੂੰ ਵਧ ਸਮਾਂ ਦੇਣ ਲਈ ਹੀ ਕੁਰਸੀ ਦਾ ਢੰਗ ਕੱਢਿਆ ਸੀ। ਮਤਲਬ ਤਾਂ ਲੋਕ ਸੰਪਰਕ ਸੀ ਤਾਂ ਕਿ ਹਰ ਪ੍ਰਾਣੀ ਨੂੰ ਜੋ ਉਨ੍ਹਾਂ ਨੂੰ ਮਿਲਣਾ ਚਾਹੇ, ਦਰਸ਼ਨ ਮੇਲੇ ਕਰਕੇ ਲਾਭ ਲੈ ਸਕੇ। ਫਿਰ ਇਸੇ ਸਮੇਂ ਖੁਲ੍ਹੇ ਤੌਰ ਪਰ ਜਿਥੇ ਆਤਮਕ ਮਹਾਨਤਾ ਤੇ ਸਿਮਰਨ ਸਾਧਨ ਦੀਆਂ ਗੱਲਾਂ ਚਲਦੀਆਂ ਸਨ, ਉਥੇ ਕਈ ਵਾਰੀ ਸਿਆਸੀ ਉਲਝਣਾਂ ਦੀ ਚਰਚਾ ਵੀ ਹੋ ਜਾਂਦੀ ਸੀ। ਉਸ ਸਮੇਂ ਸੰਤ ਮਹਾਰਾਜ ਆਪਣੀ ਰਾਏ ਖੁਲ੍ਹ ਕੇ ਦਿੰਦੇ ਸਨ।

ਜਿਸ ਤਰ੍ਹਾਂ ਪੰਜਾਬੀ ਸੂਬੇ ਦੇ ਮੋਰਚੇ ਸਮੇਂ ਸੰਤ ਫਤਹਿ ਸਿੰਘ ਜੀ ਨੇ ਸੰਤ ਮਹਾਰਾਜ ਨੂੰ ਕਿਹਾ ਸੀ ਕਿ ਤੁਸੀਂ ਖਾਲਸਾ ਪੰਥ ਦੀ ਵਾਗ ਡੋਰ ਸੰਭਾਲੋ, ਤਦ ਪੰਥ ਚੜ੍ਹਦੀਆਂ ਕਲਾਂ ਅੰਦਰ ਜਾਏਗਾ। ਨਾਲ ਹੀ ਜੋ ਕਮੀ ਤੇ ਘਾਟਾਂ ਕਿਸੇ ਹੋਰ ਵਿਅਕਤੀ ਅੰਦਰ ਹੋ ਕੇ ਸਮੁੱਚੀ ਕੌਮ ਲਈ ਹਾਨੀਕਾਰਕ ਸਾਬਤ ਹੋ ਸਕਦਾ ਹੈ, ਉਹ ਨਹੀਂ ਹੋਣਗੀਆਂ।

ਸੰਤ ਮਹਾਰਾਜ ਜੀ ਨੇ ਤੁਰੰਤ ਹੀ ਫੁਰਮਾਇਆ ਸੀ "ਸੰਤ ਜੀ ਸਿਆਸੀ ਲੜਾਈ ਤਾਂ ਅੰਗਾਰਾਂ ਦੀ ਭੱਠੀ ਸੀ। ਤੁਸੀਂ ਆਪ ਇਕਾਂਤ ਤੇ ਕੀਰਤਨ ਦੀ ਸ਼ਾਂਤੀ ਭਰੀ ਜ਼ਿੰਦਗੀ ਛੱਡ ਕੇ ਇਸ ਭੱਠੀ ਅੰਦਰ ਪੈ ਗਏ। ਹੁਣ ਉਹੀ ਭੱਠੀ ਸਾਨੂੰ ਵਿਖਾਂਦੇ ਹੋ। ਕ੍ਰਿਪਾ ਕਰਕੇ ਸਾਨੂੰ ਖਿਮਾ ਹੀ ਬਖਸ਼ੋ। ਵੈਸੇ ਅਸੀਂ ਗੁਰੂ ਪੰਥ ਦੇ ਦਾਸ ਹਾਂ। ਹਰ ਸਮੇਂ ਉਸ ਦੀ ਚੜ੍ਹਦੀ ਕਲਾ ਤੇ ਮਹਾਨਤਾ ਲਈ ਅਰਦਾਸ ਕਰਦੇ ਹਾਂ। ਪੰਥ ਗੁਰੂ ਦਾ ਰੂਪ ਹੈ ਫਿਰ ਕੋਈ ਗੁਰੂ ਦਾ ਸਿੱਖ ਉਸ ਤੋਂ ਦੂਰ ਤੇ ਅਲੱਗ ਹੋ ਹੀ ਕਿਵੇਂ ਸਕਦਾ ਹੈ? ਅਸੀਂ ਹਰ ਸਮੇਂ ਤੁਹਾਡੇ ਨਾਲ ਹਾਂ। ਸਿਆਸੀ ਲੜਾਈ ਛੱਡ ਕੇ ਗੁਰੂ ਪੰਥ ਦੀ ਉਨੱਤੀ ਤੇ ਅੰਮ੍ਰਿਤ ਪ੍ਰਚਾਰ, ਧਰਮ ਦੀ ਉਨਤੀ ਦੇ ਸਾਧਨ ਹਰ ਸਮੇਂ ਹੀ ਕਰਨ ਨੂੰ ਤਿਆਰ ਹਾਂ, ਪਰ ਮੂਹਰੇ ਹੋ ਕੇ ਮੋਰਚੇ ਚਲਾਣੇ ਸਿਆਸੀ ਚਾਲਾਂ ਚਲ ਕੇ ਇਕ ਦੂਸਰੇ ਨੂੰ ਮਾਤ ਦੇਣ ਦੀਆਂ ਗੋਂਦਾਂ ਗੁੰਦਣੀਆਂ। ਆਪਣੇ ਪਾਪ ਨੂੰ ਲੁਕੋ ਕੇ ਦੂਸਰੇ ਦੀ ਛੋਟੀ ਮੋਟੀ ਭੁੱਲ ਨੂੰ ਸੇਰ ਤੇ ਆਪਣੀ ਪਹਾੜ ਜੇਡੀ ਗਲਤੀ ਨੂੰ ਸੇਵਾ ਦਸਣੀ, ਇਹ ਸਾਥੋਂ ਹੋ ਹੀ ਨਹੀਂ ਸਕਦਾ। ਸੋ ਆਪ ਜੋ ਠੀਕ ਸਮਝਦੇ ਹੋ, ਕਰਦੇ ਰਹੋ। ਸਾਡੇ ਵਸ ਦਾ ਇਹ ਰੋਗ ਉੱਕਾ ਹੀ ਨਹੀਂ ਹੈ। ਹਾਂ ਅੰਮ੍ਰਿਤ ਪ੍ਰਚਾਰ, ਸਦਾਚਾਰ ਤੇ ਫਿਰ ਨਸ਼ਿਆਂ ਦੀ ਵਰਤੋਂ ਦੀ ਵਿਰੋਧਤਾ ਇਹ ਐਸੀਆਂ ਗੱਲਾਂ ਹਨ ਜੋ ਅਸੀਂ ਲੋਕਾਂ ਵਿਚ ਪ੍ਰਚਾਰਦੇ ਹਾਂ। ਉਸ ਦਾ ਲਾਭ ਗੁਰੂ ਪੰਥ ਨੂੰ ਹੀ ਪੁਜਦਾ ਹੈ। ਪਨੀਰੀ ਤਾਂ ਅਸੀਂ ਬਣਾਂਦੇ ਹਾਂ ਫਿਰ ਤੁਸੀਂ ਉਸ ਦੇ ਦਰਖਤ ਬਣਾ ਲਵੋ, ਇਹ ਮੁਸ਼ਕਲ ਨਹੀਂ ਹੈ।

ਅਸੀਂ ਗੱਲ ਕੁਰਸੀ ਦੀ ਕਰ ਰਹੇ ਸੀ। ਮਹਾਂਪੁਰਖਾਂ ਦੀ ਕੁਰਸੀ ਕਿਸੇ ਗੁਰੂ ਡਮ ਦਾ ਪ੍ਰਗਟਾਵਾ ਉੱਕਾ ਹੀ ਨਹੀਂ ਸੀ। ਉਹ ਕਦੇ ਵੀ ਆਪਣੇ ਆਪ ਨੂੰ ਸਤਿਗੁਰੂ ਜੀ ਦੇ ਕਿਸੇ ਵੀ ਤਰ੍ਹਾਂ ਕੋਈ ਅੰਗ ਵੀ ਨਹੀਂ ਸਨ ਮੰਨਦੇ। ਸਗੋਂ ਕਿਸੇ ਸਮੇਂ ਕੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਅੰਦਰ ਫਰਕ ਆਉਂਦਾ ਦਿਸੇ ਤਦ ਝਾੜ ਦਿੰਦੇ ਸਨ। ਉਨ੍ਹਾਂ ਕਦੇ ਕਿਸੇ ਨੂੰ ਗੁਰੂ ਮੰਤਰ ਦੇ ਕੇ ਸਿੱਖ ਨਹੀਂ ਬਣਾਇਆ। ਉਹ ਸਦਾ ਹੀ ਜਦੋਂ ਕੋਈ ਸ਼ਬਦ ਦੇ ਸਾਧਨ ਸਿਮਰਨ ਦੀ ਗੱਲ ਕਰਦਾ ਤਦ ਪਹਿਲਾਂ ਕਹਿੰਦੇ ਸਨ, ਤੁਸੀਂ ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਗੁਰੂ ਮੰਤਰ ਧਾਰਨ ਕਰ ਚੁੱਕੇ ਹੋ ਕਿ ਨਹੀਂ? ਜੇਕਰ ਨਹੀਂ ਤਦ ਤੁਸੀਂ ਸਿੰਘ ਰੂਪ ਵਿਚ ਨਿਗੁਰੇ ਹੀ ਹੋ। ਸਿੱਖੀ ਅੰਦਰ ਗੁਰੂ ਨਾਲ ਗੰਢ ਕੇਵਲ ਪੰਜ ਪਿਆਰਿਆਂ ਰਾਹੀਂ ਹੀ ਪੈਂਦੀ ਹੈ। ਕੇਸ ਧਰੇ ਪਾਹੁਲ ਤੋਂ ਬਿਨਾਂ, ਭੇਖੀ ਭਰਮੀ ਸਿੱਖ ਹੈ।

ਜੋ ਆਦਮੀ ਸੰਤ ਜੀ ਮਹਾਰਾਜ ਦੇ ਕਟੜ ਵਿਰੋਧੀ ਤੇ ਉਹਨਾਂ ਤੋਂ ਸਦਾ ਹੀ ਦੂਰ ਰਹੇ, ਉਹ ਵੀ ਇਹ ਨਹੀਂ ਦਸ ਸਕਦੇ ਕਿ ਸੰਤ ਜੀ ਮਹਾਰਾਜ ਦਾ ਕੋਈ ਹੋਰ ਰਾਹ ਵੀ ਸਿੱਖੀ ਤੋਂ ਬਗੈਰ ਸੀ।

## ਕਮੋਦੇ ਫਾਰਮ ਪਰ ਭੂਤ

ਅਹਿਮਦਗੜ੍ਹ ਮੰਡੀ ਦੇ ਕਈ ਸੰਤ ਮਹਾਰਾਜ ਦੇ ਪ੍ਰੇਮੀਆਂ ਨੇ ਆ ਕੇ ਕਮੋਦੇ ਸਰਦਾਰਾਂ ਪਾਸੋਂ ਧਰਤੀ ਮੁੱਲ ਲਈ। ਇਹ ਧਰਤੀ ਉਸ ਸਮੇਂ ਤਾਂ ਕੌਡੀਆਂ ਦੇ ਭਾਅ ਕੇਵਲ ਪੰਜਾਹ ਸੱਠ ਰੁਪਏ ਤੇ ਫਿਰ ਵੱਧ ਤੋਂ ਵੱਧ ਸੌ ਰੁਪਏ ਏਕੜ ਨੂੰ ਮਿਲ ਜਾਂਦੀ ਸੀ। ਕਰਤਾਰ ਸਿੰਘ ਜੀ ਤੇ ਉਨ੍ਹਾਂ ਦੇ ਭਰਾਵਾਂ ਨੇ ਧਰਤੀ ਨੂੰ ਆਬਾਦ ਕੀਤਾ। ਇਸੇ ਜੰਗਲ ਵਿਚ ਪਿੱਪਲਾਂ ਦੀ ਭਰਮਾਰ ਸੀ। ਚੌਹੀਂ ਪਾਸੀਂ ਲੱਕੜਾਂ ਦੇ ਢੇਰ ਲੱਗੇ ਪਏ ਸਨ। ਕੋਈ ਇਕ ਅੱਧ ਦਰਖਤ ਖਾਸ ਲੋੜ ਲਈ ਰੱਖ ਛੱਡਿਆ ਸੀ। ਇਕ ਨੌਕਰ ਨੇ ਉਸ ਰੁਖ ਕੋਲ ਬੈਠ ਕੇ ਪੇਸ਼ਾਬ ਕੀਤਾ। ਉਸੇ ਹੀ ਸਮੇਂ ਘਰ ਅੰਦਰ ਇੱਟਾਂ ਤੇ ਗੰਦਗੀ ਵਰਸਦੀ ਦਿਸੀ।

ਸਵਾਣੀਆਂ ਦੁੱਧ ਰਿੜਕਣ ਲਗਦੀਆਂ, ਚਾਟੀ ਵਿਚੋਂ ਹੀ ਟੁੱਟ ਜਾਂਦੀ। ਅੱਗ ਪਰ ਧਰਿਆ ਦੁੱਧ ਦਾ ਕਾਹੜਨਾ ਚੱਕਰ ਖਾ ਕੇ ਡਿੱਗ ਪੈਂਦਾ। ਇਹ ਤੁਰੇ ਜਾਣ, ਪਿਛੋਂ ਹੀ ਕੋਈ ਰੋੜਾ ਮਾਰੇ। ਪਾਠ ਕਰਾਉਣ ਦੀ ਸੋਚਣ ਤਦ ਚੰਦੋਆ ਹੀ ਵੱਟਿਆਂ ਨਾਲ ਭਰਿਆ ਦਿਸੇ। ਡਰਦਾ ਕੋਈ ਪਾਠ ਹੀ ਨਾ ਕਰੇ। ਕਰਤਾਰ ਸਿੰਘ ਦੇ ਪਰਿਵਾਰ ਦੇ ਜੀਆਂ ਨੇ ਸੰਤ ਮਹਾਰਾਜ ਪਾਸ ਬੇਨਤੀ ਕੀਤੀ ਕਿ ਸਾਡੇ ਘਰੋਂ ਇਹ ਸੰਕਟ ਦੂਰ ਕਰੋ। ਸੰਤ ਮਹਾਰਾਜ ਨੇ ਗੁਰਦਵਾਰੇ ਤੋਂ ਪ੍ਰਸ਼ਾਦਿ ਕਰਵਾਇਆ ਤੇ ਹੁਕਮ ਕੀਤਾ, ਉਸ ਰੁਖ ਹੇਠਾਂ ਰੱਖੋ, ਉਹ ਹੁਣੇ ਹੀ ਮੁਕਤ ਹੋ ਜਾਵੇਗਾ। ਅਸੀਂ ਵੀ ਜਦੋਂ ਸਮਾਂ ਮਿਲਿਆ, ਉਸ ਜਗ੍ਹਾਂ ਲਈ

ਆਵਾਂਗੇ।

ਪ੍ਰੇਮੀਆਂ ਨੇ ਪ੍ਰਸ਼ਾਦਿ ਉਸ ਬਰੋਟੇ ਹੇਠ ਰੱਖ ਦਿਤਾ। ਉਸੇ ਦਿਨ ਤੋਂ ਉਹ ਸਾਰੀ ਧੀਂਗਾ ਮੁਸ਼ਤੀ ਬੰਦ ਹੋ ਗਈ ਤੇ ਫਿਰ ਮੁੜ ਕੇ ਕਦੀ ਵੀ ਕੋਈ ਸ਼ਿਕਾਇਤ ਨਹੀਂ ਹੋਈ।

ਸੰਤ ਮਹਾਰਾਜ ਦਿੱਲੀ ਨੂੰ ਜਾਂਦੇ ਹੋਏ ਪਿੱਪਲੀ ਤੋਂ ਕੁਰੂਕਸ਼ੇਤਰ ਹੁੰਦੇ ਹੋਏ ਕੱਚੇ ਰਸਤੇ ਪਰ ਹੀ ਕਮੋਦੇ ਗਏ ਤੇ ਇਸ ਫਾਰਮ ਵਾਲੇ ਲੋਕਾਂ ਦੀਆਂ ਪ੍ਰੇਮ ਭਾਵਨਾਵਾਂ ਸੁਣੀਆਂ। ਸਾਰੇ ਸੇਵਕ ਮਾਈਆਂ ਬੀਬੀਆਂ ਨੇ ਸ਼ੁਕਰਾਨੇ ਵਜੋਂ ਭੇਟਾ ਹਾਜ਼ਰ ਕੀਤੀ। ਖਾਸ ਕਰ ਪੂਰਬੀਏ ਨੌਕਰਾਂ ਨੇ ਪ੍ਰੇਮ ਸਹਿਤ ਨਮਸਕਾਰ ਕਰਕੇ ਕਿਹਾ ਸੀ, ਜੇਕਰ ਆਪ ਦੀ ਮਿਹਰ ਨਾ ਹੁੰਦੀ, ਤਦ ਕੋਈ ਵੀ ਇਥੇ ਨਹੀਂ ਸੀ ਟਿਕ ਸਕਦਾ।

## ਸੁਲੇਮਾਨ ਦਾ ਉਧਾਰ

ਕਈ ਸਾਲਾਂ ਤੋਂ ਸੰਤ ਮਹਾਰਾਜ ਯੂ.ਪੀ ਨੂੰ ਦੀਵਾਨਾਂ ਤੇ ਦਰਸ਼ਨ ਮੇਲਿਆਂ ਲਈ ਕਾਫੀ ਸਮਾਂ ਬਖਸ਼ਦੇ ਸਨ। ਗੱਲ ਅਕਤੂਬਰ 1967 ਦੀ ਹੈ ਜਦੋਂ ਕਿ ਸਤਾਰਾਂ ਤੀਰਕ ਨੂੰ ਸੁਬ੍ਹਾ ਇਕ ਨੌਜਵਾਨ ਮੁੰਡਾ ਕੁਰਸੀ ਸਮੇਂ ਹੀ ਖੇਡਣ ਲਗ ਪਿਆ। ਇਸ ਦੀ ਸ਼ਕਲ ਮੋਮਨਾਂ ਵਰਗੀ ਸੀ। ਕਿਰਿਆ ਗੰਦੀ ਸੀ। ਉਰਦੂ ਹੀ ਆਮ ਤੌਰ ਤੇ ਬੋਲਦਾ ਸੀ। ਜਦੋਂ ਸਿਰ ਹੀ ਮਾਰੀ ਜਾਵੇ ਤਦ ਸੁਭਾਵਿਕ ਹੀ ਮਹਾਂਪੁਰਖਾਂ ਦਇਆ ਕਰਕੇ ਕਿਹਾ, ਕੀ ਗੱਲ ਹੈ? ਇਹ ਕੌਣ ਹੈ? ਇਸ ਨੇ ਕਿਹਾ, ਮੈਂ ਅੱਜ ਤਕ ਕਿਧਰੇ ਝੁਕਿਆ ਨਹੀਂ, ਨਾ ਹੀ ਕਿਸੇ ਨਾਲ ਕੋਈ ਗੱਲ ਹੀ ਕੀਤੀ ਹੈ ਪਰ ਤੁਹਾਨੂੰ ਉਤਰ ਦੇਣ ਤੋਂ ਅਸਮਰਥ ਹਾਂ। ਕ੍ਰਿਪਾ ਕਰਕੇ ਨਿਜੀ ਤੌਰ ਪਰ ਮਿਹਰ ਕਰਕੇ ਇਕਾਂਤ ਵਿਚ ਸਮਾਂ ਬਖਸ਼ੋ ਤਾਂ ਜੋ ਮੇਰੀ ਅਪਦਾ ਹਰ ਕੇ ਮੇਰੀ ਕੋਈ ਕਲਿਆਣ ਦੀ ਰਾਹ ਨਿਕਲ ਸਕੇ। ਮਹਾਂਪੁਰਖ ਦਿਆਲ ਹੋ ਕੇ ਅਗਲੇ ਦਿਨ ਇਕਾਂਤ ਗੁਫਾ ਪਰ ਪੁੱਜਣ ਲਈ ਆਗਿਆ ਕੀਤੀ ਸੀ।

ਇਹ ਦੂਸਰੇ ਦਿਨ ਸਵੇਰੇ ਪੁੱਜ ਗਿਆ। ਮਹਾਂਪੁਰਖਾਂ ਨੇ ਕ੍ਰਿਪਾ ਦ੍ਰਿਸ਼ਟੀ ਕਰਕੇ ਇਸ ਦਾ ਦੁਖ ਹਰਨ ਲਈ ਦ੍ਰਵੇ ਹਿਰਦੇ ਹੋ ਪੁੱਛਿਆ, ਦੱਸੋ ਭਾਈ ਕੀ ਹੈ? ਅਸੀਂ ਤੇਰੇ ਲਈ ਕੀ ਕਰ ਸਕਦੇ ਹਾਂ?"

ਇਸ ਨੇ ਕਹਿਣਾ ਆਰੰਭ ਕੀਤਾ, ਮੈਂ ਈਰਾਨ ਦਾ ਵਸਨੀਕ ਹਾਂ ਤੇ ਮਹਿਮੂਦ ਗਜ਼ਨਵੀ ਦੇ ਹਮਲੇ ਸਮੇਂ ਆਪਣੇ ਦੇਸ਼ ਤੋਂ ਏਧਰ ਆਇਆ ਸਾਂ। ਉਹ ਕੇਵਲ ਲੁੱਟਣ ਨੂੰ ਹੀ ਆਇਆ ਸੀ। ਆਪਣਾ ਮਤਲਬ ਕੱਢ ਕੇ ਚਲਾ ਗਿਆ ਪਰ ਮੈਂ ਏਧਰ ਇਕ ਨਗਰ ਠਹਿਰ ਗਿਆ ਜੋ ਪਿਛੋਂ ਜਾ ਕੇ ਮੁਗਲਾਂ ਸਮੇਂ ਮੁਗਲ ਖੇੜਾ ਬਣ ਗਿਆ। ਪਹਿਲਾਂ ਕੇਵਲ ਖੇੜਾ ਹੀ ਨਾਮ ਸੀ। ਮੇਰੀਆਂ ਤਿੰਨ ਇਸਤਰੀਆਂ ਸਨ। ਸੰਤਾਨ ਕੇਵਲ ਇਕ ਲੜਕੀ ਸੀ। ਮੈਂ ਜਾਦੂ ਟੂਣੇ, ਤਵੀਤ ਕਰਦਾ ਸਾਂ ਤੇ ਭੂਤਾਂ ਪ੍ਰੇਤਾਂ ਦੀਆਂ ਖੇਡਾਂ ਖੇਡਦਾ ਸੀ। ਕਈਆਂ ਨੂੰ ਆਪ ਹੀ ਭੂਤਾਂ ਆਦਿਕ ਦਾ ਸ਼ਿਕਾਰ ਬਣਾ ਕੇ ਉਨ੍ਹਾਂ ਤੋਂ ਪੈਸੇ ਵਸੂਲ ਕਰਦਾ ਸਾਂ। ਕਈ ਬੇਗੁਨਾਹ ਹਿੰਦੀ ਮੇਰੀ ਧੀਂਗਾ ਮੁਸ਼ਤੀ ਦਾ ਸ਼ਿਕਾਰ ਹੋ ਗਏ। ਇਕ ਨੌਜਵਾਨ ਲੜਕਾ ਮੇਰੀ ਲੜਕੀ ਨੂੰ ਪਿਆਰ ਕਰਦਾ ਸੀ। ਮੈਂ ਉਸ ਨੂੰ ਪਸੰਦ ਨਹੀਂ ਕਰਦਾ ਸੀ। ਸੱਤਰ ਸਾਲ ਤੋਂ ਉਪਰ ਹੋ ਕੇ ਮੇਰੀ ਮੌਤ ਹੋ ਗਈ।

ਭੂਤਾਂ ਦਾ ਗੁਰੂ ਭੂਤ ਹੀ ਬਣੇਗਾ। ਮੇਰੀ ਕਬਰ ਬਣ ਗਈ ਜੋ ਅੱਜ ਵੀ ਹੈ ਤੇ ਲੋਕ ਉਸ ਨੂੰ ਸਤਿਕਾਰਦੇ ਹਨ, ਸ਼ੀਰਨੀਆਂ ਚੜ੍ਹਾਂਦੇ ਹਨ। ਅਜ਼ਰਾਈਲ ਫਰੇਸ਼ਤਾ ਦੇ ਦੂਤ ਆਏ ਤੇ ਮੈਨੂੰ ਖੁਦਾਵੰਦ ਦੀ ਦਰਗਾਹ ਤੋਂ ਬਾਹਰ ਕੱਢ ਦਿਤਾ ਗਿਆ ਕਿ ਇਹ ਮਹਾਨ ਪਲੀਤ ਮਨੁੱਖ ਹੈ। ਇਸ ਨੂੰ ਦੋਜ਼ਖ ਵਿਚ ਵੀ ਨਹੀਂ ਰਖ ਸਕਦੇ। ਬੇਪੀਰੇ ਮੁਰਸ਼ਦ ਹੋਣ ਕਰਕੇ ਗੁਨਾਹਾਂ ਦੀ ਤਲਾਫੀ ਕੌਣ ਕਰਦਾ। ਸੋ ਮੈਨੂੰ ਅਧੋਗਤੀ ਦੀ ਜੂਨ ਭੋਗਣ ਲਈ ਧਰਤੀ ਪਰ ਧੱਕਾ ਦਿਤਾ ਗਿਆ। ਮੈਂ ਪਰਵਰਦਿਗਾਰ ਤੋਂ ਗੁਨਾਹ ਲਈ ਮਾਫੀ ਦੀ ਦਰਖਾਸਤ ਕੀਤੀ ਤਦ ਹੁਕਮ ਹੋਇਆ ਕਿ ਲੰਬਾ ਸਮਾਂ ਭਟਕਣ ਪਿਛੋਂ ਕਿਸੇ ਬਖਸ਼ੀ ਹੋਈ ਪਾਵਨ ਆਤਮਾ ਹੀ ਤੇਰੀ ਕਲਿਆਣ ਦਾ ਕਾਰਣ ਹੋ ਸਕੇਗੀ।

ਸਦੀਆਂ ਲੰਘੀਆਂ ਹਨ। ਮੇਰੀ ਭਟਕਣ ਸਿਖਰਾਂ ਪਰ ਹੈ। ਸਰੀਰ ਦਾ ਕੋਈ ਬੋਝ ਨਹੀਂ ਪਰ ਤ੍ਰਿਸ਼ਨਾ ਦੀ ਹੱਦ ਹੈ। ਕਦੇ ਵੀ ਮਨ ਨੂੰ ਸ਼ਾਂਤੀ ਤੇ ਤ੍ਰਿਪਤੀ ਪ੍ਰਾਪਤ ਨਹੀਂ ਹੁੰਦੀ। ਮਨੁੱਖ ਜੂਨੀ ਅੰਦਰ ਵਸਦੇ ਲੋਕਾਂ ਨੂੰ ਸੁਖੀ ਤੇ ਧਰਮ ਤੇ ਪਾਵਨ ਕਰਮ ਕਰਦੇ ਤਕ ਕੇ ਮੈਂ ਹਰ ਸਮੇਂ ਹੀ ਕਲਪਦਾ ਹਾਂ। ਮੈਂ ਆਪਣੀ ਕਬਰ ਦੇ ਚੌਤਰਫੇ ਹੀ ਭਟਕਦਾ ਫਿਰਦਾ ਸੀ।

1947 ਦੇ ਬਾਅਦ ਡਾਕਟਰ ਸ਼ੇਰ ਸਿੰਘ ਜੋ ਮੇਰੇ ਇਸ ਕਬਜ਼ਾ ਕੀਤੇ ਘਰ ਦੇ ਨੌਜਵਾਨ ਦੇ ਪਿਤਾ ਹਨ ਨੂੰ ਜ਼ਮੀਨ ਅਲਾਟ ਹੋਈ। ਮੈਂ ਇਸ ਲੜਕੇ ਨੂੰ ਆਉਂਦੇ ਹੀ ਪਛਾਣ ਲਿਆ ਕਿ ਇਹੀ ਮੇਰੀ ਲੜਕੀ ਦਾ ਆਸ਼ਕ ਲਗਦਾ ਹੈ ਜਿਸ ਨੂੰ ਮੈਂ ਨਫਰਤ ਕਰਦਾ ਸੀ ਪਰ ਹੁਣ ਇਹ ਸਿੱਖ ਦੇ ਘਰ ਜੰਮ ਕੇ ਆਇਆ ਸੀ। ਇਸ ਨੇ ਮੇਰੀ ਕਬਰ ਤੇ ਆ ਕੇ ਪੇਸ਼ਾਬ ਕੀਤਾ, ਤਦੋਂ ਹੀ ਪਲੀਤ ਹੋਣ ਕਰਕੇ ਮੇਰੇ ਕਬਜ਼ੇ ਆ ਗਿਆ। ਸ਼ੁੱਧ ਕਿਰਿਆ ਤੇ ਸ਼ੁੱਧ ਮਨ ਪਰ ਕਦੇ ਵੀ ਕਿਸੇ ਬਦ ਰੂਹ ਨੂੰ ਕਬਜ਼ਾ ਕਰਨ ਦਾ ਹੀਆ ਨਹੀਂ ਪੈ ਸਕਦਾ। ਹੁਣ ਇਹ ਮੇਰਾ ਸ਼ਿਕਾਰ ਸੀ। ਚਾਰ ਸਾਲ ਤਾਂ ਸਾਹ ਨਹੀਂ ਨਿਕਲਿਆ। ਫਿਰ ਵਡਭਾਗ ਸਿੰਘ ਦੀ ਧੌਲੀ ਧਾਰ ਹੇਠਾਂ ਮੰਨਿਆ ਕਿ ਮੇਰਾ ਨਾਮ ਸੁਲੇਮਾਨ ਹੈ ਪਰ ਮੈਂ ਇਸ ਨੂੰ ਛੱਡਣਾ ਨਹੀਂ। ਇਸ ਦੇ ਪਿਤਾ ਨੇ ਕਈ ਮਾਂਦਰੀ ਜੰਤਰ ਤੰਤਰ ਤੇ

ਤਵੀਤਾਂ ਵਾਲੇ ਸੱਦੇ ਪਰ ਉਹ ਮੰਤਰ ਤੇ ਕਈ ਕਲਾਮ ਮੇਰੇ ਆਪਣੇ ਹੀ ਯਾਦ ਸਨ, ਫਿਰ ਮੇਰੇ ਤੇ ਕੀ ਅਸਰ ਹੋਣਾ ਸੀ।

ਕੱਲ੍ਹ ਤੁਹਾਡੀ ਦਰਗਾਹ ਵਿਚ ਹਜ਼ਾਰ ਹੋਏ, ਤਦ ਮੇਰੀ ਜ਼ਮੀਰ ਨੇ ਕਿਹਾ, ਹੁਣ ਇਥੇ ਅੜੀ ਨਾ ਕਰੀਂ ਤੇ ਸਿੱਧਾ ਹੋ ਕੇ ਕਲਿਆਣ ਦੀ ਰਾਹ ਫੜ। ਇਹੀ ਬਾਰਗਾਹੇ ਇਲਾਹੀ ਤੋਂ ਤੈਨੂੰ ਬਖਸ਼ਵਾ ਦੇਣਗੇ। ਹੁਣ ਖੁੰਝ ਕੇ ਫਿਰ ਕੋਈ ਟਿਕਾਣਾ ਨਹੀਂ ਹੈ। ਸੋ ਮਿਹਰ ਕਰੋ ਤੇ ਮੈਨੂੰ ਇਸ ਦੋਜ਼ਖ ਦੀ ਅੱਗ ਤੋਂ ਨਿਜਾਤ ਦਿਵਾਉ।

ਮਹਾਨ ਪੁਰਖ ਦਿਆਲ ਹੋਏ ਤੇ ਫੁਰਮਾਨ ਕੀਤਾ, ਕਲਿਆਣ ਤਾਂ ਸਿਮਰਨ ਸਾਧਨ ਰਾਹੀਂ ਆਤਮ ਗਿਆਨ ਦੀ ਪ੍ਰਾਪਤੀ ਰਾਹੀਂ ਹੀ ਹੋ ਸਕਦੀ ਹੈ। ਜੇਕਰ ਚਾਹੋ ਤਦ ਅਸੀਂ ਖੁਦਾਵੰਦ ਕਰੀਮ ਤੋਂ ਤੇਰੇ ਲਈ ਇਕ ਮਨੁੱਖਾ ਜਨਮ ਦੀ ਮੰਗ ਕਰ ਸਕਦੇ ਹਾਂ। ਉਹ ਮਿਹਰ ਕਰਕੇ ਬਖਸ਼ ਦੇਵੇਗਾ। ਫਿਰ ਤੂੰ ਸਰੀਰ ਕਰਕੇ ਸਿਮਰਨ ਦਾ ਸਾਧਨ ਕਰਨਾ ਤੇ ਅੰਤ ਨੂੰ ਕਲਿਆਣ ਦੇ ਰਾਹ ਤੁਰ ਕੇ ਫਿਰ ਅੰਤਮ ਸਮੇਂ ਖੁਦਾਵੰਦ ਕਰੀਮ ਦੀ ਦਰਗਾਹ ਵਿਚ ਸੁਚੱਜਾ ਤੇ ਸਾਫ ਸੇਵਕਾਂ ਸੰਤਾਂ ਤੇ ਸਿੱਖਾਂ ਵਾਲਾ ਮੰਤਰ ਲੈ ਕੇ ਜਾਏਂਗਾ, ਬਖਸ਼ਿਸ਼ ਹੋ ਜਾਵੇਗੀ।

ਸੁਲੇਮਾਨ ਨੇ ਬੇਨਤੀ ਕੀਤੀ ਦਸੋ, ਮੈਂ ਕਿਸ ਤਰ੍ਹਾਂ ਤੇ ਕਿਧਰ ਨੂੰ ਜਾ ਕੇ ਜਨਮ ਲਵਾਂ। ਉਸ ਸਮੇਂ ਜਦੋਂ ਕਿ ਸੁਲੇਮਾਨ ਇਹ ਪੁਛਣ ਲੱਗਾ। ਮਹਾਂਪੁਰਖਾਂ ਦੀ ਦ੍ਰਿਸ਼ਟੀ ਗਿਆਨੀ ਗੁਰਦੇਵ ਸਿੰਘ ਰਨੇਵਾਲ ਲਲਤੋਂ ਪਰ ਪਈ ਜੋ ਸਿਰ ਨੀਵੀਂ ਪਾਈ ਸਾਰੀ ਵਾਰਤਾ ਸੁਣ ਰਿਹਾ ਸੀ। ਇਸ ਦੇ ਘਰ ਕੇਵਲ ਇਕੋ ਹੀ ਬੱਚੀ ਸੀ, ਹੋਰ ਕੋਈ ਵੀ ਬੱਚਾ ਨਹੀਂ ਸੀ ਹੋਇਆ। ਸੰਤ ਮਹਾਰਾਜ ਨੇ ਫੁਰਮਾਇਆ, ਸੁਣ ਗਹਿਗਡ ਜੇਕਰ ਤੂੰ ਚਾਹੇਂ ਤਦ ਸੁਲੇਮਾਨ ਦਾ ਉਧਾਰ ਤੇਰੇ ਰਾਹੀਂ ਹੋ ਸਕਦਾ ਹੈ। ਇਹ ਤੇਰੇ ਹੀ ਗ੍ਰਹਿ ਵਿਖੇ ਬੱਚਾ ਬਣ ਕੇ ਆਵੇਗਾ ਤੇ ਫਿਰ ਵੱਡਾ ਹੋ ਕੇ ਸਿਖੀ ਧਾਰਨ ਕਰੇਗਾ। ਹੱਸ ਕੇ ਕਿਹਾ, ਸੁਲੇਮਾਨ ਇਥੇ ਤੂੰ ਧਨੀ ਤਾਂ ਨਹੀਂ ਪਰ ਸਿੱਖੀ ਸਿਦਕ ਦਾ ਧਨ ਜ਼ਰੂਰ ਹਾਸਲ ਕਰ ਲਵੇਂਗਾ।

ਸਤ ਬਚਨ। ਮੈਨੂੰ ਧਨ ਨਹੀਂ ਸਿਦਕ ਸ਼ਾਂਤੀ ਤੇ ਆਖਰ ਨੂੰ ਖੁਦਾਵੰਦ ਦੇ ਦਰਬਾਰ ਤੋਂ ਬਖਸ਼ਿਸ ਮਿਲੇ। ਹੋਰ ਪਦਾਰਥਾਂ ਦੀ ਲੋੜ ਨਹੀਂ ਹੈ। ਸੰਤ ਮਹਾਰਾਜ ਨੇ ਇਕ ਸੇਬ ਹੱਥੋਂ ਗੁਰਦੇਵ ਸਿੰਘ ਨੂੰ ਦਿਤਾ, ਜਾ ਕੇ ਘਰ ਵਾਲੀ ਨੂੰ ਛਕਾਈਂ। ਵਾਹਿਗੁਰੂ ਦੀ ਮਿਹਰ ਹੋਵੇਗੀ।

ਇਹ ਖਬਰ ਛਪਣ ਤੇ ਕਾਫੀ ਗਰਮ ਪ੍ਰਚਾਰਕਾਂ ਨੇ ਪੰਥ ਅੰਦਰ ਕਾਫੀ ਹਲਚਲੀ ਮਚਾਈ ਸੀ। ਕੁਝ ਅਖਬਾਰਾਂ ਨੇ ਹੱਕ ਤੇ ਕਈਆਂ ਨੇ ਵਿਰੁੱਧ ਵੀ ਲੇਖ ਲਿਖੇ ਸਨ। ਮੈਂ ਹਿੰਦ ਸਮਾਚਾਰ ਵਿਚ ਵਿਰੋਧੀ ਲੇਖ ਪੜ੍ਹਿਆ ਜਿਸ ਦਾ ਸਾਰ ਸੀ ਕਿ ਪ੍ਰੇਤ ਅਧਸੜੀ ਲਾਸ਼ ਨੂੰ ਕਿਹਾ ਜਾਂਦਾ ਹੈ। ਫਿਰ ਉਹ ਦੂਸਰੇ ਵਿਚ ਪ੍ਰਵੇਸ਼ ਨਹੀਂ ਕਰ ਸਕਦੀ। ਮੈਂ ਉਤਰ ਵਿਚ ਲਾਲਾ ਜੀ ਨੂੰ ਜੋ ਪੱਤਰ ਲਿਖਿਆ, ਉਸ ਦਾ ਹਵਾਲਾ ਦੇਣਾ ਜ਼ਰੂਰੀ ਸਮਝਦਾ ਹਾਂ।

ਮੈਂ ਕਿਸੇ ਬਹਿਸ ਵਿਚ ਹੋਰ ਦਲੀਲ ਬਾਜ਼ੀ ਅੰਦਰ ਨਹੀਂ ਪੈਂਦਾ। ਮੈਂ ਤੇ ਮੋਟੀ ਬੁੱਧੀ ਦਾ ਮਾਲਕ ਹਾਂ। ਆਪਣੀ ਮਤ ਅਨੁਸਾਰ ਹੀ ਅਰਜ਼ ਕਰਦਾ ਹਾਂ। ਸੰਤਾਂ ਦਾ ਧਰਮ ਸੰਸਾਰ ਨੂੰ ਕਲਪਣਾ ਰਹਿਤ ਕਰਨਾ ਹੈ ਤੇ ਲੋਕਾਂ ਦੇ ਦੁਖ ਹਰਨ ਦਾ ਹਰ ਉਪਰਾਲਾ ਕਰਨਾ ਹੈ। ਇਕੋ ਸਮੇਂ ਇਕੋ ਹੀ ਜਗ੍ਹਾ ਦੋ ਦੁਖੀ ਬਿਮਾਰ ਤੇ ਕਲਪਦੇ ਮਨੁੱਖ ਸੰਤ ਜੀ ਮਹਾਰਾਜ ਪਾਸ ਪੁੱਜਦੇ ਹਨ। ਇਕ ਦਿਮਾਗੀ ਤੇ ਮਾਨਸਿਕ ਤੌਰ ਪਰ ਬੀਮਾਰ ਹੈ। ਉਸ ਦੀ ਮਨੋ ਕਲਪਨਾ ਇਤਨੀ ਦੁਖਦਾਈ ਹੈ ਕਿ ਉਹ ਨਾ ਆਪ ਸੁਖੀ ਹੈ ਤੇ ਨਾ ਹੀ ਕੋਈ ਹੋਰ ਹੀ ਉਸ ਕੋਲ ਬੈਠ ਕੇ ਸੁਖੀ ਹੋ ਸਕਦਾ ਹੈ। ਫਿਰ ਘਰ ਦੇ ਲੋਕਾਂ ਦਾ ਸੁਖੀ ਹੋਣਾ ਅਸੰਭਵ ਗੱਲ ਹੈ। ਇਹ ਪਹਿਲੀ ਕਿਸਮ ਦਾ ਦੁਖੀ ਹੈ ਮਨਮੋਹਣ ਸਿੰਘ ਜਿਸ ਦਾ ਸਰੀਰਕ ਇਲਾਜ ਨਹੀਂ ਸਗੋਂ ਮਾਨਸਿਕ ਤੌਰ ਪਰ ਹੀ ਨਵਿਰਤ ਹੋ ਸਕਦੈ।

ਦੂਸਰਾ ਦੁਖੀ ਤੇ ਕਲਪਦਾ ਮਨੁੱਖ ਹੈ ਜਿਸ ਦੇ ਘਰ ਬੱਚੇ ਦੀ ਘਾਟ ਹੈ। ਉਹ ਗੁਰੂ ਪੀਰਾਂ ਤੋਂ ਇਹ ਮੁਰਾਦ ਮੰਗਦਾ ਹੈ ਕਿ ਮੇਰੇ ਘਰ ਸੰਤਾਨ ਹੋਵੇ। ਸੰਤ ਮਿਹਰ ਕਰਕੇ ਆਪਣੀਆਂ ਰਸਮਾਂ ਰਾਹੀਂ ਦ੍ਰਿੜ੍ਹਤਾ ਸਹਿਤ ਦੋਹਾਂ ਦਾ ਸਾਂਝਾ ਇਲਾਜ ਕਰਦੇ ਹਨ। ਇਕ ਨੂੰ ਸਰੀਰ ਤੋਂ ਦੁਖ ਦੂਰ ਕਰਨ ਲਈ ਉਸ ਦੀ ਮਾਨਸਿਕ ਪੀੜਾ ਹਰਨ ਲਈ ਉਸ ਦੀ ਕਲਪਣਾ ਹੀ ਬੰਦ ਕਰਦੇ ਹਨ ਤੇ ਫਿਰ ਉਸ ਨੂੰ ਮਨੁੱਖ ਜਨਮ ਧਾਰਨ ਕਰਨ ਦੀ ਵੀ ਆਗਿਆ ਕਰਦੇ ਹਨ।

ਦੂਸਰੇ ਪੁੱਤਰ ਦੀ ਥੁੜ ਦੇ ਮਾਰੇ ਹੋਏ ਮਨੁੱਖ ਨੂੰ ਉਹ ਵਰਦਾਨ ਬਖਸ਼ਦੇ ਹਨ, ਜਾਹ ਤੇਰੇ ਘਰ ਪੁੱਤਰ ਆਵੇਗਾ। ਉਹ ਸੁਖੀ ਹੈ ਕਿ ਉਸ ਦਾ ਸਰੀਰ ਸੁਖ ਤੇ ਅਰੋਗ ਭਟਕਣਾ ਰਹਿਤ ਹੋ ਗਿਆ। ਦੂਸਰੇ ਧਿਰ ਨੂੰ ਨਿਸਚੇ ਕਰਕੇ ਬੱਚਾ ਮਿਲ ਗਿਆ। ਸੰਤਾਂ ਨੇ ਦੋਹਾਂ ਲਈ ਅਰਦਾਸ ਹੀ ਕੀਤੀ ਹੈ। ਫਿਰ ਦਸੋ ਇਸ ਵਿਚ ਬੁਰੀ ਤੇ ਮਾੜੀ ਕਿਹੜੀ ਗੱਲ ਹੈ? ਦੁਖ ਹਰ ਕੇ ਕਲਪਨਾ ਰਹਿਤ ਸੰਸਾਰ ਸੰਤਾਂ ਦੀ ਕਲਪਨਾ ਹੈ। ਜਿਸ ਲਈ ਉਹ ਅਰਦਾਸ ਕਰਦੇ ਹਨ।

*'ਚਲਦਾ,..................।'*

*(ਗਿਆਨੀ ਮੇਹਰ ਸਿੰਘ ਕ੍ਰਿਤ 'ਨੌ ਰਤਨ' ਵਿਚੋਂ ਧੰਨਵਾਦ ਸਹਿਤ*

# ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ
# (Inspired Thoughts of Swami Ram)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-62)*

ਪੰਤਾਜਲ ਯੋਗ ਸੂਤਰ ਦਾ ਪਹਿਲਾ ਸ਼ਬਦ ਹੈ 'Atha' ਅਥਾ, ਜਿਸ ਦਾ ਅਰਥ ਹੈ ਹੁਣ। ਉਦੋਤ ਦਾ ਭਾਵ ਹੈ ਆਪਣੇ ਆਪ ਨੂੰ ਤਿਆਰ ਕਰਕੇ। ਹੁਣ ਤੁਸੀਂ ਯੋਗ ਦੇ ਮਾਰਗ ਤੇ ਚਲਣ ਲਈ ਤਿਆਰ ਹੋ। ਸੋ ਯੋਗ ਮਨੋਵਿਗਿਆਨ ਪੜ੍ਹਨ ਤੋਂ ਪਹਿਲਾਂ, ਸਮਝਣ ਤੋਂ ਪਹਿਲਾਂ ਅਭਿਆਸ ਕਰਨ ਤੋਂ ਪਹਿਲਾਂ ਤੁਹਾਨੂੰ ਆਪਣੇ ਆਪ ਨੂੰ ਤਿਆਰ ਕਰ ਲੈਣਾ ਚਾਹੀਦਾ ਹੈ, ਆਪਣੇ ਆਪ ਨੂੰ ਅਨੁਸ਼ਾਸਨ ਵਿਚ ਲੈ ਆਉਣਾ ਚਾਹੀਦਾ ਹੈ। ਬਹੁਤ ਸਾਰੇ ਲੋਕ ਖਾਸ ਕਰਕੇ ਪੱਛਮ ਦੇ ਲੋਕ ਅਨੁਸ਼ਾਸਨ ਸ਼ਬਦ ਤੋਂ ਡਰਦੇ ਹਨ। ਉਨ੍ਹਾਂ ਨੂੰ ਅਨੁਸ਼ਾਸਨ ਸ਼ਬਦ ਪਸੰਦ ਹੀ ਨਹੀਂ ਪਰ ਅਨੁਸ਼ਾਸਨ ਤੋਂ ਭਾਵ ਹੈ ਜੇ ਤੁਸੀਂ ਕਿਸੇ ਚੀਜ਼ ਨੂੰ ਦੇਖ ਰਹੇ ਹੋ, ਧਿਆਨ ਨਾਲ ਦੇਖੋ, ਚੰਗੀ ਤਰ੍ਹਾਂ ਨਾਲ ਦੇਖੋ। ਬੇਧਿਆਨੇ ਹੋ ਕੇ ਨਾ ਦੇਖੋ ਮਨੁੱਖਾ ਜੀਵਨ, ਹਰ ਕਿਸੇ ਦਾ ਜੀਵਨ ਮਨ ਭਰਮਤ ਹੈ ਕਿਉਂਕਿ ਅਸੀਂ ਇੰਦ੍ਰੀਆਂ ਵਿਚ ਉਲਝੇ ਰਹਿੰਦੇ ਹਾਂ ਜੋ ਬਾਹਰੀ ਸੰਸਾਰ ਨਾਲ ਜੁੜੀਆਂ ਹੋਈਆਂ ਹਨ, ਪਰ ਬਾਹਰੀ ਸੰਸਾਰ ਵਿਚ ਜੋ ਦੇਖਦੇ ਹਾਂ ਉਹ ਸਤ ਨਹੀਂ ਹੈ ਤਾਂ ਹੀ ਲੋਕ ਪਰੇਸ਼ਾਨ ਰਹਿੰਦੇ ਹਨ।

ਮਿਸਾਲ ਵਜੋਂ ਤੁਸੀਂ ਕੁਛ ਦੇਖਦੇ ਹੋ, ਪਰ ਤੁਹਾਡੇ ਦੋਸਤ ਉਹ ਹੀ ਚੀਜ਼ ਵੱਖਰੇ ਢੰਗ ਨਾਲ ਦੇਖਦੇ ਹਨ, ਫੇਰ ਤੁਹਾਡਾ ਤੁਲਨਾ ਹੁੰਦਾ ਹੈ, ਤੁਸੀਂ ਉਸ ਨਾਲ ਸਹਿਮਤ ਨਹੀਂ ਹੁੰਦੇ, ਉਹ ਤੁਹਾਡੇ ਨਾਲ ਸਹਿਮਤ ਨਹੀਂ ਹੁੰਦਾ, ਕਿਉਂਕਿ ਤੁਸੀਂ ਦੋਨਾਂ ਨੇ ਹੀ ਵੱਖ-ਵੱਖ ਤਰੀਕੇ ਨਾਲ ਇਕੋ ਚੀਜ਼ ਦੇਖੀ ਹੈ। ਸੋ ਤੁਹਾਨੂੰ ਚੇਤਨ ਤੇ ਚੌਕਸ ਰਹਿਣਾ ਚਾਹੀਦਾ ਹੈ। ਤੁਹਾਨੂੰ ਆਪਣੇ ਆਪ ਨੂੰ ਸੋਧਣਾ ਹੈ, ਅਨੁਸਾਸ਼ਨ ਵਿਚ ਲਿਆਉਣਾ ਹੈ, ਤੁਸੀਂ ਅਧਿਆਪਕ ਤੇ ਸਮਾਜ ਕਿਸੇ ਦੇ ਵੀ ਅਧੀਨ, ਪਰਾਧੀਨ ਨਹੀਂ ਹੋਵੋਗੇ, ਤੁਸੀਂ ਕਹੋਗੇ, ਮੈਂ ਆਪਣੇ ਆਪ ਨੂੰ ਸੋਧਾਂਗਾ। ਇਹ ਹੀ ਵਿਚਾਰ ਉੱਤਮ ਹੈ, ਇਸੇ ਵਿਚਾਰ ਨੂੰ ਪੱਕਾ ਕਰੋ, ਇਕ ਸਮਾਂ ਆਏਗਾ ਤੁਸੀਂ ਜੋ ਚਾਹੋ ਉਹ ਕਰ ਸਕੋਗੇ।

## ਸੰਸਾਰ ਵਿਚ ਰਹੋ, ਸੰਸਾਰ ਦੇ ਬਣੋ ਨਹੀਂ

ਇਸ ਵਿਚਾਰ ਨੂੰ ਕਿਸ ਤਰ੍ਹਾਂ ਨਾਲ ਪਕਾਇਆ ਜਾ ਸਕਦਾ ਹੈ? ਤੁਹਾਨੂੰ ਆਪਣੇ ਮਨ ਦੇ ਵੱਖ ਕਾਰਜ ਸਮਝ ਲੈਣੇ ਚਾਹੀਦੇ ਹਨ। ਤੁਹਾਡੇ ਸਰੀਰ ਨੂੰ ਕੁਝ ਨਹੀਂ ਹੋਇਆ ਇਹ ਤਾਂ ਇਕ ਵਸਤੂ ਹੈ, ਤੁਹਾਡੀ ਆਤਮਾ ਨੂੰ ਵੀ ਕੁਝ ਨਹੀਂ ਹੋਇਆ। ਉਹ ਤਾਂ ਇਕ ਚਿੱਤ ਹੈ, ਰੂਹ ਹੈ। ਸਮੱਸਿਆ ਤੁਹਾਡੇ ਮਨ ਦੀ ਹੈ, ਮਨ ਦੀ ਸੁਧਾਈ ਦੀ ਹੈ, ਪਰਿਵਰਤਨ ਦੀ ਹੈ, ਮਨ ਦੇ ਵੱਖ ਕਾਰਜਾਂ ਦੀ ਹੈ, ਲੋੜ ਹੈ ਇਨ੍ਹਾ ਨੂੰ ਕੰਟਰੋਲ ਕਰਨ ਦੀ। ਜਦੋਂ ਤੁਸੀਂ ਉਨ੍ਹਾਂ ਨੂੰ ਕੰਟਰੋਲ ਕਰਨਾ ਸਿੱਖ ਲੈਂਦੇ ਹੋ, ਤੁਸੀਂ ਸਮਾਧੀ ਪ੍ਰਾਪਤ ਕਰ ਲੈਂਦੇ ਹੋ, ਜੋ ਕਿ ਸਭ ਤੋਂ ਉਚੀ ਅਵਸਥਾ ਹੈ, ਤੁਸੀਂ ਇਸੇ ਜੀਵਨ ਵਿਚ ਪ੍ਰਾਪਤ ਕਰ ਸਕਦੇ ਹੋ। ਇਸ ਤੋਂ ਇਹ ਭਾਵ ਨਹੀਂ ਕਿ ਤੁਹਾਨੂੰ ਸੰਸਾਰ ਤਿਆਗਣਾ ਪਵੇਗਾ, ਜੇਕਰ ਤੁਸੀਂ ਸੰਸਾਰ ਤਿਆਗ ਦਿਓ ਤਾਂ ਸਮਝੋ ਤੁਹਾਨੂੰ ਮੈਡੀਟੇਸ਼ਨ ਕਰਨੀ ਨਹੀਂ ਆਉਂਦੀ, ਤੁਸੀਂ ਕਦੀ ਵੀ ਸਮਾਧੀ ਪ੍ਰਾਪਤ ਨਹੀਂ ਕਰ ਸਕਦੇ ਪਰ ਜੇਕਰ ਤੁਸੀਂ ਸੰਸਾਰ ਵਿਚ ਹੋ, ਤੁਸੀਂ ਮੈਡੀਟੇਸ਼ਨ ਕਰਨਾ ਜਾਣਦੇ ਹੋ, ਇਹ ਜਾਣਦੇ ਹੋ ਕਿ ਯੋਗੀ ਦੀ ਤਰ੍ਹਾਂ ਕਿਸ ਤਰ੍ਹਾਂ ਸੰਸਾਰ ਵਿਚ ਰਹਿਣਾ ਹੈ, ਫੇਰ ਤੁਸੀਂ ਇਕ ਕਮਲ ਫੁੱਲ ਦੀ ਤਰ੍ਹਾਂ ਹੋ, ਤੁਸੀਂ ਸੰਸਾਰ ਵਿਚ ਰਹਿੰਦੇ ਹੋ ਪਰ ਸੰਸਾਰ ਤੋਂ ਉਪਰ ਹੋ, ਭਾਵ ਜਿਵੇਂ ਕਮਲ ਚਿੱਕੜ ਵਿਚ ਉੱਗ ਕੇ ਚਿੱਕੜ ਤੋਂ ਉਪਰ ਰਹਿੰਦਾ ਹੈ, ਚਿੱਕੜ ਨਾਲ ਲਿਬੜਦਾ ਨਹੀਂ, ਇਸੇ ਤਰ੍ਹਾਂ ਸੰਸਾਰ ਵਿਚ ਰਹਿੰਦੇ ਹੋਏ ਤੁਸੀਂ ਸੰਸਾਰ ਵਿਚ ਭਿੱਜਦੇ ਨਹੀਂ, ਸੰਸਾਰ ਦੇ ਪਾਣੀ ਵਿਚ ਡੁੱਬਦੇ ਨਹੀਂ।

ਪ੍ਰਸ਼ਨ ਉਠਦਾ ਹੈ ਇਹ ਕਿਵੇਂ ਕੀਤਾ ਜਾਵੇ। ਸੰਸਾਰ ਵਿਚ ਰਹਿੰਦੇ ਹੋਏ ਸੰਸਾਰ ਤੋਂ ਬੇਲਾਗ ਕਿਸ ਤਰ੍ਹਾਂ ਰਹੇ। ਤੁਸੀਂ ਭਾਵੇਂ ਕਿਸੇ ਮਜ਼ਹਬ ਨੂੰ ਮੰਨਦੇ ਹੋਵੋ, ਕਿਸ ਵੀ ਫਿਲੌਸਫੀ ਵਿਚ ਵਿਸ਼ਵਾਸ਼ ਰਖਦੇ ਹੋਵੋ। ਲੋੜ ਹੈ ਮਨ ਨੂੰ ਸਮਝਣ ਦੀ ਉਸ ਦੇ ਪਰਿਵਰਤਨ ਨੂੰ ਸਮਝਣ ਦੀ। ਉਸ ਵਿਗਿਆਨ ਨੂੰ ਸਮਝਣ ਦੀ, ਜਿਹੜਾ ਇਹ ਅਵਸਥਾ ਪ੍ਰਾਪਤ ਕਰਾ ਸਕੇ। ਉਹ ਹੈ ਯੋਗ ਮਨੋਵਿਗਿਆਨ। ਮਨੁੱਖਾਂ ਨਾਲ ਕੀ ਸਮੱਸਿਆ ਹੈ? ਕੀ ਹੋਇਆ ਹੈ ਮਨੁੱਖਾਂ ਨੂੰ। ਯੋਗ ਮਨੋਵਿਗਿਆਨ ਬਹੁਤ ਸੋਹਣੀ ਤਰ੍ਹਾਂ ਦਸਦਾ ਹੈ ਕਿ ਸਾਰੇ ਮਨੁੱਖ ਆਪਣੇ ਆਪ ਨੂੰ ਸੰਸਾਰਕ ਵਸਤੂਆਂ ਨਾਲ ਜੋੜ ਕੇ ਰਖਦੇ ਹਨ।

ਆਪਾ ਭੁੱਲ ਜਾਂਦੇ ਹਨ, ਜਦੋਂ ਤੁਸੀਂ ਆਪਣਾ ਆਪਾ ਭੁੱਲ ਜਾਂਦੇ ਹੋ, ਫੇਰ ਤੁਸੀਂ ਦੁਖੀ ਹੁੰਦੇ ਹੋ ਕਿਉਂਕਿ ਸੰਸਾਰ ਵਿਚ ਤਾਂ ਸਭ ਕੁਝ ਤਾਂ ਛਿਨਭੰਗਰ ਹੈ, ਨਾਸ਼ਵਾਨ ਹੈ, ਤੁਸੀਂ ਉਨ੍ਹਾਂ ਚੀਜ਼ਾਂ ਨਾਲ ਜੁੜੇ ਹੋਏ ਹੋ ਜਿਹੜੀਆਂ ਅਜਰ, ਅਮਰ ਨਹੀਂ। ਇਹੋ ਹੀ ਤੁਹਾਡੇ ਦੁਖ ਦਾ ਕਾਰਣ ਹੈ।

ਜਿਹੜਾ ਵੀ ਦੁਖੀ ਹੈ ਉਹ ਇਸੇ ਕਰਕੇ ਦੁਖੀ ਹੈ ਕਿਉਂਕਿ ਉਸ ਨੇ ਆਪਣੇ ਆਪ ਨੂੰ ਸੰਸਾਰਕ ਵਸਤੂਆਂ ਨਾਲ ਜੋੜਿਆ ਹੈ।

ਤੁਸੀਂ ਆਪਣੇ ਆਪ ਨੂੰ ਸੰਸਾਰਕ ਵਸਤੂਆਂ ਨਾਲ ਕਿਸ ਤਰ੍ਹਾਂ ਜੋੜਦੇ ਹੋ? ਤੁਸੀਂ ਵਸਤੂ ਦੇਖਦੇ ਹੋ, ਤੁਸੀਂ ਦਰਖਤ ਦੇਖਿਆ, ਤੁਹਾਡੇ ਦਿਮਾਗ ਵਿਚ ਝਰਨਾਹਟ ਗਈ, ਸੰਵੇਦਨਾ ਗਈ, ਫੇਰ ਦਿਮਾਗ ਰਾਹੀਂ ਤੁਹਾਡੇ ਨਾੜੀ ਤੰਤੂ ਵਿਚ ਆਈ, ਸਰੀਰ ਦੇ ਹੋਰ ਭਾਗਾਂ ਵਿਚ ਗਈ, ਤੁਹਾਨੂੰ ਦੁਖ ਹੋਇਆ, ਖੁਸ਼ੀ ਹੋਈ, ਤੁਸੀਂ ਆਪਣੇ ਸਰੀਰ ਨਾਲ ਜੁੜ ਜਾਂਦੇ ਹੋ, ਆਪਣੀ ਹੋਂਦ ਭੁੱਲ ਜਾਂਦੇ ਹੋ, ਸੰਸਾਰ ਦੀ ਹਰ ਚੀਜ਼ ਸਭ ਕੁਛ ਬਦਲਦੀ ਹੈ, ਤੁਸੀਂ ਅਸੁਰੱਖਿਅਤ ਹੋ ਜਾਂਦੇ ਹੋ ਕਿਉਂਕਿ ਤੁਸੀਂ ਆਪਣੇ ਆਪ ਨੂੰ ਉਨ੍ਹਾਂ ਨਾਲ ਜੋੜਿਆ ਹੈ। ਮਿਸਾਲ ਵਜੋਂ ਤੁਸੀਂ ਮਰਨ ਤੋਂ ਡਰਦੇ ਹੋ, ਉਸ ਤਰ੍ਹਾਂ ਦੇਖੋ ਕਿ ਤੁਸੀਂ ਕਦੀ ਵੀ ਮਰਦੇ ਨਹੀਂ। ਤੁਸੀਂ ਨਹੀਂ ਜਾਣਦੇ ਕਿ ਤੁਸੀਂ ਅਜਰ, ਅਮਰ ਹੋ। ਤੁਸੀਂ ਅਨੰਤਤਾ ਦੇ ਬੱਚੇ ਹੋ, ਤੁਸੀਂ ਸਤ ਨੂੰ ਭੁੱਲ ਚੁੱਕੇ ਹੋ ਕਿਉਂਕਿ ਤੁਸੀਂ ਤਾਂ ਲਗਾਤਾਰ ਆਪਣੇ ਆਪ ਨੂੰ ਸੰਸਾਰਕ ਚੀਜ਼ ਨਾਲ ਜੋੜ ਲੈਂਦੇ ਹੋ। ਮੁੜੋ ਆਪਣੇ ਘਰ ਆਓ।

ਸਾਰਾ ਸੰਸਾਰ ਦੁਖੀ ਹੈ, ਇਹ ਸੰਸਾਰ ਹੀ ਬੁਰਾ ਕਹਿ ਲਓ, ਦੁੱਖਾਂ ਦਾ ਘਰ ਹੈ। ਕਹਿੰਦੇ ਹਨ ਸੰਸਾਰ ਮਾੜਾ ਹੈ, ਇਹ ਰਚਨਾ ਹੀ ਭੈੜੀ ਹੈ, ਬੁਰੀ ਹੈ ਪਰ ਇਹ ਸੱਚ ਨਹੀਂ। ਮਾਨਵਤਾ ਨੇ ਆਪਣੇ ਲਈ ਆਪ ਹੀ ਦੁਖ ਸੰਤਾਪ ਬਣਾਇਆ ਹੋਇਆ ਹੈ। ਮਾਨਵਤਾ ਨੇ ਆਪ ਹੀ ਘੁੰਮਣ ਘੇਰੀ ਬਣਾਈ ਹੋਈ ਹੈ, ਜਿਸ ਵਿਚੋਂ ਉਹ ਬਾਹਰ ਨਹੀਂ ਆ ਸਕਦੇ, ਯੋਗ ਸੂਤਰ ਕਹਿੰਦਾ ਹੈ। ਆਪਣੇ ਆਪ ਨੂੰ ਜਾਣੋ। (Know thyself) ਤੁਸੀਂ ਇਹ ਕਰ ਸਕਦੇ ਹੋ। ਤੁਹਾਡੇ ਕੋਲ ਇਹ ਕਰਨ ਲਈ ਸਭ ਕੁਛ ਹੈ। ਸ਼ਰਤ ਇਕ ਹੈ ਤੁਹਾਨੂੰ ਇਹ ਮੰਨਣਾ ਪਵੇਗਾ ਕਿ ਤੁਹਾਨੂੰ ਆਪਾ ਸੋਧਣ ਦੀ ਲੋੜ ਹੈ। ਸੂਤਰ ਤੁਹਾਨੂੰ ਇਹ ਵੀ ਦਸਦੇ ਹਨ ਕਿ ਕਿਵੇਂ ਤੁਸੀਂ ਆਪਣੇ ਆਪ ਨੂੰ ਸੋਧਣਾ ਹੈ, ਉਹ ਅਨੁਸ਼ਾਸਨ ਤੁਹਾਡੇ ਉਤੇ ਥੋਪਦੇ ਨਹੀਂ। ਕਿਸੇ ਤਰ੍ਹਾਂ ਦਾ ਵੀ ਕੋਈ ਇਲਾਹੀ ਹੁਕਮ ਨਹੀਂ ਹੈ, ਕਿਤੇ ਵੀ ਇਸ ਤਰ੍ਹਾਂ ਨਹੀਂ ਕਿਹਾ ਗਿਆ, ਜੇ ਤੁਸੀਂ ਇਸ ਤਰ੍ਹਾਂ ਨਹੀਂ ਕਰੋਗੇ, ਤੁਸੀਂ ਨਰਕ ਜਾਓਗੇ। ਇਸ ਤਰ੍ਹਾਂ ਦੀ ਕੋਈ ਧਾਰਨਾ ਹੀ ਨਹੀਂ। ਸੰਸਾਰ ਦੇ ਸਾਰੇ ਮਜ਼ਹਬ ਤੁਹਾਨੂੰ ਦਸਦੇ ਹਨ-ਇਹ ਕਰੋ, ਇਹ ਨਾ ਕਰੋ, ਪਰ ਉਹ ਇਹ ਨਹੀਂ ਦਸਦੇ ਕਿਸ ਤਰ੍ਹਾਂ ਕਰਨਾ ਹੈ। ਯੋਗਾ ਤੁਹਾਨੂੰ ਦਸਦਾ ਹੈ ਕਿਸ ਤਰ੍ਹਾਂ ਕਰਨਾ ਹੈ। ਸਭ ਤੋਂ ਪਹਿਲਾਂ ਜੋ ਕਰਨ ਦੀ ਲੋੜ ਹੈ ਉਹ ਹੈ ਆਪਣੇ ਆਪ ਨੂੰ ਸੰਸਾਰਕ ਵਸਤੂਆਂ ਨਾਲ ਜੋੜਨਾ ਬੰਦ ਕਰੋ ਆਪਣੇ ਆਪ ਨੂੰ ਜਾਂਚੋ, ਘੋਖੋ, ਛੇਤੀ ਹੀ ਦੇਖੋਗੇ ਕਿ ਤੁਸੀਂ ਸਰੀਰ ਤੋਂ ਵੱਖਰੇ ਹੋ, ਇਹ ਕਰਨ ਲਈ ਲੋੜ ਹੈ ਆਪਣੇ ਆਪ ਨੂੰ ਅਨੁਸਾਸ਼ਨ ਵਿਚ ਲਿਆਉਣ ਦੀ, ਆਪਣੀ ਚੇਤਨਾ ਨੂੰ ਜਾਚਣ ਦੀ, ਦੇਖਣ ਦੀ।

## ਅਨੁਸ਼ਾਸਨ ਤੋਂ ਭਾਵ ਹੈ ਪੂਰਾ ਧਿਆਨ

ਅਨੁਸ਼ਾਸਨ ਆਪਣੇ ਆਪ ਤੇ ਥੋਪੋ ਨਾ, ਆਪਣੇ ਆਪ ਲਈ ਸਮੱਸਿਆ ਖੜ੍ਹੀ ਨਾ ਕਰੋ, ਇਹ ਨਾ ਕਹੋ ਮੈਂ ਕੱਲ੍ਹ ਤੋਂ ਝੂਠ ਨਹੀਂ ਬੋਲਾਂਗੀ। ਮੈਂ ਕੁੱਠਾ ਨਹੀਂ ਖਾਵਾਂਗੀ। ਆਪਣੇ ਆਪ ਨਾਲ ਨਰਮ ਰਹੋ, ਹਲੀਮੀ 'ਚ ਰਹੋ ਕਿਉਂਕਿ ਨਿਮਰਤਾ ਹੀ ਸ਼ਕਤੀ ਹੈ। ਦੂਸਰਿਆਂ ਨਾਲ ਨਰਮ ਰਹੋ, ਆਪਣੇ ਆਪ ਨਾਲ ਨਰਮ ਰਹੋ, ਹਿੰਸਕ ਲੋਕ ਇਸ ਕਰਕੇ ਹਿੰਸਕ ਹੁੰਦੇ ਹਨ ਕਿਉਂਕਿ ਉਹ ਆਪਣੇ ਅੰਦਰ ਸ਼ਾਂਤ ਨਹੀਂ ਹੁੰਦੇ। ਹਲੀਮੀ ਨਾਲ ਰਹੋ, ਨਰਮ ਰਹੋ। ਜੇਕਰ ਤੁਸੀਂ ਨਰਮ ਰਹੋਗੇ ਤਾਂ ਹੀ ਤੁਸੀਂ ਸੋਚਣੀ, ਕਥਨੀ, ਕਰਨੀ ਵਿਚ ਹਲੀਮੀ ਦਿਖਾ ਸਕੋਗੇ। ਉਦੋਂ ਹੀ ਤੁਹਾਡੇ ਅੰਦਰੋਂ ਆਪਣੇ ਆਪ ਹੀ ਹਲੀਮੀ ਪ੍ਰਗਟ ਹੋਵੇਗੀ। ਅਨੁਸ਼ਾਸਨ ਤੋਂ ਭਾਵ ਹੈ ਮੈਂ ਸਾਰੇ ਜਤਨ, ਜੰਤਰ ਆਪਣੀ ਸਮਰੱਥਾ ਅਨੁਸਾਰ ਵਰਤਾਂਗੀ। ਇਸ ਦਾ ਅਰਥ ਹੈ ਮੈਨੂੰ ਧਿਆਨ ਦੇਣਾ ਸਿਖਣਾ ਚਾਹੀਦਾ ਹੈ, ਪੂਰੀ ਤਰ੍ਹਾਂ ਧਿਆਨ ਦੇਣਾ ਚਾਹੀਦਾ ਹੈ ਜਿਸ ਵਿਚ ਕੋਈ ਸ਼ਕਤੀ ਖ੍ਹੈ ਨਹੀਂ ਹੋਣੀ ਚਾਹੀਦੀ। ਕੋਈ ਵਿਆਕੁਲਤਾ ਨਹੀਂ ਹੋਣੀ ਚਾਹੀਦੀ, ਕੋਈ ਵਿਘਨ ਨਹੀਂ ਹੋਣਾ ਚਾਹੀਦਾ। ਮੈਂ ਜੋ ਵੀ ਕਰਾਂ ਪੂਰੇ ਧਿਆਨ ਨਾਲ ਕਰਾਂ।

ਜੋ ਕਰੋ ਉਸ ਨੂੰ ਸੁਖ ਨਾਲ ਕਰੋ ਉਸ ਵਿਚੋਂ ਸੁਆਦ ਮਾਣੋ। ਆਪਣਾ ਸਾਰਾ ਜੀਵਨ ਸੁਆਦ ਮਾਨਣ ਲਈ, ਪਲੈਨ ਕਰੋ, ਪਰ ਤੁਸੀਂ ਕਰਦੇ ਨਹੀਂ ਜਿਸ ਕਰਕੇ ਤੁਹਾਨੂੰ ਸਮੱਸਿਆ ਆਉਂਦੀ ਹੈ ਕਿਉਂ? ਕਿਉਂਕਿ ਤੁਸੀਂ ਧਿਆਨ ਨਹੀਂ ਦਿੰਦੇ, ਤੁਸੀਂ ਸਮੱਸਿਆ ਖੜ੍ਹੀਆਂ ਕਰ ਲੈਂਦੇ ਹੋ, ਜਦੋਂ ਤੁਸੀਂ ਦੇਖਦੇ ਹੋ, ਤੁਹਾਡੀ ਅਣਜਾਣਤਾ ਕਾਰਣ ਗਲਤ ਹੋ ਗਿਆ ਹੈ, ਤੁਸੀਂ ਉਸ ਨੂੰ ਪਾਪ ਕਰਕੇ ਮਨ ਲੈਂਦੇ ਹੋ, ਫੇਰ ਤੁਸੀਂ ਛੱਡ ਦਿੰਦੇ ਹੋ। ਕਹਿੰਦੇ ਹੋ, ਮੈਂ ਇਹ ਨਹੀਂ ਕਰ ਸਕਦਾ, ਤੁਸੀਂ ਕਹਿੰਦੇ ਹੋ, ਰੱਬ ਮੈਨੂੰ ਕਿਵੇਂ ਮਾਫ ਕਰੇਗਾ? ਲੋੜ ਹੈ ਤੁਹਾਨੂੰ ਆਪਣੇ ਆਪ ਨੂੰ ਮਾਫ ਕਰਨ ਦੀ, ਪੰਤਾਜਲ ਅਨੁਸਾਰ ਤੁਸੀਂ ਪਾਪੀ ਨਹੀਂ ਹੋ। ਆਪਣੇ ਆਪ ਨੂੰ ਕਮਜ਼ੋਰ ਨਾ ਬਣਾਓ। ਇਸ ਗੱਲ ਨੂੰ ਬਿਲਕੁਲ ਨਾ ਮੰਨੋ ਕਿ ਤੁਸੀਂ ਪਾਪੀ ਹੋ ਪਰ ਇਕ ਗੱਲ ਹੈ ਤੁਸੀਂ ਆਪਣੇ ਆਪ ਲਈ ਰੁਕਾਵਟਾਂ ਜ਼ਰੂਰ ਖੜ੍ਹੀਆਂ ਕਰ ਲੈਂਦੇ ਹੋ। ਇਸ ਗੱਲ ਤੇ ਚਿੰਤਨ ਕਰੋ।

*'ਚਲਦਾ........................./'*

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ ਰਤਵਾੜਾ ਸਾਹਿਬ, ਸਮਾਂ-12.00 ਤੋਂ 4.00 ਵਜੇ ਤੱਕ ।**
**ਪੂਰਨਮਾਸ਼ੀ - 2 ਅਤੇ 31 ਜਨਵਰੀ, ਦਿਨ ਮੰਗਲਵਾਰ ਅਤੇ ਬੁੱਧਵਾਰ**
**(ਸਮਾਂ - ਦੁਪਹਿਰ 12.00 ਤੋਂ 4.00 ਵਜੇ ਤੱਕ)**
**ਸੰਗਰਾਂਦ - ਮਾਘਿ, 14 ਜਨਵਰੀ, ਦਿਨ ਐਤਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**
**ਅੰਮ੍ਰਿਤ ਸੰਚਾਰ - ਮਹੀਨੇ ਦੇ ਪਹਿਲੇ ਐਤਵਾਰ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਦਿਨੇ 11 ਵਜੇ ਹੁੰਦਾ ਹੈ।**

*(ਪੰਨਾ 24 ਦੀ ਬਾਕੀ)*

ਸੋ ਇਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ! ਇਹ ਮਹਾਨ ਦਿਨ ਇਕੱਲਾ ਸਿੱਖਾਂ ਵਾਸਤੇ ਮਹੱਤਤਾ ਨਹੀਂ ਰਖਦਾ, ਨਾ ਇਕੱਲੇ ਹਿੰਦੋਸਤਾਨ ਵਾਸਤੇ ਰਖਦਾ ਹੈ। ਇਹ ਤਾਂ ਸਾਰੀ ਦੁਨੀਆਂ ਦਾ ਇੱਕ ਸਾਂਝਾ ਦਿਨ ਹੈ ਜਿਸ ਦਿਨ ਇਕ ਐਸਾ ਕੌਤਕ ਹੋਇਆ ਕਿ ਬੇਗਾਨੇ ਧਰਮ ਵਾਸਤੇ ਸ਼ਹੀਦੀ ਦਿੱਤੀ ਗਈ। ਭਾਵੇਂ ਉਸ ਤੋਂ ਬਾਅਦ ਅਸੀਂ ਬਦਲਾ ਭਾਲਦੇ ਸੀ, ਪਹਾੜੀ ਰਾਜੇ ਗੁਰੂ ਮਹਾਰਾਜ ਦੇ ਨਾਲ ਮੇਲ ਰਖਦੇ ਤੇ ਫੌਜਾਂ ਨਾ ਚਾੜ੍ਹਦੇ। ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦਾ ਕਾਰਨ ਨਾ ਬਣਦੇ, ਪਰ ਸੰਸਾਰ ਤਾਂ ਐਸੇ ਤਰ੍ਹਾਂ ਦਾ ਹੈ। ਬਵੰਜਾ ਰਾਜਿਆਂ ਨੂੰ ਗੁਰੂ ਛੇਵੇਂ ਪਾਤਸ਼ਾਹ ਨੇ ਉਮਰ ਕੈਦ 'ਚੋਂ ਕੱਢ ਕੇ ਮੁੜ ਕੇ ਗੱਦੀਆਂ 'ਤੇ ਬਿਠਾਇਆ। ਪਰ ਕਿੰਨੇ ਕੁ ਸੀਗੇ ਜਿਨ੍ਹਾਂ ਨੇ ਗੁਰੂ ਮਹਾਰਾਜ ਦੀ ਸਹਾਇਤਾ ਕਰੀ। ਦੂਸਰੇ ਪਾਸੇ ਇਸਲਾਮ ਵਾਲੇ ਨੇ। ਮੈਂ ਇਹ ਬੇਨਤੀ ਤਾਂ ਕਰ ਰਿਹਾ ਹਾਂ ਕਿ ਸਾਡੇ ਮਨਾਂ 'ਚ ਘਿਰਣਾ ਹੋ ਜਾਂਦੀ ਹੈ ਕਿ ਪਤਾ ਨਹੀਂ ਮੁਸਲਮਾਨ ਮਾੜਾ ਹੈ। ਨਾ ਮੁਸਲਮਾਨ ਨਹੀਂ ਮਾੜਾ, ਰਾਜ ਮਾੜਾ ਹੁੰਦਾ ਹੈ। ਬੰਦਾ ਕੋਈ ਮਾੜਾ ਨਹੀਂ ਹੁੰਦਾ। ਮੁਸਲਮਾਨਾਂ ਨੇ ਜਿੰਨੀ ਮਦਦ ਗੁਰੂ ਦਸ਼ਮੇਸ਼ ਪਿਤਾ ਦੀ ਕੀਤੀ ਹੈ ਹਰ ਸੰਕਟ ਦੇ ਵਿਚ ਕਿਤੇ ਮੰਜੇ 'ਤੇ ਬਿਠਾ ਕੇ ਚੁੱਕੀਂ ਫਿਰਦੇ ਨੇ, ਕਿਤੇ ਗਵਾਹੀਆਂ ਦਿੰਦੇ ਨੇ, ਨਿਹੰਗ ਖਾਨ ਆਪਣੇ ਕਿਲ੍ਹੇ ਵਿੱਚ ਲਿਜਾ ਕੇ, ਦੂਜਿਆਂ ਨੂੰ ਮਰਨ ਮਾਰਨ ਨੂੰ ਤਿਆਰ ਹੋ ਜਾਂਦਾ ਹੈ। ਰਾਇਕੋਟ ਵਾਲਾ ਜਿਹੜਾ ਮੀਰ ਕੱਲਾ ਸੀ ਮੁਸਲਮਾਨ, ਨਵਾਬ ਸਰਹੰਦ ਦਾ ਜ਼ੋਰ ਲਾ ਰਿਹਾ ਸੀ ਕਿ ਮੈਨੂੰ ਗੁਰੂ ਗੋਬਿੰਦ ਸਿੰਘ ਫੜਾ ਦੇ, ਅੱਜ ਕਿਸੇ ਦੀ ਜ਼ੁਰਅੱਤ ਹੈ ਕਿ ਆਪਣੇ ਵੱਡੇ ਰਾਜ ਦੇ ਖਿਲਾਫ ਕੋਈ ਗੱਲ ਕਰ ਲਵੇ। ਇਹ ਓਹੀ ਸੀਗੇ ਜਿਨ੍ਹਾਂ ਨੇ ਸਾਥ ਦਿੱਤੇ। ਇਹ ਨਾ ਸੋਚੋ ਕਿ ਇਸਲਾਮ ਵਾਲੇ ਮਾੜੇ ਸੀਗੇ, ਉਨ੍ਹਾਂ ਵਿਚ ਵੀ ਬੜੇ ਗੁਣ ਨੇ, ਹਿੰਦੂਆਂ 'ਚ ਵੀ ਬਹੁਤ ਸੋਹਣੇ ਨੇ। ਬੰਦਾ ਜਿੱਥੇ ਚੰਗਾ ਹੈ ਉਹ ਸਾਰਿਆਂ ਦੇ ਵਿਚ ਹੈ, ਇੱਕ ਦਮ ਕੌਮ ਨੂੰ ਰੱਦ ਦੇਣਾ ਦੋ-ਚਾਰ-ਦੱਸ ਬੰਦਿਆਂ ਦੀ ਗਲਤੀ ਤੇ ਉਹ ਗੱਲ ਗਲਤ ਹੋਇਆ ਕਰਦੀ ਹੈ। ਸੋ ਸਮਾਂ ਹੁਣ ਇਜਾਜ਼ਤ ਨਹੀਂ ਦਿੰਦਾ, ਇੱਥੇ ਹੀ ਸਮਾਪਤੀ ਹੈ।

****************************************************************************************************

*(ਪੰਨਾ 49 ਦੀ ਬਾਕੀ)*

ਹਮਲਾਵਰ ਸੀ ਨਵਾਬ ਸਰਹੰਦ...। ਗੁਰੂ ਜੀ ਚਮਕੌਰ ਸਾਹਿਬ ਤੋਂ ਮਾਛੀਵਾੜਾ, ਘੁਲਾਲ, ਕਨੇਚ, ਹੇਹਰ, ਜੱਟਪੁਰਾ, ਦੀਨਾ, ਗੁਰਸਰ, ਭਗਤਾ, ਭੂੰਦੜ, ਬਾਬਲ, ਕੋਟਕਪੂਰਾ, ਢਿਲਵਾ, ਪਤੋ, ਜੈਤੋ, ਮਨੋਆਣਾ ਹੁੰਦੇ ਖਿਦਰਾਣੇ ਦੀ ਢਾਬ ਪੁੱਜੇ ਹੀ ਸਨ ਕਿ ਸ਼ਾਹੀ ਫੌਜਾਂ ਨੇ ਹੱਲਾ ਬੋਲ ਦਿਤਾ। ਦੂਜੇ ਪਾਸੇ ਜਿਹੜੇ ਸਿੰਘ ਬੇਦਾਵਾ ਲਿਖ ਕੇ ਦੇ ਗਏ, ਮਾਤਾ ਭਾਗ ਕੌਰ ਦੀ ਵੰਗਾਰ ਸੁਣ ਕੇ ਖਿਮਾ ਮੰਗਣ ਤੁਰੇ ਹੋਏ ਸੀ। ਪਾਣੀ ਨੇੜੇ ਜਾਣ ਕੇ ਗੁਰੂ ਜੀ ਨੇ ਖਿਦਰਾਣੇ ਦੀ ਢਾਬ ਮੋਰਚਾ ਲਾ ਲਿਆ। ਮਾਝੇ ਤੋਂ ਆਏ ਸਿੰਘਾਂ ਨੇ ਜਾ ਮੁਗਲਾਂ ਨੂੰ ਘੇਰਿਆ। ਬੇਦਾਵਾ ਵਾਲੇ ਸਿੰਘ ਵੀ ਆ ਰਲੇ। ਬੜੇ ਘਮਸਾਨ ਦਾ ਯੁੱਧ ਹੋਇਆ। ਸ਼ਾਹੀ ਫੌਜਾਂ ਸਿੰਘਾਂ ਦੀ ਤਾਬ ਨਾ ਝਲਦਿਆਂ ਨੱਠ ਗਈਆਂ। ਏਥੇ ਹੀ ਗੁਰੂ ਜੀ ਨੇ ਜ਼ਖਮੀ ਪਏ ਸਿੰਘਾਂ ਨੂੰ ਰਾਜ ਸਾਜ ਪਾਤਸ਼ਾਹੀਆਂ ਬਖਸ਼ੀਆਂ ਤੇ ਭਾਈ ਮਹਾਂ ਸਿੰਘ ਨੇ ਬੇਦਾਵਾ ਪਾੜਨ ਲਈ ਜੋਦੜੀ ਕੀਤੀ। ਗੁਰੂ ਜੀ ਨੇ ਬੇਦਾਵਾ ਫਾੜ ਭਾਈ ਮਹਾਂ ਸਿੰਘ ਨੂੰ ਗਲ ਲਾਇਆ ਤੇ ਨਿਹਾਲੋ ਨਿਹਾਲ ਕਰ ਦਿਤਾ। ਗੁਰੂ ਜੀ ਦੇ ਹੱਥਾਂ ਵਿਚ ਹੀ ਭਾਈ ਸਾਹਿਬ ਨੇ ਪ੍ਰਾਣ ਤਿਆਗੇ। ਏਥੇ ਸਭ ਸ਼ਹੀਦਾਂ ਦੀ ਯਾਦ ਵਿਚ 'ਸ਼ਹੀਦ ਗੰਜ' ਬਣਾਇਆ ਤੇ ਫੁਰਮਾਇਆ -

*ਮੁਕਤੇ ਸਬੈ ਵਹੁ ਪਯਾਰੇ।*

ਅਤੇ ਖਿਦਰਾਣੇ ਦੀ ਢਾਬ ਦਾ ਨਾਮ ਸ੍ਰੀ ਮੁਕਤਸਰ ਸਾਹਿਬ ਪ੍ਰਸਿੱਧ ਹੋਇਆ -

*ਸਿਰ ਦੇ ਸਭ ਮੁਕਤੇਸਰ ਲਰੇ॥ ਨਾਮ ਮੁਕਤਸਰ ਤਾ ਤੇ ਧਰੇ॥*

ਮੁਕਤਸਰ ਦੇ ਸਮੂੰਹ ਸ਼ਹੀਦਾਂ ਨੂੰ ਪ੍ਰਣਾਮ, ਲਖ-ਲਖ ਵਾਰੀ ਪ੍ਰਣਾਮ।

# ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

### ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ

**VGRMCT/Atam Marg Magazine**
**S/B A/C No. 1286100000003** **RTGS/IFSC Code - PSIB0021286**
**Branch Code - C1286**

### ਦਸਵੰਧ ਭੇਜਣ ਲਈ –

**Vishav Gurmat Roohani Mission Charitable Trust**
**SB A/C No. 12861100000005** **RTGS/IFSC Code - PSIB0021286**
**Branch Code - C1286**

## ਵਿਦੇਸ਼ (Abroad)

**Vishav Gurmat Roohani Mission Charitable Trust**
**Punjab National Bank**
**SB A/C No. 0779000100179603**
**RTGS/IFSC Code - PUNB0077900**
**Branch Code - 077900**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ **Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901** ਨੂੰ ਭੇਜਿਆ ਜਾਵੇ ਜੀ। ਜੇਕਰ **Online** ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ **sms** ਕੀਤਾ ਜਾਵੇ।

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "VGRMCT/ATAM MARG MAGAZINE" ਦੇ ਨਾਂ ਤੇ ਭੇਜਿਆ ਜਾਵੇ ਜੀ।

✓ ☐ ਨਵੀਂ ਮੈਂਬਰਸ਼ਿਪ ☐ ਰਿਨਿਊਵਲ ☐ ਲਾਈਫ ਮੈਂਬਰਸ਼ਿਪ

**within India**

| Subscription Period | By Ordinary Post/Cheque | By Registered Post/Cheque |
|---|---|---|
| 1 Year | Rs. 300/320 | |
| 3 Year | Rs. 750/770 | |
| 5 Year | Rs. 1200/1220 | |
| Life | Rs 3000/3020 | |

*Foreign Membership*

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Euro | 50 € | 500 € |

ਪੁਰਾਣੇ ਅੰਕ ਮੰਗਵਾਉਣ ਲਈ ਟਿਕ ਕਰੋ ਜੀ
ਜਨਵਰੀ ☐ ਫਰਵਰੀ ☐ ਮਾਰਚ ☐ ਅਪ੍ਰੈਲ ☐ ਮਈ ☐ ਜੂਨ ☐ ਜੁਲਾਈ ☐ ਅਗਸਤ ☐ ਸਤੰਬਰ ☐ ਅਕਤੂਬਰ ☐ ਨਵੰਬਰ ☐ ਦਸੰਬਰ ☐

ਨਾਮ/Name ਅਤੇ ਪਤਾAddress..........................................................................
..........................................................................................
.............................Pin Code.......................................Phone........................ E-mail :............................

ਮੈਂ.....................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......................ਮਿਤੀ...........................ਰਾਹੀਂ ਭੇਜ ਰਿਹਾ ਹਾਂ।

ਦਸਖਤ......................

# ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ, ਰਤਵਾੜਾ ਸਾਹਿਬ

**ਸਮਾਂ : ਸਵੇਰੇ 9.30 ਤੋਂ 2.00 ਤੱਕ (ਐਤਵਾਰ ਤੋਂ ਸ਼ੁਕਰਵਾਰ)**

**ਡਾਕਟਰਾਂ ਦਾ ਸਮਾਂ - ਸਵੇਰੇ 10.00 ਤੋਂ 12.00 ਤੱਕ**

**ਫੋਨ ਨੰ: 98786-95178, 92176-93845,**

| | ਡਾਕਟਰ ਦਾ ਨਾਮ | ਸਪੈਸ਼ਲਿਸਟ | ਦਿਨ |
|---|---|---|---|
| 1. | ਡਾ. ਜਸਬੀਰ ਕੌਰ | ਜਨਰਲ ਮੈਡੀਸਨ | ਸੋਮਵਾਰ |
| 2. | ਡਾ. ਸਵੇਤਾ | ਫੀਜ਼ੀਓਥਰੈਪਿਸਟ | ਸੋਮਵਾਰ ਤੋਂ ਸ਼ੁਕਰਵਾਰ |
| 3. | ਡਾ. ਹਰਬੰਸ ਸਿੰਘ | ਹੱਡੀਆਂ ਅਤੇ ਜੋੜਾਂ ਦੇ ਮਾਹਿਰ | ਮੰਗਲਵਾਰ |
| 4. | ਡਾ. ਤੇਜਿੰਦਰ ਸਿੰਘ | ਜਨਰਲ ਮੈਡੀਸਨ | " |
| 5. | ਜੇ.ਪੀ.ਆਈ ਹਸਪਤਾਲ ਮੋਹਾਲੀ ਵਲੋਂ ਡਾਕਟਰ | ਅੱਖਾਂ ਦੇ ਮਾਹਿਰ | " |
| 6. | ਸ੍ਰੀ ਮਾਈਕਲ ਜੀ | ਐਕਸਰੇ ਸਪੈਸ਼ਲਿਸਟ | ਮੰਗਲਵਾਰ ਅਤੇ ਵੀਰਵਾਰ |
| 7. | ਡਾ. ਭਗਤ ਸਿੰਘ ਮੱਕੜ | ਜਨਰਲ ਮੈਡੀਸਨ/ਈ.ਐਨ.ਟੀ/ਬਲੱਡ ਸ਼ੂਗਰ | ਬੁੱਧਵਾਰ |
| 8. | ਡਾ. ਜੇ. ਐਸ. ਗੁਜਰਾਲ | ਜਨਰਲ ਮੈਡੀਸਨ/ਬੱਚਿਆਂ ਦੇ ਸਪੈਸ਼ਲਿਸਟ | " |
| 9. | ਡਾ. ਆਰ.ਐਸ ਸੰਧੂ | ਹੱਡੀਆਂ ਅਤੇ ਜੋੜਾਂ ਦੇ ਸਪੈਸ਼ਲਿਸਟ | ਵੀਰਵਾਰ |
| 10. | ਡਾ. ਸੰਤੋਸ਼ ਅਨੇਜਾ | ਜਨਰਲ ਮੈਡੀਸਨ | " |
| 11. | ਡਾ. ਐਸ.ਕੇ ਬਾਂਸਲ | ਜਨਰਲ ਮੈਡੀਸਨ | ਸ਼ੁਕਰਵਾਰ |
| 12. | ਡਾ. ਵਰਿੰਦਰ ਸਿੰਘ | ਜਨਰਲ ਮੈਡੀਸਨ ਅਤੇ ਚਮੜੀ ਰੋਗਾਂ ਲਈ, ਏਅਰੋ ਸਪੇਸ ਮੈਡੀਸਨ | " |
| 14. | ਡਾ. ਭਗਤ ਸਿੰਘ ਮੱਕੜ | ਜਨਰਲ ਮੈਡੀਸਨ/ਈ.ਐਨ.ਟੀ/ਬਲੱਡ ਸ਼ੂਗਰ | ਐਤਵਾਰ |
| 15. | ਡਾ. ਜਿੰਦਲ, ਡਾ. ਗਰਗ | ਜਨਰਲ ਮੈਡੀਸਨ | " |
| 16. | ਡਾ. ਗੁਰਪ੍ਰੀਤ ਕੌਰ ਗਿੱਲ | ਹੋਮਿਓਪੈਥਿਕ | ਬੁੱਧਵਾਰ |

# ਲੈਬੋਰੇਟਰੀ ਟੈਸਟ ਅਤੇ ਹੋਰ ਸਹੂਲਤਾਂ

**1. ਬਲੱਡ ਟੈਸਟ, 2. ਸਾਰੇ ਬਲੱਡ ਸੈੱਲ ਕਾਊਂਟ ਟੈਸਟ 3. ਬਲੱਡ ਸ਼ੂਗਰ ਟੈਸਟ 4. ਕਿਡਨੀ ਟੈਸਟ 5. ਲਿਵਰ ਟੈਸਟ 6.ਲਿਪਿਡ ਪਰੋਫਾਈਲ ਟੈਸਟ 7. ਥਾਇਰਾਇਡ ਟੈਸਟ, 8. ਹਿਮਿਓਗਲੋਬਿਨ ਟੈਸਟ 9. ਪੇਸ਼ਾਬ ਟੈਸਟ (ਰੁਟੀਨ ਅਤੇ ਕਲਚਰ) 10. ਸਟੂਲ ਟੈਸਟ, 11. ਈ.ਸੀ.ਜੀ , 12. ਐਕਸਰੇ**

*** ਸਾਰੇ ਲੈਬੋਰੇਟਰੀ ਟੈਸਟ ਅੱਧੀ ਕੀਮਤ ਤੇ ਕੀਤੇ ਜਾਂਦੇ ਹਨ ਅਤੇ ਮਰੀਜ਼ਾਂ ਨੂੰ ਦਵਾਈਆਂ ਬਿਨਾਂ ਮੋਖ (ਫਰੀ) ਦਿਤੀਆਂ ਜਾਂਦੀਆਂ ਹਨ।**

## ਜ਼ਰੂਰੀ ਸੂਚਨਾ

**ਹਰ ਐਤਵਾਰ ਨੂੰ ਹਸਪਤਾਲ ਖੁੱਲ੍ਹਾ ਰਹਿੰਦਾ ਹੈ। ਸਮਾਂ 11.00 ਤੋਂ 1.00 ਤੱਕ।**
**ਹਰ ਸ਼ਨਿੱਚਰਵਾਰ ਨੂੰ ਛੁੱਟੀ ਹੁੰਦੀ ਹੈ ।**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/– | 70/– |
| 2. | ਕਿਵ ਕੂੜੈ ਤੁਟੈ ਪਾਲਿ | 120/– | 35/– |
| 3. | ਬਾਤ ਅਗੰਮ ਕੀ | 400/– | 400/– |
| 4. | ਕਿਵ ਸਚਿਆਰਾ ਹੋਈਐ – | 400/– | |
| 5. | ਹੋਵੈ ਅਨੰਦੁ ਘਣਾ | | 30/– |
| 6. | ਚਉਥੈ ਪਹਰਿ ਸਬਾਹ ਕੈ | 55/– | 60/– |
| 7. | ਸੁਰਤਿਆਂ ਉਪਜੈ ਚਾਉ | 40/– | 60/– |
| 8. | ਬਾਬਾਣੀਆਂ ਕਹਾਣੀਆਂ | 50/– | 50/– |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/– | 10/– |
| 10. | ਅੰਮ੍ਰਿਤ ਫੁਹਾਰ | 10/– | 10/– |
| 11. | ਅਗੰਮ ਅਗੋਚਰ ਦਾ ਮਾਰਗ | 60/– | 70/– |
| 12. | ਪੁਰਾਤਨ ਟੀਕਾ – ਜਪੁਜੀ ਸਾਹਿਬ | 30/– | |
| 13. | ਅਮਰ ਜੋਤਾਂ | 20/– | 15/– |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/– | |
| 15. | ਅਮਰ ਗਾਥਾ | 200/– | 100/– |
| 16. | ਧਰਮ ਯੁਧ ਕੇ ਚਾਇ | 50/– | |
| 17. | ਪਵਿੱਤਰ ਪੈਂਡਾ | 25/– | |
| 18. | ਭਗਤ ਪ੍ਰਹਿਲਾਦ | 10/– | 10/– |
| 19. | ਵੈਸਾਖੀ | 10/– | 10/– |
| 20. | ਸਾਜਨ ਚਲੇ ਪਿਆਰਿਆ | | 10/– |
| 21. | ਅਬਿਨਾਸੀ ਜੋਤ ਭਾਗ – 1 | 90/– | 90/– |
| 22. | ਅਬਿਨਾਸੀ ਜੋਤ ਭਾਗ – 2 | 90/– | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/– | |
| 25. | ਗੁਰੂ ਅਮਰਦਾਸ ਪਰਸੀਐ | 100/– | |
| 26. | ਅਨੰਦਮਈ ਜੀਵਨ ਜਾਚ | 50/– | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/– | |
| 28. | ਅਨੁਭਵੀ ਪ੍ਰਵਚਨ | 300/– | |
| 29. | ਅੰਦਰਲੀ ਖੋਜ | 300/– | |
| 30. | ਸਿਮਰਤ ਕਹਾਂ ਨਹੀਂ | 300/– | |
| 31. | ਰੂਹਾਨੀ ਪ੍ਰਵਚਨ | 35/– | |
| 32. | 'ਸੇਵਾ ਸਿਮਰਨ ਜੁਗਤੀਆਂ | 250/– | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/– | |
| 34. | ਜੀਵਨ ਜੁਗਤਿ | 440/– | |
| 35. | ਮਾਰਗ ਚੋਣ | 60/– | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/– | |
| 37. | ਆਤਮ ਗਿਆਨ ਭਾਗ – 1 | 120/– | |
| 38. | ਜਨਮ ਪਦਾਰਥੁ ਸਫਲੁ ਹੋਇ | 120/– | |
| 39. | ਜਨ ਪਰਉਪਕਾਰੀ ਆਏ (ਭਾਗ –1) | 65/– | |
| 40. | ਜਨ ਪਰਉਪਕਾਰੀ ਆਏ (ਭਾਗ –2) | 65/– | |
| 41. | ਗੁਰ ਅੰਗਦ ਅਮਰ ਨਿਧਾਨ | 10/– | |
| 42. | ਕਲਜੁਗਿ ਜਹਾਜ ਅਰਜੁਨ ਗੁਰ | 100/– | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 43. | ਧਰਮ ਹੇਤਿ ਸਾਕਾ | 20/– |
| 44. | ਮੰਝ ਗੁਰੂ ਕਾ ਬੋਹਿਥਾ | 30/– |
| 45. | ਜਾ ਕੈ ਮਨਿ ਗੁਰ ਕੀ ਪਰਤੀਤ | 30/– |
| 46. | ਗੁਰੂ ਗ੍ਰੰਥ ਜੀ ਮਾਨਿਉ | 10/– |
| 47. | ਬਾਬਾ ਬੰਦਾ ਸਿੰਘ ਬਹਾਦਰ | 10/– |
| 48. | ਤ੍ਰੈ ਸ਼ਤਾਬਦੀ | 20/– |
| 49. | ਆਤਮ ਗਿਆਨ ਭਾਗ – 2 | 120/– |
| 50. | ਆਤਮ ਗਿਆਨ ਭਾਗ – 3 | 120/– |
| 51. | ਭਗਵਤ ਗੀਤਾ ਦੀ ਚਿਰ ਸਥਾਈ... | 100/– |

| | English Version | Price |
|---|---|---|
| 1. | Baisakhi (ਵੈਸਾਖੀ) | . 5/- |
| 2. | How Rend The Veil of Untruth (ਕਿਵ ਕੂੜੈ ਤੁਟੈ ਪਾਲਿ) | . 70/- |
| 3. | Discourses on the Beyond-1 (ਬਾਤ ਅਗੰਮ ਕੀ ਭਾਗ ੧) | 50/- |
| 4. | Discourses on the Beyond -2 (ਬਾਤ ਅਗੰਮ ਕੀ ਭਾਗ ੨) | 50/- |
| 5. | Discourses on the Beyond -3 (ਬਾਤ ਅਗੰਮ ਕੀ ਭਾਗ ੩) | 50/- |
| 6. | Discourses on the Beyond -4 (ਬਾਤ ਅਗੰਮ ਕੀ ਭਾਗ ੪) | 60/- |
| 7. | Discourses on the Beyond -5 (ਬਾਤ ਅਗੰਮ ਕੀ ਭਾਗ ੫) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹ ਕੈ) | 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | 80/- |
| 12. | How to Know Thy Real Self-(Vol-2) (ਕਿਵ ਸਚਿਆਰਾ ਹੋਈਐ) | 80/- |
| 13. | How to Know Thy Real Self-(Vol-3) (ਕਿਵ ਸਚਿਆਰਾ ਹੋਈਐ) | 110/- |
| 14. | The Dawn of Khalsa Ideals | . 10/- |
| 15. | A Glimpse of His Holiness - Baba ji | . 5/- |
| 16. | Divine Word Contemplation Path', (ਸੁਰਤਿ ਸਬਦਿ ਮਾਰਗ) | 150/– |
| 17. | The Story of Immortality (ਅਮਰ ਗਾਥਾ) | 260/– |
| 18. | Why not thy contemplate the Lord? (ਸਿਮਰਤ ਕਹਾ ਨਹੀਂ ?) | 200/– |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।**

**A/c Name : VGRMCT / Atam Marg Magazine**

Punjab & Sind Bank – **S/B A/C No. 12861000000003**

**RTGS/IFSC Code - PSIB0021286\ Branch Code - C1286**

**Our Address: VGRMCT, Gurdwara Ishar Parkash, Ratwara Sahib,
(Near New Chandigarh) P.o. Mullanpur Garibdas,
Teh. Kharar, Distt. S.A.S Nagar (Mohali)
140901, Pb. India**